
# ਇਕ ਖ਼ਤ

## ਭਾਈ ਤਾਰੂ ਸਿੰਘ ਦੇ ਵਾਰਿਸਾਂ ਦੇ ਨਾਂ



ਗੁਰਬਾਣੀ ਇਸੁ ਜਗ ਮਹਿ ਚਾਨਣੁ
ੴ
ਸ਼੍ਰੋ: ਗੁ: ਪ੍ਰ:
ਕਮੇਟੀ
ਅੰਮ੍ਰਿਤਸਰ

**ਧਰਮ ਪ੍ਰਚਾਰ ਕਮੇਟੀ**

**(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)**

**ਸ੍ਰੀ ਅੰਮ੍ਰਿਤਸਰ।**

ਭੇਟਾ ਰਹਿਤ

ਪ੍ਰਕਾਸ਼ਕ
ਸਕੱਤਰ, ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ),
ਸ੍ਰੀ ਅੰਮ੍ਰਿਤਸਰ।

ਲੇਖਕ:
ਸ. ਗੁਰਚਰਨਜੀਤ ਸਿੰਘ ਐਡਵੋਕੇਟ

ਸਤੰਬਰ, ੨੦੧੦ ੫੦,੦੦੦

ਛਾਪਣ ਵਾਲੇ:
ਗੋਲਡਨ ਆਫ਼ਸੈਟ ਪ੍ਰੈਸ, (ਸ਼੍ਰੋਮਣੀ ਗੁ:ਪ੍ਰ: ਕਮੇਟੀ),
ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

੧ੴ ਸਤਿਗੁਰ ਪ੍ਰਸਾਦਿ ॥

# ਇਕ ਖ਼ਤ
# ਭਾਈ ਤਾਰੂ ਸਿੰਘ
# ਦੇ ਵਾਰਿਸਾਂ ਦੇ ਨਾਂ

ਗੁਰਚਰਨਜੀਤ ਸਿੰਘ (ਐਡਵੋਕੇਟ)

ਪ੍ਰਕਾਸ਼ਕ
**ਧਰਮ ਪ੍ਰਚਾਰ ਕਮੇਟੀ**
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

# ਸੰਦੇਸ਼

ਮੈਨੂੰ ਇਹ ਜਾਣ ਕੇ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਸ. ਗੁਰਚਰਨਜੀਤ ਸਿੰਘ ਐਡਵੋਕੇਟ ਜਲੰਧਰ ਵੱਲੋਂ ਲਿਖੇ 'ਇਕ ਖ਼ਤ ਭਾਈ ਤਾਰੂ ਸਿੰਘ ਦੇ ਵਾਰਸਾਂ ਦੇ ਨਾਂ' ਦੀ ਦੂਸਰੀ ਐਡੀਸ਼ਨ ਛਾਪੀ ਜਾ ਰਹੀ ਹੈ। ਅੱਜ ਜਦ ਖ਼ਾਲਸਾ ਪੰਥ ਆਪਣੀ ਤੀਜੀ ਸ਼ਤਾਬਦੀ ਬੜੀ ਧੂਮ-ਧਾਮ, ਸ਼ਰਧਾ ਤੇ ਸਤਿਕਾਰ-ਸਹਿਤ ਮਨਾ ਰਿਹਾ ਹੈ, ਤਾਂ ਇਸ ਮੌਕੇ ਗੁਰਸਿੱਖੀ ਦੇ ਪ੍ਰਚਾਰ ਲਈ ਅਜਿਹੀਆਂ ਲਿਖਤਾਂ ਵਿਸ਼ੇਸ਼ ਤੌਰ 'ਤੇ ਲਾਹੇਵੰਦ ਹੋਣਗੀਆਂ, ਇਨ੍ਹਾਂ ਵਲੋਂ ਕੀਤਾ ਗਿਆ ਇਹ ਉੱਦਮ ਬੜਾ ਸ਼ਲਾਘਾਯੋਗ ਹੈ। ਇਸ ਸੁਭਾਗ ਸਮੇਂ ਆਪਣੀਆਂ ਸ਼ੁਭ ਇੱਛਾਵਾਂ ਭੇਜਦੀ ਹੋਈ ਅਰਦਾਸ ਕਰਦੀ ਹਾਂ ਕਿ ਸਤਿਗੁਰੂ ਜੀ ਸ. ਗੁਰਚਰਨਜੀਤ ਸਿੰਘ ਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਗੁਰਸਿੱਖੀ ਦੇ ਪ੍ਰਚਾਰ ਪ੍ਰਸਾਰ ਤੇ ਪੰਥ ਦੀ ਚੜ੍ਹਦੀ ਕਲਾ ਲਈ ਏਸੇ ਤਰ੍ਹਾਂ ਯੋਗਦਾਨ ਪਾਉਂਦੇ ਰਹਿਣ ਦਾ ਬਲ ਪ੍ਰਦਾਨ ਕਰਨ।

ਹਾਰਦਿਕ ਸ਼ੁਭ-ਇੱਛਾਵਾਂ ਸਹਿਤ,

ਮਾਰਚ 1999

*ਗੁਰੂ-ਪੰਥ ਦੀ ਦਾਸ,*

**(ਬੀਬੀ ਜਗੀਰ ਕੌਰ)**

ਪ੍ਰਧਾਨ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ।

ੴ ਵਾਹਿਗੁਰੂ ਜੀ ਕੀ ਫ਼ਤਹਿ

# ਇੱਕ ਖ਼ਤ ਭਾਈ ਤਾਰੂ ਸਿੰਘ ਦੇ ਵਾਰਿਸਾਂ ਦੇ ਨਾਮ........

***ਸ਼ਹੀਦ ਭਾਈ ਤਾਰੂ ਸਿੰਘ ਦੇ ਵਾਰਿਸ ਅਖਵਾਂਦੇ***
***ਮੇਰੇ ਪਿਆਰੇ ਅਜ਼ੀਜ਼ .....,***

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਸੋ ਅੱਜ ਖ਼ਤਰਾ ਖ਼ਤਮ ਹੋ ਗਿਆ ਕਿਉਂਕਿ ਤੂੰ ਆਖ਼ਿਰ ਕੇਸਾਂ ਨੂੰ ਅਲਵਿਦਾ ਕਹਿ ਹੀ ਦਿੱਤਾ ਹੈ। ਜਿਸ ਗੱਲ ਦਾ ਡਰ ਜਾਂ ਚਿੰਤਾ ਸੀ, ਉਹ ਮੁਕ ਗਈ ਹੈ। ਹੁਣ ਕੋਈ ਡਰ ਨਹੀਂ ਰਿਹਾ। ਖ਼ਤਰਾ ਅਤੇ ਚਿੰਤਾ ਉੱਨੀ ਦੇਰ ਹੀ ਹੁੰਦੀ ਹੈ ਜਿੰਨੀ ਦੇਰ ਤਕ ਮਰੀਜ਼ ਜ਼ੇਰੇ-ਇਲਾਜ ਹੋਵੇ। ਮਰੀਜ਼ ਦੇ ਚੜ੍ਹਾਈ ਕਰ ਜਾਣ ਦੇ ਨਾਲ ਹੀ ਚਿੰਤਾ, ਡਰ, ਤੌਖਲਾ ਸਭ ਮੁੱਕ ਜਾਂਦਾ ਹੈ।

ਰਾਏਕੋਟ ਦੇ ਮੁਕਾਮ 'ਤੇ ਜਦੋਂ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਸੁਣ ਕੇ ਸਿੱਖ ਇਕੱਠੇ ਹੋਏ ਅਤੇ ਕਲਗੀਧਰ ਪਿਤਾ ਨੂੰ ਅਫ਼ਸੋਸ ਪ੍ਰਗਟ ਕਰਨ ਲੱਗੇ ਤਾਂ ਅਰਸ਼ੀ ਪ੍ਰੀਤਮ ਨੇ ਧਰਵਾਸ ਦਿੱਤੀ :

ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥
ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥ (ਪੰਨਾ ੧੩੬੫)

ਸਾਹਿਬਾਂ ਨੇ ਬਚਨ ਕੀਤੇ ਕਿ ਜੇ ਅਫ਼ਸੋਸ ਹੀ ਕਰਨਾ ਹੈ ਤਾਂ ਉਹਨਾਂ ਲਈ ਕਰੋ ਜਿਹੜੇ ਆਪਣਾ ਧਰਮ ਛੱਡ ਕੇ ਪਾਪ ਕਰਦੇ ਹਨ ਅਤੇ ਗੁਰਮਤਿ ਦੇ ਉੱਤਮ ਪੰਥ ਦਾ ਤਿਆਗ ਕਰ ਕੇ ਕੁਰਾਹੇ ਪੈ ਜਾਂਦੇ ਹਨ :

**ਸੋ ਸੋਚਨਿ ਕੇ ਜੋਗ ਮਹਾਨਾ।**
**ਧਰਮ ਤਜਾਗ ਜਿਨ ਕਿਯ ਅਘ ਨਾਨਾ।**
**ਤਜੇ ਸੁ ਪੰਥ ਕੁਮਾਰਗ ਚਾਲਾ।**
**ਸੋ ਸੋਚਨਿ ਕੇ ਜੋਗ ਬਿਸਾਲਾ।** ***(ਗੁਰ ਪ੍ਰਤਾਪ ਸੂਰਜ, ਰਾਸਿ ੩ ਅੰਸੁ ੩੬)***

ਗੁਰਮਤਿ ਦਾ ਪੰਥ ਤਾਂ
"ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥"
(ਪੰਨਾ ੧੪੦੬)

ਸੋ ਜਿਹੜਾ ਟਾਹਣ ਦਰਖ਼ਤ ਨਾਲੋਂ ਆਪਣਾ ਰਿਸ਼ਤਾ ਤੋੜ ਲੈਂਦਾ ਹੈ ਉਹ ਸੁੱਕ ਜਾਂਦਾ ਹੈ, ਮਰ ਜਾਂਦਾ ਹੈ :

ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥ (ਪੰਨਾ ੩੦੬)

ਗੁਰੂ ਨਾਲੋਂ ਰਿਸ਼ਤਾ ਤੋੜ ਕੇ ਆਤਮਕ ਮੌਤ ਹੋ ਜਾਂਦੀ ਹੈ :

ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ ॥ (ਪੰਨਾ ੭੯੬)

ਸੋ ਦਰਅਸਲ ਇਹ ਖ਼ਤ ਤੇਰੇ ਨਾਮ ਇਕ 'ਸੋਗ ਦਾ ਪੈਗਾਮ' (Condolence Message) ਹੈ । ਇਸ ਨੂੰ ਇਸੇ ਭਾਵਨਾ ਨਾਲ ਪੜ੍ਹਨਾ ਲਾਹੇਵੰਦ ਹੋਵੇਗਾ ।

ਮਾਸਟਰ ਤਾਰਾ ਸਿੰਘ ਹਮੇਸ਼ਾ ਪੰਥ ਖਤਰੇ ਵਿਚ ਹੈ' ਦੀ ਗੱਲ ਕਿਹਾ ਕਰਦੇ ਸਨ । ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਉਹਨਾਂ ਨੂੰ ਇਕ ਵੇਰ ਪੁੱਛਿਆ ਸੀ, "ਮਾਸਟਰ ਜੀ ! ਤੁਸੀਂ ਹਰ ਵੇਲੇ ਪੰਥ ਨੂੰ ਖ਼ਤਰੇ ਦੀ ਗੱਲ ਕਰਦੇ ਹੋ, ਕੀ ਕਦੇ ਪੰਥ ਤੋਂ ਖ਼ਤਰਾ ਖ਼ਤਮ ਵੀ ਹੋਵੇਗਾ ?" ਮਾਸਟਰ ਜੀ ਦਾ ਜਵਾਬ ਸੀ, "ਬਿਲਕੁਲ ਨਹੀਂ। ਹਰ ਕੀਮਤੀ ਚੀਜ਼ ਜਿਵੇਂ ਹੀਰੇ, ਜਵਾਹਰਾਤ, ਸੋਨਾ, ਚਾਂਦੀ, ਪੈਸੇ ਆਦਿ ਨੂੰ ਹਰ ਸਮੇਂ ਖ਼ਤਰਾ ਹੁੰਦਾ ਹੈ । ਇਹਨਾਂ ਦੀ ਹਿਫਾਜ਼ਤ ਅਤੇ ਸੰਭਾਲ ਕਰਨੀ ਪੈਂਦੀ ਹੈ । ਪਰ ਸੜਕਾਂ ਦੇ ਕਿਨਾਰੇ ਪਏ ਹੋਏ ਰੋੜੇ ਅਤੇ ਪੱਥਰਾਂ ਨੂੰ ਕੋਈ ਖ਼ਤਰਾ ਨਹੀਂ । ਪੰਥ ਵੀ ਕੀਮਤੀ ਹੈ । ਜਿਸ ਦਿਨ ਪੰਥ ਨੂੰ ਖ਼ਤਰਾ ਖ਼ਤਮ ਹੋ ਗਿਆ, ਸਮਝ ਲੈਣਾ ਹੁਣ ਇਹ ਪੰਥ ਪੰਥ ਹੀ ਨਹੀਂ ਰਿਹਾ ।"

ਇਹ ਚਿੱਠੀ ਲਿਖਣ ਦਾ ਮਕਸਦ ਵੀ ਇਹੋ ਹੀ ਹੈ ਕਿ ਕਈ ਦਫ਼ਾ ਬਜ਼ੁਰਗਾਂ ਦੀਆਂ ਗਾਥਾਵਾਂ ਅਤੇ ਵਿਰਸਾ, ਕੀਤੀਆਂ ਕੁਤਾਹੀਆਂ ਅਤੇ ਗਲਤੀਆਂ ਨੂੰ ਸੁਧਾਰਨ ਵਿਚ ਸਹਾਈ ਹੋ ਨਿਬੜਦਾ ਹੈ । ਬਾਬਾ ਜੀ ਨੇ ਵੀ ਫ਼ੁਰਮਾਇਆ ਹੈ :

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥ (ਪੰਨਾ ੯੫੧)

ਇਸੇ ਤਰ੍ਹਾਂ ਪੱਛਮ ਦੇ ਉੱਘੇ ਫਿਲਾਸਫਰ ਜੌਰਜ ਆਰਵੈਲ ਨੇ ਲਿਖਿਆ ਹੈ ਕਿ "ਜੇ ਤੁਸੀਂ ਆਪਣੇ ਭਵਿੱਖ ਨੂੰ ਕਾਬੂ ਵਿਚ ਰੱਖਣਾ ਚਾਹੁੰਦੇ ਹੋ ਤਾਂ ਆਪਣੇ ਪਿਛਲੇ ਇਤਿਹਾਸ 'ਤੇ ਪਕੜ ਤਕੜੀ ਰੱਖੋ ।

ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੇ ਧਰਤਿ ਲੋਕਾਈ ਨੂੰ ਸੋਧਣਿ ਹਿਤ ਸੰਮਤ ੧੫੭੫ ਵਿਚ ਪੱਛਮ ਵੱਲ ਯਾਤਰਾ ਅਰੰਭੀ। ਇਸ ਚੌਥੀ ਉਦਾਸੀ ਦੌਰਾਨ ਆਪ ਜੀ ਨੇ ਇਸਲਾਮੀ ਮੁਲਕਾਂ ਦਾ ਦੌਰਾ ਕੀਤਾ। ਹਮੇਸ਼ਾਂ ਦੀ ਤਰ੍ਹਾਂ ਇਸ ਵਾਰ ਵੀ ਆਪ ਜੀ ਦੇ ਨਾਲ ਆਪ ਦਾ ਯਾਰ ਅਤੇ ਇਲਾਹੀ ਡੂਮ ਭਾਈ ਮਰਦਾਨਾ ਆਪ ਦਾ ਹਮਸਫ਼ਰ ਸੀ। ਇਸ ਦੌਰਾਨ ਬਾਬਾ ਜੀ ਕਾਫੀ ਸਮਾਂ ਮੱਕੇ ਵਿਚ ਰਹੇ ਅਤੇ ਜਗਤ-ਜਲੰਦੇ ਨੂੰ ਤਾਰਨ ਲਈ ਜੋ ਧੁਰੋਂ ਹੁਕਮ ਹੋਇਆ ਸੀ, ਉਸ ਸੱਚ ਕੀ ਬਾਣੀ ਦੇ ਇਲਾਹੀ ਹੁਕਮ ਦਾ ਪ੍ਰਚਾਰ ਕੀਤਾ। ਇਸ ਮੁਕਾਮ ਸਮੇਂ ਮੱਕੇ ਦੇ ਮੌਲਵੀ ਬਹਾਵਦੀਨ ਨੇ ਆਪ ਜੀ ਨੂੰ ਕਿਹਾ ਕਿ ਬਾਬਾ ਨਾਨਕ, ਬਿਨਾਂ ਸ਼ਰ੍ਹਾ (ਇਸਲਾਮੀ ਮਰਯਾਦਾ) ਨੂੰ ਮੰਨਣ ਦੇ ਇਨਸਾਨ ਪਾਕ-ਪਵਿੱਤਰ ਨਹੀਂ ਹੋ ਸਕਦਾ ਅਤੇ ਬਿਨਾਂ ਸੁੰਨਤ ਦੇ ਇਨਸਾਨ ਰੱਬ ਦੀ ਦਰਗਾਹ ਵਿਚ ਅਸਥਾਨ ਨਹੀਂ ਪਾ ਸਕਦਾ! ਮੌਲਵੀ ਬਹਾਵਦੀਨ ਦੇ ਕਹਿਣ ਮੁਤਾਬਕ :

ਆਖੇ ਪੀਰ ਬਹਾਵਦੀ ਸੁਣਹੋ ਨਾਨਕ ਸ਼ਾਹ ।........

ਲਿਖਿਆ ਵਿਚਿ ਕਤੇਬ ਦੇ ਕਹਿਆ ਰਸੂਲ ਮੁਹਾਇ ।

ਬਾਝੋ ਰਾਹਿ ਸਰਾਅ ਤੇ ਬੰਦੇ ਪਾਕਿ ਨ ਹੋਇ ।
ਬਾਝੋ ਸੁਨਤਿ ਆਦਮੀ ਦਰਗਹਿ ਲਹਨਿ ਨ ਢੋਇ ।

ਇਸਲਾਮ ਦੇ ਗੜ੍ਹ ਵਿਚ ਸਰ੍ਹਾ ਨੂੰ ਲਾਗੂ ਕਰਵਾਣ ਵਾਲਿਆਂ ਦੇ ਵਿਚਕਾਰ ਸਾਹਿਬਾਂ ਨੇ ਜੋ ਜਵਾਬ ਦਿੱਤਾ, 'ਮੱਕੇ ਦੀ ਗੋਸ਼ਟਿ' ਦੇ ਲਿਖਾਰੀ ਨੇ ਦੱਸਿਆ ਹੈ ਕਿ ਸੂਰਮੇ ਗੁਰੂ ਬਾਬਾ ਨਾਨਕ ਨੇ ਜਵਾਬ ਦਿੱਤਾ ਕਿ ਐ ਮੋਮਨੋ ! ਜੋ ਸੁੰਨਤ ਤੁਸੀਂ ਮੰਨੀ ਬੈਠੇ ਹੋ ਹਕੀਕਤ ਵਿਚ ਇਹ ਨਹੀਂ ਹੈ । ਬਲਕਿ ਸੱਚੀ ਸੁੰਨਤ ਤਾਂ ਮੋਇ (ਕੇਸ) ਹਨ ਜੋ ਅਕਾਲ ਪੁਰਖ ਦੀ ਅਮਾਨਤ ਵਜੋਂ ਇਨਸਾਨ ਜਨਮ ਦੇ ਨਾਲ ਲੈ ਕੇ ਆਉਂਦਾ ਹੈ । ਐਸੇ ਪੁਰਖ ਦਾ ਸਤਿਕਾਰ ਕਰੋ ਜੋ ਅੱਲ੍ਹਾ ਪਾਕ ਦੀ ਬਖਸ਼ਿਸ਼ ਕੀਤੀ, ਇਸ ਸੱਚੀ ਸੁੰਨਤ ਕੇਸਾਂ ਨੂੰ ਸਦਾ ਆਪਣੇ ਸੀਸ 'ਤੇ ਸਜਾ ਕੇ ਰੱਖਦਾ ਹੈ । ਐਸਾ ਪੁਰਖ ਜੇਕਰ ਹਿੰਦੂ ਹੈ ਤਾਂ ਮਹਾਂਰਿਸ਼ੀ ਅਤੇ ਜੇਕਰ ਮੁਸਲਮਾਨ ਹੈ ਤਾਂ ਸੱਯਦ ਦਾ ਸਤਿਕਾਰਯੋਗ ਰੁਤਬਾ ਪਾਏਗਾ :

ਜਵਾਬ ਨਾਨਕ ਸ਼ਾਹ ਸੂਰਾ:
ਸਚੀ ਸੁਨਿਤ ਰੱਬ ਦੀ ਮੋਇਆ ਲੈ ਆਇਆ ਨਾਲ ।
ਜੋ ਰਖੇ ਮੂਇ ਅਮਾਨਤੀ ਖਾਸਾ ਬੰਦਾ ਭਾਲਿ ।
ਅਵਲ ਸੁੰਨਤ ਮੂਇ ਹੈ ਸਿਰ ਪਰ ਰਖੇ ਕੋਇ ।
ਪਾਵੇ ਮਰਾਤਬ ਸਯਦੀ ਬਡਾ ਰਿਖੀਸਰੁ ਹੋਇ ।..........

(ਮੱਕੇ ਮਦੀਨੇ ਦੀ ਗੋਸਟਿ ਪੰਨਾ ੧੪੪)

ਸੋ ਸਾਹਿਬਾਂ ਨੇ ਅੱਗੇ ਹੋਰ ਫ਼ੁਰਮਾਇਆ ਕਿ ਕੇਸ ਦਰਅਸਲ ਖੁਦਾ ਦਾ ਸਿਰੋਪਾਉ ਹੈ, ਜੋ ਹਰ ਇਨਸਾਨ ਆਪਣੇ ਨਾਲ ਲੈ ਕੇ ਆਉਂਦਾ ਹੈ । ਇਸ ਲਈ ਹਰ ਇਕ ਦਾ ਫ਼ਰਜ਼ ਹੈ ਕਿ ਰੱਬ ਦੀ ਇਕ ਬਖ਼ਸ਼ਿਸ਼ ਕੇਸਾਂ ਰੂਪੀ ਸਿਰੋਪਾਉ ਨੂੰ ਸੰਭਾਲ ਕੇ ਵਾਪਸ ਰੱਬ ਦੀ ਦਰਗਾਹ ਵਿਚ ਲੈ ਕੇ ਜਾਵੇ । ਨਾਲ ਹੀ ਸਾਹਿਬਾਂ ਨੇ ਤਾੜਨਾ ਵੀ ਕੀਤੀ ਕਿ ਰੱਬ ਦੀ ਇਸ ਪਾਵਨ ਸੁੰਨਤ ਕੇਸਾਂ ਨੂੰ ਭੰਨਣ ਵਾਲੇ ਦਰਅਸਲ ਅਮਾਨਤ ਵਿਚ ਖਿਆਨਤ ਕਰਨ ਕਾਰਨ ਬੇਈਮਾਨ ਹਨ। ਦਰਹਕੀਕਤ ਇਸਲਾਮੀ ਹਦੀਸ ਮੁਤਾਬਕ ਵੀ ਕਯਾਮਤ ਉਹਨਾਂ ਲਈ ਹੈ, ਜੋ ਅਮਾਨਤ ਨਹੀਂ ਸਾਂਭਦੇ :

ਮੂਇ ਸਿਰਪਾਉ ਖੁਦਾਇਦਾ ਲੈ ਆਇਆ ਬੰਦਾ ਨਾਲ ।
ਨਾਨਕ ਆਖੇ ਪੀਰ ਜੀ ਫਿਰ ਲੈ ਜਾਇ ਨਾਲ ।
ਫਿਰ ਗਇਆ ਦਰਗਹ ਵਿਚਿ ਅਕੇ ਰਖਿ ਨੀਸਾਨ ।...........
ਸਾਬਤਿ ਸੁੰਨਤਿ ਰਬ ਦੀ ਭੰਨਨ ਬੇਈਮਾਨ ।

(ਮੱਕੇ ਮਦੀਨੇ ਦੀ ਗੋਸ਼ਟਿ ਪੰਨਾ ੧੪੪)

ਮੂਇ ਲਫ਼ਜ਼ ਫ਼ਾਰਸੀ ਦਾ ਹੈ, ਜਿਸ ਦਾ ਅਰਥ ਹੈ ਵਾਲ । ਸੂਫੀ ਫ਼ਕੀਰ ਅਮੀਰ ਖੁਸਰੋ ਨੇ ਆਪਣੀ ਕਿਤਾਬ ਗਰਾਤੁਲਕਮਾਲ ਵਿਚ ਜ਼ਿਕਰ ਕੀਤਾ ਹੈ, "ਮੈਂ ਸੈਰ ਕਰਨ ਲਈ ਨਦੀ ਦੇ ਕਿਨਾਰੇ ਗਿਆ, ਉਥੇ ਮੈਂ ਇੱਕ ਹਿੰਦੂ ਔਰਤ ਵੇਖੀ। ਮੈਂ ਕਿਹਾ, ਹੇ ਪਿਆਰੀ ! ਤੇਰੇ ਵਾਲਾਂ ਦੀ ਕੀ ਕੀਮਤ ਹੈ ? ਉਹ ਉੱਚੀ-ਉੱਚੀ ਕਹਿਣ ਲੱਗ

ਪਈ "ਦੁਰ ਦੁਰ ਮਿਏ ।" ਹੁਣ ਫ਼ਾਰਸੀ ਵਿਚ ਦੁਰ ਦਾ ਮਤਲਬ ਹੁੰਦਾ ਹੈ ਮੋਤੀ। ਸੋ ਦੁਰ-ਦੁਰ ਮਿਏ ਦਾ ਅਰਥ ਫ਼ਾਰਸੀ ਵਿਚ ਹੋਇਆ 'ਇੱਕ-ਇੱਕ ਵਾਲ ਦੀ ਕੀਮਤ ਇੱਕ-ਇੱਕ ਮੋਤੀ ਹੈ' ਪਰ ਪੰਜਾਬੀ ਵਿਚ ਤਾਂ ਅਰਥ ਸਪੱਸ਼ਟ ਹੈ ।

ਇਸ ਤਰ੍ਹਾਂ ਜਿੱਥੇ ਇਹਨਾਂ ਮੌਲਵੀਆਂ ਨੇ ਪਾਕ ਪਵਿੱਤਰ ਹੋਣ ਲਈ ਸੁੰਨਤ ਕਰਨਾ ਲਾਜ਼ਮੀ ਦੱਸਿਆ, ਗੁਰਮਤਿ ਨੇ ਸਾਰੀ ਇਨਸਾਨੀਅਤ ਨੂੰ ਸੁਨੇਹਾ ਦਿੱਤਾ ਹੈ ਕਿ ਨਾਪਾਕ ਨੂੰ ਪਾਕ ਕਰਨ ਦਾ ਇੱਕੋ ਇੱਕ ਤਰੀਕਾ ਸਾਬਤ ਸੂਰਤ ਰਹਿਣਾ ਅਤੇ ਸਿਰ 'ਤੇ ਦਸਤਾਰ ਸਜਾਣਾ ਹੈ ।

ਨਾਪਾਕ ਪਾਕੁ ਕਰਿ ਹਦੂਰਿ ਹਦੀਸਾ
ਸਾਬਤ ਸੂਰਤਿ ਦਸਤਾਰ ਸਿਰਾ ॥੧੨॥

(ਗੁਰੂ ਗ੍ਰੰਥ ਸਾਹਿਬ ਪੰਨਾ : ੧੦੮੪)

ਪ੍ਰਿੰਸੀਪਲ ਸਤਿਬੀਰ ਸਿੰਘ ਨੇ ਆਪਣੀ ਪੁਸਤਕ 'ਬਲਿਓ ਚਿਰਾਗ' ਦੇ ਪੰਨਾ ੧੪੫ 'ਤੇ ਲਿਖਿਆ ਹੈ, "ਡਾਕਟਰ ਗੰਡਾ ਸਿੰਘ ਜੀ ਦੇ ਲਿਖੇ ਅਨੁਸਾਰ ਅਰਬ ਦੇਸ਼ ਵਿਚ ਅਜੇ ਵੀ ਸਬੀਆ ਕਬੀਲੇ ਦੇ ਅਬਿਦ ਫ਼ਕੀਰ ਹਨ ।"

ਗੁਰਮਤਿ ਦਾ ਮਾਰਗ ਹੁਕਮੀ ਮਾਰਗ ਹੈ ਅਤੇ ਇਨਸਾਨ ਲਈ 'ਹੁਕਮ ਰਜਾਈ ਚਲਣਾ' ਦੇ ਅਸੂਲ ਮੁਤਾਬਕ ਰੱਬ ਦੇ ਬਣਾਏ ਸਰੂਪ ਦਾ ਸਤਿਕਾਰ ਕਰਨਾ ਇਸ ਦਾ ਅਵੱਲੀਨ ਫ਼ਰਜ਼ ਹੈ । ਇਨਸਾਨ ਅਤੇ ਹੈਵਾਨ ਵਿਚ ਇਹੀ ਫ਼ਰਕ ਹੈ ਕਿ ਬੰਦਾ ਬੰਦਿਸ਼ ਵਿਚ ਰਹਿੰਦਾ ਹੈ, ਹੈਵਾਨ ਨਹੀਂ । 'ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰ' ਬਾਬਾ ਨਾਨਕ ਦਾ ਸੰਦੇਸ਼ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਵੀ ਫ਼ੁਰਮਾਂਦੇ ਹਨ :

ਸਾਧ ਕਰਮ ਜੋ ਪੁਰਖ ਕਮਾਵੈ ॥ ਨਾਮ ਦੇਵਤਾ ਜਗਤ ਕਹਾਵੈ ॥
ਕੁਕ੍ਰਿਤ ਕਰਮ ਜੇ ਜਗ ਮੈ ਕਰਹੀ ॥ ਨਾਮ ਅਸੁਰ ਤਿਨ ਕੋ ਸਭ ਧਰਹੀ ॥

(ਦਸਮ ਗ੍ਰੰਥ, ਪੰਨਾ ੪੮)

ਇਕਬਾਲ ਨੇ ਬਹੁਤ ਸੁੰਦਰ ਲਿਖਿਆ ਹੈ ਕਿ ਮਿੱਟੀ ਦਾ ਪੁਤਲਾ (ਖ਼ਾਕੀ) ਇਨਸਾਨ ਆਪਣੇ ਕਰਮਾਂ ਨਾਲ ਹੀ ਜ਼ਿੰਦਗੀ ਨੂੰ ਸਵਰਗ ਜਾਂ ਨਰਕ ਬਣਾ ਲੈਂਦਾ ਹੈ, ਨਹੀਂ ਤਾਂ ਜਨਮ ਤੋਂ ਇਨਸਾਨ ਨਾ ਤਾਂ (ਨੂਰੀ) ਦੇਵਤਾ ਹੈ ਅਤੇ ਨਾ ਹੀ ਨਾਰ (ਅੱਗ) 'ਚੋਂ ਜੰਮਿਆ ਨਾਰੀ (ਹੈਵਾਨ) ਹੈ :

ਅਮਲ ਸੇ ਜ਼ਿੰਦਗੀ ਬਨਤੀ ਹੈ ਜੱਨਤ ਭੀ ਜਹੱਨਮ ਭੀ ।
ਯੇ ਖ਼ਾਕੀ ਅਪਨੀ ਫਿਤਰਤ ਸੇ ਨਾ ਨੂਰੀ ਹੈ ਨਾ ਨਾਰੀ ਹੈ ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੇਸਾਂ ਦੇ ਮੁਤੱਲਕ ਹਿੰਦੁਸਤਾਨ ਵਿਚ ਇੱਕ ਹੋਰ ਵਚਿੱਤਰ ਗੱਲ ਵੇਖੀ ਕਿ ਜੋਗੀਆਂ ਦਾ ਇੱਕ ਵਰਗ ਆਪਣੇ ਸਿਰ ਨੂੰ ਘਰੜ ਮਰੜ ਕਰ ਦਿੰਦੇ ਸਨ, ਜਿਹਨਾਂ ਬਾਰੇ ਆਮ ਲੋਕ ਗੀਤ ਪ੍ਰਚਲਤ ਸੀ, "ਸਿਰੋਂ ਘੋਨਿਆ ਘੋਨ ਮਨੋਨਿਆ ਉਏ, ਜਿਵੇਂ ਚਾਕ ਤੋਂ ਲੱਥਿਆ ਲੋਟਿਆ ਓਏ"। ਦੂਸਰੇ ਪਾਸੇ ਸਾਧੂਆਂ ਦਾ ਇੱਕ ਐਸਾ ਵਰਗ ਵੀ ਸੀ ਜੋ ਆਪਣੇ ਕੇਸਾਂ ਵਿਚ ਸੁਆਹ

ਅਤੇ ਬੋਹੜ ਦਾ ਦੁੱਧ ਪਾ-ਪਾ ਕੇ ਇਸ ਦੀਆਂ ਜਟਾਵਾਂ ਬਣਾ ਲੈਂਦੇ ਸਨ ਪਰ ਕੀ ਜੋਗੀ ਕੀ ਸੰਨਿਆਸੀ ਇਹ ਸਾਰੇ ਦੇ ਸਾਰੇ ਆਪਣੇ ਪਰਿਵਾਰਕ ਫ਼ਰਜ਼ ਨੂੰ ਤਿਲਾਂਜ਼ਲੀ ਦੇ ਬੈਠੇ ਸਨ। ਇਹਨਾਂ ਬਾਰੇ ਬਾਬਾ ਜੀ ਨੇ ਫ਼ੁਰਮਾਇਆ :

ਜੋਗੀ ਗਿਰਹੀ ਜਟਾ ਬਿਭੂਤ ॥
ਆਗੈ ਪਾਛੈ ਰੋਵਹਿ ਪੂਤ ॥
ਜੋਗੁ ਨ ਪਾਇਆ ਜੁਗਤਿ ਗਵਾਈ ॥
ਕਿਤੁ ਕਾਰਣਿ ਸਿਰਿ ਛਾਈ ਪਾਈ ॥

(ਗੁਰੂ ਗ੍ਰੰਥ ਸਾਹਿਬ, ਪੰਨਾ ੯੫੧)

ਇਸ ਤੋਂ ਇਲਾਵਾ ਇੱਕ ਹੋਰ ਸ਼੍ਰੇਣੀ ਸੀ ਜੈਨੀ ਸਰੇਵੜਿਆਂ ਦੀ, ਜੋ ਆਪਣੇ ਸਰੀਰ ਦਾ ਇੱਕ-ਇੱਕ ਵਾਲ ਪੁੱਟਵਾਂਦੇ ਸਨ। ਇਸ ਲਈ ਇੱਕ ਉਚੇਚਾ ਸਮਾਗਮ ਰਚਦੇ ਸਨ ਜਿਸ ਨੂੰ ਪੰਚਮੁਸ਼ਟੀਲੋਚਨ ਕਿਹਾ ਜਾਂਦਾ ਹੈ ਅਤੇ ਜਿਸ ਵਿਚ ਦੋ ਤੋਂ ਚਾਰ ਮਹੀਨੇ ਦਾ ਸਮਾਂ ਲੱਗਦਾ ਹੈ। ਹੋਰ ਤਾਂ ਹੋਰ, ਬੋਧ ਅਤੇ ਜੈਨ ਸਾਧੂਆਂ ਨੂੰ ਉਸਤਰਾ ਰੱਖਣ ਦੀ ਵੀ ਮਨਾਹੀ ਹੈ। ਇੱਥੇ ਹੀ ਬੱਸ ਨਹੀਂ, ਇਹ ਸਾਰੇ ਪਿੰਡੇ ਨੂੰ ਸਵਾਹ ਮੱਲ ਕੇ ਰੱਖਦੇ ਸਨ, ਜੰਗਲ-ਪਾਣੀ ਜਾਣ ਲੱਗਿਆਂ ਆਪਣੇ ਹੱਥ ਵਿਚ ਫੜੇ ਇੱਕ ਤੀਲੇ ਨਾਲ ਆਪਣੀ ਮੱਲ (ਫਦੀਹਤ) ਨੂੰ ਫ਼ਰੋਲਦੇ ਸਨ ਕਿ ਇਸ ਵਿਚ ਆ ਕੇ ਕੋਈ ਕਿਰਮ ਨਾ ਮਰ ਜਾਵੇ। ਨਾਲ ਹੀ ਸਾਰੀ ਉਮਰ ਇਸ਼ਨਾਨ ਤੋਂ ਪ੍ਰਹੇਜ਼ ਕਰਦੇ ਸਨ। ਇਸ ਨੂੰ ਇਹ ਪਵਿੱਤਰ ਕਰਮ ਮੰਨਦੇ ਸਨ। ਧਰਮ ਦੇ ਇਸ ਕੁਚੀਲ ਰੂਪ ਨੂੰ ਵੇਖ ਕੇ ਨਿਰਮਲ ਪੰਥ ਦੇ ਬਾਨੀ ਬਾਬਾ ਜੀ ਨੇ ਇਸ ਬਾਰੇ ਹੁਕਮ ਕੀਤਾ ਸੀ :

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥..........
ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ॥..........
ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥..........
ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ ॥..........
ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੪੯-੫੦)

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਸ ਪਰੰਪਰਾ ਨੂੰ ਹੂਬਹੂ ਇਸੇ ਰੂਪ ਵਿਚ ਮੰਨਣ ਅਤੇ ਕਾਇਮ ਰੱਖਣ ਵਾਲੇ ਜੈਨੀ ਸਾਧੂ ਅੱਜ ਵੀ ਮੌਜੂਦ ਹਨ। ਮੁੱਦਾ ਕਿ ਜਟਾਧਾਰੀ ਜਾਂ ਫਿਰ ਘੋਨ-ਮੋਨ ਹੋਏ ਸਾਧੂ ਤਾਂ ਸਨ ਪਰ ਕੇਸਾਂ ਨੂੰ ਜਿਸ ਰੂਪ ਵਿਚ ਵਾਹਿਗੁਰੂ ਨੇ ਬਖ਼ਸ਼ਿਆ ਹੈ, ਉਸ ਨੂੰ ਜਥੇਬੰਦਕ ਰੂਪ ਵਿਚ ਸੰਭਾਲ ਕੇ ਰੱਖਣ ਦੀ ਕੋਈ ਪਾਬੰਦੀ, ਪਰੰਪਰਾ ਜਾਂ ਮਰਿਆਦਾ ਨਹੀਂ ਸੀ।

ਇਸ ਲਈ ਭਾਈ ਬਾਲੇ ਵਾਲੀ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਸਾਹਿਬ

ਨੇ ਭਾਈ ਮਰਦਾਨੇ ਨੂੰ ਜੋ ਉਪਦੇਸ਼ ਦਿੱਤਾ ਸੀ, ਉਸ ਵਿਚ ਪਹਿਲੀ ਸ਼ਰਤ ਸੀ, "ਸਿਰ ਤੇ ਕੇਸ ਰੱਖਣੇ"। ਭਾਈ ਮਨੀ ਸਿੰਘ ਜੀ ਦੇ ਮੁਤਾਬਕ ਗੁਰੂ ਹਰਿਰਾਇ ਸਾਹਿਬ ਨੇ ਵੀ ਬਚਨ ਕੀਤਾ ਸੀ, "ਕੇਸ ਨਹੀਂ ਕਟਾਣੇ, ਟੋਪੀ ਨਹੀਂ ਪਾਣੀ, ਤੰਬਾਕੂ ਨਹੀਂ ਵਰਤਣਾ।" ਤਾਂ ਫਿਰ ਕੀ ਇਸ ਤੋਂ ਇਹ ਸਪੱਸ਼ਟ ਨਹੀਂ ਕਿ ਪੰਜ ਕਕਾਰਾਂ ਵਿਚ ਮੁੱਖ ਕਕਾਰ ਕੇਸਾਂ ਦੀ ਬਖ਼ਸ਼ਿਸ਼ ਅਤੇ "ਕੇਸਾਂ ਨੂੰ ਸਵਾਸਾਂ ਸੰਗ ਸੰਭਾਲਣ" ਦੀ ਤਾਕੀਦ ਮੁੱਢ ਤੋਂ ਹੀ ਆਦਿ ਗੁਰੂ, ਗੁਰੂ ਨਾਨਕ ਸਾਹਿਬ ਜੀ ਨੇ ਹੀ ਕਰ ਦਿੱਤੀ ਸੀ : 'ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ' ਭਾਈ ਗੁਰਦਾਸ ਜੀ ਦੀ ਗਵਾਹੀ ਹੈ। ਯਾਦ ਰੱਖ ਇਹ ਖਾਲਸਾ ਤਾਂ 'ਸਤਿ ਸ੍ਰੀ ਅਕਾਲ ਪੁਰਖ ਜੀ ਕਾ' ਹੈ ਅਤੇ ਸਾਹਿਬ ਦੱਸਦੇ ਹਨ ਕਿ ਅਕਾਲ ਪੁਰਖ ਨੇ ਆਪਣੀ ਮੌਜ ਵਿਚ ਆ ਕੇ ਇਸ ਨੂੰ ਪ੍ਰਗਟ ਕੀਤਾ। ਇਹ ਨਿਰਮਲ ਪੰਥ ਗੁਰੂ ਨਾਨਕ ਸਾਹਿਬ ਜੀ ਨੇ ਅਰੰਭਿਆ ਅਤੇ ਅਖੀਰ ਵਿਚ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ ਕੇ ਇਸ ਨੂੰ ਗੁਰਿਆਈ ਸੌਂਪ ਦਿੱਤੀ। ਗੁਰੂ ਨਾਨਕ ਸਾਹਿਬ ਜੀ ਨੇ ਥਾਂ ਪਰ ਥਾਂ ਸੰਗਤਾਂ ਕਾਇਮ ਕੀਤੀਆਂ। ਇਸ ਗੁਰੂ ਕੀ ਸੰਗਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਵਾਹਿਗੁਰੂ ਜੀ ਕਾ ਖਾਲਸਾ' ਵਿਚ ਤਬਦੀਲ ਕਰ ਦਿੱਤਾ। ਜਿਸ ਬਾਰੇ ਭਾਈ ਗੁਰਦਾਸ ਦੂਜੇ ਨੇ ਗਵਾਹੀ ਦਿੱਤੀ ਹੈ, "ਸੰਗਤਿ ਕੀਨੀ ਖਾਲਸਾ" ਗੁਰੂ ਜੀ ਨੇ 'ਹਉਂ ਖਾਲਸੇ ਕਾ ਖਾਲਸਾ ਮੇਰੋ' ਕਹਿ ਕੇ ਆਪਣੇ ਆਪ ਨੂੰ ਵੀ ਖਾਲਸੇ ਦੇ ਅੱਗੇ ਸਮਰਪਿਤ ਕਰ ਦਿੱਤਾ। ਅੱਜ ਤੋਂ ਬਾਅਦ ਇਹ ਖਾਲਸਾ ਵਾਹਿਗੁਰੂ ਜੀ ਕਾ ਖਾਲਸਾ' ਨਿਯਮ ਬੱਧ ਹੋ ਕੇ 'ਅਕਾਲ ਪੁਰਖ ਕੀ ਫੌਜ' ਹੋ ਗਿਆ। ਖਾਲਸਾ ਸ਼ਬਦ ਦਾ ਲਫ਼ਜ਼ੀ ਅਰਥ ਹੁੰਦਾ ਹੈ ਵਿਚੋਲੇ ਰਹਿਤ ਉਹ ਜ਼ਮੀਨ ਜੋ ਸਿੱਧੀ ਬਾਦਸ਼ਾਹ ਦੇ ਅਧੀਨ ਹੋਵੇ। ਸੋ ਸਿੱਖ ਦਾ ਰਿਸ਼ਤਾ ਗੁਰੂ ਪਾਤਸ਼ਾਹ ਨੇ ਸਿੱਧੇ ਅਕਾਲ ਪੁਰਖ ਨਾਲ ਜੋੜ ਦਿੱਤਾ। ਕਲਗੀਧਰ ਨੇ ਖਾਲਸੇ ਨੂੰ ਬਾਕਾਇਦਾ ਨੇਮ-ਬੱਧ ਕਰਦਿਆਂ ਕੇਸਾਂ ਦੀ ਸੰਭਾਲ ਦਾ ਆਦੇਸ਼ ਦਿੰਦਿਆਂ ਇਸ ਨੂੰ ਪੰਜ ਕਕਾਰਾਂ ਵਿਚ ਇੱਕ ਕਕਾਰ ਨੀਅਤ ਕਰਕੇ ਇਸ ਦੀ ਬੇਅਦਬੀ ਕਰਨ ਵਾਲੇ ਨੂੰ ਸਿੱਖੀ ਤੋਂ ਹੀ ਪਤਿਤ ਕਰਾਰ ਦੇਣ ਦਾ ਹੁਕਮ ਜਾਰੀ ਕਰ ਦਿੱਤਾ। ਪਤਿਤ ਦਾ ਅਰਥ ਹੁੰਦਾ ਹੈ ਪਾਪੀ, ਅਧਮ, ਨੀਚ, ਗਿਰ ਚੁੱਕਾ, ਖਤਮ ਹੋ ਚੁੱਕਾ।

ਸਾਹਿਬਾਂ ਦੀ ਸਭ ਤੋਂ ਅਮੁੱਲੀ ਅਤੇ ਮਹਾਨ ਦਾਤ ਅੰਮ੍ਰਿਤ ਹੈ। ਸਭ ਤੋਂ ਪਵਿੱਤਰ ਵਸਤੂ ਪਵਿਤ੍ਰਤਮ ਅਸਥਾਨ 'ਤੇ ਹੀ ਸੰਭਾਲੀ ਜਾਂਦੀ ਹੈ। ਵੈਸੇ ਤਾਂ ਅੰਮ੍ਰਿਤ ਛਕਣ ਦੀ ਚੀਜ਼ ਹੈ ਪਰ ਕੇਸਾਂ ਦੀ ਮਹਤੱਤਾ ਅਤੇ ਸਤਿਕਾਰ ਗੁਰੂ ਸਾਹਿਬ ਲਈ ਇਤਨਾ ਜ਼ਿਆਦਾ ਸੀ ਕਿ ਸੱਚੇ ਪਾਤਸ਼ਾਹ ਨੇ ਜਦੋਂ ਅੰਮ੍ਰਿਤ ਦੀ ਦਾਤ ਬਖ਼ਸ਼ੀ ਤਾਂ ਪੰਜ ਚੂਲੇ ਅੰਮ੍ਰਿਤ ਦੇ ਕੇਸਾਂ ਵਿਚ ਵੀ ਪਾਏ। ਸੋ ਤੂੰ ਖੁਦ ਸੋਚ ਕਿ ਜਿਹਨਾਂ ਕੇਸਾਂ ਵਿਚ ਗੁਰੂ ਜੀ ਦਾ ਅੰਮ੍ਰਿਤ ਸਥਾਪਤ ਕੀਤਾ ਜਾਣਾ ਹੈ ਕੀ ਉਸ ਵਿਚ ਨਾਈਆਂ ਦੇ ਛੱਨਿਆਂ ਦਾ ਪਾਣੀ ਜਾਂ ਹੋਲੀ ਦਾ ਤਿਉਹਾਰ ਦੇ ਨਾਮ ਤੇ ਗੰਦ-ਮੰਦ ਪੈਣ ਦੇਣਾ ਚਾਹੀਦਾ ਹੈ ?

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੦੬੯)

ਇਸ ਬਾਰੇ ਸਿੱਖ ਇਤਿਹਾਸ ਦੀ ਇੱਕ ਸਾਖੀ ਵਿਚ ਜ਼ਿਕਰ ਆਉਂਦਾ ਹੈ ਕਿ ਕਿਸੇ ਸਿੱਖ ਨੇ ਕੇਸਾਂ ਦੀ ਬੇਅਦਬੀ ਕਰ ਲਈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਅਕਾਲੀ ਫੂਲਾ ਸਿੰਘ ਨੇ ਉਸ ਨੂੰ ਸੁਨੇਹਾ ਭਿਜਵਾਇਆ ਕਿ ਤੇਰੇ ਕੇਸਾਂ ਵਿਚ ਕਲਗੀਧਰ ਪਿਤਾ ਦਾ ਅੰਮ੍ਰਿਤ ਪਾਇਆ ਗਿਆ ਸੀ ਤੂੰ ਇਹ ਕੰਮ ਕਰਕੇ ਸਹੀ ਨਹੀਂ ਕੀਤਾ। 'ਵਿਨਾਸਕਾਲੇ ਵਿਪਰੀਤ ਬੁੱਧੀ' ਸ਼ਾਸਤਰਾਂ ਦਾ ਬਚਨ ਹੈ। ਉਸ ਨੇ ਆਪਣੇ ਕੇਸ ਕੱਟ ਕੇ ਅਕਾਲੀ ਫੂਲਾ ਸਿੰਘ ਨੂੰ ਭੇਜ ਦਿੱਤੇ ਕਿ ਇਸ ਵਿੱਚੋਂ ਆਪਣਾ ਅੰਮ੍ਰਿਤ ਕੱਢ ਲਵੋ। ਬਾਬਾ ਜੀ ਨੇ ਪੰਜ ਪਿਆਰੇ ਨਾਲ ਲਏ ਅਤੇ ਉਸ ਪਾਸ ਪਹੁੰਚ ਗਏ ਅਤੇ ਕਿਹਾ, "ਕੇਸਾਂ ਵਿਚ ਪਿਆ ਅੰਮ੍ਰਿਤ ਤਾਂ ਅਸੀਂ ਸਾਂਭ ਲਿਆ ਹੈ। ਪੰਜ ਚੂਲੇ ਅੰਮ੍ਰਿਤ ਦੇ ਅਸੀਂ ਤੇਰੇ ਨੇਤਰਾਂ ਵਿਚ ਅਤੇ ਪੰਜ ਚੂਲੇ ਤੇਰੇ ਮੂੰਹ ਵਿਚ ਪਾਏ ਸੀ, ਉਹ ਕੱਢਣ ਆਏ ਹਾਂ ਤੂੰ ਤਿਆਰ ਹੋ ਜਾ।"

ਪਟਨਾ ਸਾਹਿਬ ਦੀ ਪਾਵਨ ਧਰਤੀ ਜੋ ਪਹਿਲਾਂ ਪਾਟਲੀਪੁਤਰ ਦੇ ਨਾਮ ਨਾਲ ਮਸ਼ਹੂਰ ਸੀ·ਉਥੋਂ ਉਨੱਤੀ ਵਰ੍ਹਿਆਂ ਦੇ ਯੁਵਰਾਜ ਗੌਤਮ ਬੁੱਧ ਨੇ ਰਾਮ ਅਤੇ ਯੋਗ ਦੀ ਨਿਸ਼ਾਨੀ ਆਪਣੀ ਤਲਵਾਰ ਅਤੇ ਕੇਸ ਆਪਣੀ ਪਤਨੀ ਗੋਪਾ (ਯਸ਼ੋਧਰਾ) ਅਤੇ ਪੁੱਤਰ ਰਾਹੁਲ ਨੂੰ ਭੇਜ ਕੇ ਸੰਨਿਆਸ ਲੈ ਲਿਆ। ਮਹਾਤਮਾ ਬੁੱਧ ਨੇ ਆਪਣੀ ਵੱਖਰੀ ਪਛਾਣ ਅਤੇ ਸ਼ਕਤੀ ਦਾ ਤਿਆਗ ਕਰ ਦਿੱਤਾ। ਨਤੀਜਾ ਭਾਰਤ ਵਰਸ਼ 'ਚ ਸ਼ੁਰੂ ਹੋਏ ਇਸ ਮਹਾਨ ਫ਼ਲਸਫ਼ੇ ਦਾ ਨਾਮੋ ਨਿਸ਼ਾਨ ਹੀ ਮਿਟ ਗਿਆ। ਹੋਰ ਤਾਂ ਹੋਰ ਬੁੱਧ ਧਰਮ ਦੇ ਪਾਵਨ ਅਸਥਾਨ ਬੋਧ ਗਯਾ ਜਿੱਥੇ ਮਹਾਤਮਾ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ ਸੀ, ਉਹ ਵੀ ਅੱਜ ਬੋਧੀਆਂ ਦੇ ਪ੍ਰਬੰਧ ਹੇਠ ਨਹੀਂ ਹੈ ਉਪਰੰਤ ਇਸੇ ਪਟਨਾ ਸਾਹਿਬ ਦੀ ਪਾਵਨ ਧਰਤੀ 'ਤੇ ਪ੍ਰਗਟ ਹੋ ਕੇ ਸਾਹਿਬ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ ਬਾਲਾ ਪ੍ਰੀਤਮ ਦੇ ਜਟਾ ਜੂਟ ਮਨਮੋਹਕ ਰੂਪ ਤੇ ਸ਼ਾਹੀ ਅਸਤ੍ਰ-ਸ਼ਸਤ੍ਰ-ਬਸਤ੍ਰ ਸਜਾ ਕੇ ਪਟਨਾ ਵਾਸੀਆਂ ਦੇ ਭਾਗ ਜਗਾਏ। ਰਾਜ ਅਤੇ ਯੋਗ ਦੇ ਪ੍ਰਤੀਕ ਕਿਰਪਾਨ ਅਤੇ ਕੇਸਾਂ ਦੀ ਦਾਤ ਦੇ ਕੇ ਖਾਲਸੇ ਨੂੰ ਰਾਜ ਯੋਗੀ ਬਣਾਇਆ। ਜਿਸ ਬਾਰੇ ਸ਼ਾਇਰੇ ਮਸ਼ਰਕ ਅਲਾਮਾ ਇਕਬਾਲ ਨੇ ਖਾਲਸੇ ਦੀ ਉਸਤਤ ਕਰਦਿਆਂ ਕਿਹਾ ਕਿ ਇਹ ਤਾਂ ਕਲੰਦਰਾਨਾ ਅਦਾਏਂ ਸਿਕੰਦਰਾਨਾ ਜਲਾਲ ਹੈ। ਯਾਨੀ ਕਿ ਖਾਲਸੇ ਦੀਆਂ ਅਦਾਵਾਂ ਲਟ ਬੌਰੂ ਫਕੀਰਾਂ ਵਰਗੀਆਂ ਅਤੇ ਜਲਾਲ ਬਾਦਸ਼ਾਹਾਂ ਵਰਗਾ ਹੈ। ਇਸ ਨਾਲ ਹੀ 'ਸਿੱਖੀ ਕੇਸਾਂ ਸਵਾਸਾਂ ਸੰਗ ਨਿਭਣ', 'ਕੇਸ ਦਾਨ ਰਹਿਤ ਦਾਨ' ਦੀ ਮੰਗ ਹਰ ਸਿੱਖ ਦੀ ਨਿਤਾਪ੍ਰਤਿ ਅਰਦਾਸ ਦਾ ਅੰਗ ਹੋ ਗਿਆ। ਸੋ ਗੰਗਾ ਦੇ ਕਿਨਾਰੇ ਵਾਸਾ ਕਰਦੇ ਪੰਡਿਤ ਸ਼ਿਵ ਦੱਤ ਵਰਗਿਆਂ ਨੂੰ ਆਪ ਜੀ ਦੇ ਇਸ ਸੰਤ ਸਿਪਾਹੀ ਸਰੂਪ ਵਿੱਚੋਂ ਆਪਣੇ ਭਗਵਾਨ 'ਰਾਮ' ਅਤੇ ਭਗਵਾਨ 'ਸ਼ਾਮ' ਦੇ ਦਰਸ਼ਨ ਹੋਣੇ ਸੁਭਾਵਕ ਹੀ ਸਨ।

ਭਾਰਤੀ ਸਮਾਜ ਇਕ ਬਹੁਤ ਹੀ ਭੈੜੀ ਵਾਦੀ ਨਾਲ ਗ੍ਰਸਤ ਸੀ ਕਿ ਬੱਚੇ ਦੇ ਜਮਾਂਦਰੂ ਵਾਲ ਕੱਟ ਦਿੱਤੇ ਜਾਣ ਕਿਉਂਕਿ ਇਹ ਮਾਂ ਦੇ ਪੇਟ ਵਿੱਚੋਂ ਹੋਣ ਕਾਰਣ ਅਪਵਿੱਤਰ ਹਨ। ਤਾਂ ਫਿਰ ਖਾਲੀ ਵਾਲ ਹੀ ਕਿਉਂ, ਬਾਕੀ ਸਰੀਰ ਦੇ ਅੰਗ ਕਿਉਂ ਨਹੀਂ ? ਸੋ ਸਿਖ ਰਹਿਤਨਾਮਿਆਂ ਵਿਚ ਇਹ ਤਾਕੀਦ ਕੀਤੀ ਗਈ ਕਿ ਕੇਸ ਜਨਮ ਦੇ ਹੀ ਰੱਖੇ।

ਉਹ ਕਿਹੜੇ ਸੰਭਵ ਕਾਰਨ ਹਨ, ਜਿਹਨਾਂ ਕਰਕੇ ਤੂੰ ਇਹ ਕੁਮੱਤ ਲਈ ਹੈ, ਉਸ ਬਾਰੇ ਤੇਰੇ ਨਾਲ ਵਿਚਾਰ ਸਾਂਝੇ ਕਰਨੇ ਚਾਹੁੰਦੇ ਹਾਂ। ਤੇਰਾ ਸਭ ਤੋਂ ਮੁੱਢਲਾ ਸਵਾਲ ਹੀ ਗ਼ਲਤ ਹੈ ਕਿ ਸਿੱਖ ਕੇਸ ਕਿਉਂ ਰੱਖਦੇ ਹਨ ? ਸਿੱਖ ਕੇਸ ਨਹੀਂ ਰੱਖਦੇ ਬਲਕਿ ਸਾਰੀ ਦੁਨੀਆਂ ਕੇਸ ਕਟਵਾਂਦੀ ਹੈ। ਬਾਹਰੋਂ ਲਿਆ ਕੇ ਰੱਖੀ ਹੋਈ ਚੀਜ਼ ਬਾਰੇ ਤਾਂ ਇਹ ਕਿਹਾ ਜਾ ਸਕਦਾ ਹੈ ਪਰ ਜਿਹੜੀ ਚੀਜ਼ ਕੁਦਰਤ ਨੇ ਬਖ਼ਸ਼ੀ ਹੈ, ਉਸ ਬਾਰੇ ਇਹ ਸਵਾਲ ਬੇਮਾਅਨੀ ਹੈ। ਇਹ ਤਾਂ ਪੁੱਛਿਆ ਜਾ ਸਕਦਾ ਹੈ ਕਿ ਤੂੰ ਐਨਕ ਕਿਉਂ ਰੱਖੀ ਹੈ, ਦਸਤਾਰ ਕਿਉਂ ਰੱਖੀ ਹੈ ? ਪਰ ਇਹ ਪੁੱਛਣਾ ਮੂਰਖਤਾ ਹੈ ਕਿ ਤੂੰ ਅੱਖਾਂ ਕਿਉਂ ਰੱਖੀਆਂ ਹਨ ਜਾਂ ਸਿਰ ਕਿਉਂ ਰੱਖਿਆ ਹੈ ? ਇਸ ਤਰ੍ਹਾਂ ਮੁੱਢਲੇ ਤੌਰ 'ਤੇ ਸੰਸਾਰ ਵਿਚ ਦੋ ਹੀ ਕੌਮਾਂ ਹਨ, ਇੱਕ ਸਿੱਖ ਦੂਜੇ ਮੋਨੇ। ਪੁੱਛਣਾ ਤਾਂ ਤੈਨੂੰ ਬਣਦਾ ਹੈ ਕਿ ਤੂੰ ਵਾਲ ਕਿਉਂ ਕਟਾਏ ਹਨ ? ਇਸ ਗੱਲ ਦਾ ਕੋਈ ਤੱਸਲੀ ਬਖ਼ਸ਼ ਜਵਾਬ ਤੂੰ ਸ਼ਾਇਦ ਦੇ ਨਾ ਸਕੇ। ਜਾੱਰਜ ਬਰਨਾਰਡ ਸ਼ਾ ਅੰਗ੍ਰੇਜ਼ੀ ਜਬਾਨ ਦਾਨਿਸ਼ਵਰ ਸੀ। ਉਹ ਲਿਖਦਾ ਹੈ ਕਿ ਮੈਂ ਇੱਕ ਦਿਨ ਆਪਣੀ ਹਜਾਮਤ ਕਰ ਰਿਹਾ ਸੀ ਤਾਂ ਇਕ ਛੋਟਾ ਜਿਹਾ ਬੱਚਾ ਮੇਰੇ ਕੋਲ ਆਇਆ ਅਤੇ ਪੁੱਛਣ ਲੱਗਾ, "ਤੁਸੀਂ ਸ਼ੇਵ ਕਿਉਂ ਕਰਦੇ ਹੋ ?" ਬਰਨਾਰਡ ਸ਼ਾਅ ਕਹਿੰਦਾ ਹੈ ਕਿ ਮੈਂ ਕਿਤਨੀ ਦੇਰ ਉਸ ਦੀ ਮਾਸੂਮੀਅਤ ਭਰੇ ਗੰਭੀਰ ਸਵਾਲ ਦਾ ਜਵਾਬ ਲੱਭਦਾ ਰਿਹਾ ਪਰ ਮੈਨੂੰ ਕੋਈ ਜਵਾਬ ਨਾ ਔੜਿਆ ਅਤੇ ਅਖ਼ੀਰ ਮੈਂ ਹਜਾਮਤ ਦਾ ਉਹ ਸਾਰਾ ਸਮਾਨ ਚੁੱਕ ਕੇ ਖਿੜਕੀ 'ਚੋਂ ਬਾਹਰ ਸੁੱਟ ਦਿੱਤਾ।

ਕਿਸੇ ਵੀ ਨਸਲ, ਫ਼ਿਰਕੇ ਜਾਂ ਇਲਾਕੇ ਦੇ ਬੱਚੇ ਦੇ ਕੁਦਰਤ ਦੇ ਨਿਯਮ ਅਨੁਸਾਰ ਵਧਣ-ਫੁੱਲਣ ਵਿਚ ਵਿਘਨ ਨਾ ਪਾਇਆ ਜਾਏ, ਉਸ ਦੇ ਸਰੀਰ, ਕੇਸਾਂ ਆਦਿ ਦੇ ਕਿਸੇ ਵੀ ਹਿੱਸੇ ਨੂੰ ਕੱਟਿਆ ਵੱਢਿਆ ਨਾ ਜਾਏ ਤੇ ਨਾ ਹੀ ਉਸ ਦੀਆਂ ਬਨਾਵਟੀ ਤਰੀਕੇ ਨਾਲ ਲਿੱਟਾਂ ਜਾਂ ਜਟਾਵਾਂ ਵਧਾਈਆਂ ਜਾਣ ਤਾਂ ਉਹ ਨਰ ਸਾਬਤ ਸੂਰਤ ਕੇਸਾਧਾਰੀ ਮਨੁੱਖ ਹੀ ਹੋਵੇਗਾ। ਇਸ ਦਾ ਸਪੱਸ਼ਟ ਨਿਰਣਾ ਇਹ ਹੈ ਕਿ ਸਾਬਤ ਸੂਰਤ ਨਾ ਰਹਿਣਾ ਹੋਰ ਕੁਝ ਹੋਵੇ ਜਾਂ ਨਾ ਪਰ ਕਾਨੂੰਨ-ਇ-ਕੁਦਰਤ ਦੀ ਉਲੰਘਣਾ ਜ਼ਰੂਰ ਹੈ। ਇਸੇ ਤਰ੍ਹਾਂ ਜੇਕਰ ਬੋਲੀ ਦੇ ਪੱਖੋਂ ਵੀ ਦੇਖਿਆ ਜਾਏ ਤਾਂ ਪਹਿਲਾਂ ਲਫ਼ਜ਼ ਕੇਸਾਧਾਰੀ ਸੀ ਅਤੇ ਇਸ ਵਿੱਚੋਂ ਹੀ ਲਫ਼ਜ਼ ਗ਼ੈਰ-ਕੇਸਾਧਾਰੀ ਬਣਿਆ ਹੈ ਜਿਵੇਂ ਦੀਨ ਤੋਂ ਬੇਦੀਨ, ਈਮਾਨ ਤੋਂ ਬੇਈਮਾਨ, ਹਯਾ ਤੋਂ ਬੇਹਯਾ ਲਫ਼ਜ਼ ਬਣੇ ਹਨ। ਸੋ ਦੀਨ, ਈਮਾਨ, ਹਯਾ, ਕੇਸਾਧਾਰੀ ਪਹਿਲੇ ਸਨ ਬੇਦੀਨ, ਬੇਈਮਾਨ, ਬੇਹਯਾ ਅਤੇ ਗ਼ੈਰ-ਕੇਸਾਧਾਰੀ ਬਾਅਦ ਵਿਚ ਬਣੇ। ਇਹ ਇੱਕ ਨਕਾਰਾਤਮਕ ਪਰਿਭਾਸ਼ਾ ਹੈ।

ਸੋ ਇਸ ਤੋਂ ਵੀ ਸਿੱਧ ਹੁੰਦਾ ਹੈ ਕਿ ਰੱਬੀ ਹੁਕਮ ਜਾਂ ਇੱਛਾ ਤਾਂ ਸਾਰਿਆਂ ਨੂੰ ਕੇਸਾਧਾਰੀ ਹੋਣ ਦਾ ਹੀ ਹੈ ਪਰ ਉਸ ਕਰਤਾ ਪੁਰਖ ਦੀ ਹੁਕਮ ਅਦੂਲੀ ਕਰਨ ਵਾਲੇ ਹੀ ਗ਼ੈਰ-ਕੇਸਾਧਾਰੀ ਬਣੇ। ਬਾਬਾ ਨਾਨਕ ਦਾ ਤਾਂ ਮਾਰਗ ਹੀ ਹੁਕਮੀ ਮਾਰਗ ਹੈ। ਸੋ ਗ਼ੈਰ-ਕੇਸਾਧਾਰੀ ਤਾਂ ਰੱਬ ਦੀ ਰਜ਼ਾ ਅਤੇ ਗੁਰੂ ਦੇ ਹੁਕਮ ਤੋਂ ਮੁਨਕਰ ਹੋਣ ਕਰਕੇ ਗੁਰੂ ਦਾ ਸਿੱਖ ਅਖਵਾ ਹੀ ਨਹੀਂ ਸਕਦਾ।

ਪਰ ਇੱਕ ਗੱਲ ਹੋਰ ਬਹੁਤ ਮਹੱਤਵ ਪੂਰਨ ਹੈ ਕਿ ਬਹੁਤ ਤਾਦਾਦ ਵਿਚ ਦੁਨੀਆਂ ਹੈ ਜੋ ਵਾਲ ਰੱਖਦੀ ਹੈ ਪਰ ਹਰ ਵਾਲਾਂ ਵਾਲੇ ਨੂੰ ਕੇਸਾਧਾਰੀ ਨਹੀਂ ਕਿਹਾ ਜਾ ਸਕਦਾ। ਹਾਂ ਜੇ ਕਰ ਕੋਈ ਵਾਲਾਂ ਨੂੰ ਗੁਰੂ ਦੀ ਬਖ਼ਸ਼ਿਸ਼ ਸਮਝ ਕੇ ਸਿਰ 'ਤੇ ਧਾਰਨ ਕਰੇਗਾ ਉਸ ਨੂੰ ਹੀ ਕੇਸਾਧਾਰੀ ਕਿਹਾ ਜਾ ਸਕਦਾ ਹੈ। ਇਸੇ ਲਈ ਤਾਂ ਕੇਸਾਧਾਰੀ ਵੀ ਗੁਰੂ ਅੱਗੇ 'ਕੇਸ ਦਾਨ' ਅਤੇ 'ਸਿੱਖੀ ਕੇਸਾਂ ਸਵਾਸਾਂ ਸੰਗ ਨਿਭੇ' ਦੀ ਬਖ਼ਸ਼ਿਸ਼ ਦੀ ਅਰਦਾਸ ਕਰਦਾ ਹੈ। ਕੇਸ ਰੱਖਣ ਲਈ ਕੋਈ ਕੋਸ਼ਿਸ਼ ਨਹੀਂ ਕਰਨੀ ਪੈਂਦੀ ਬਲਕਿ ਕੇਸ ਕਟਾਣ ਲਈ ਬਾਰ-ਬਾਰ ਕੋਸ਼ਿਸ਼ ਕਰਨੀ ਪੈਂਦੀ ਹੈ। ਸੋ ਤੂੰ ਇਹ ਨਾ ਕਹਿ ਕਿ ਮੈਂ ਕੋਸ਼ਿਸ਼ ਕਰਾਂਗਾ ਕਿ ਕੇਸ ਰੱਖ ਲਵਾਂਗਾ। ਤੂੰ ਕਿਰਪਾ ਕਰਕੇ ਕੋਈ ਕੋਸ਼ਿਸ਼ ਨਾ ਕਰ, ਕੁਦਰਤ ਨੂੰ ਆਪਣਾ ਹੁਕਮ ਵਰਤਾਣ ਦੇ।

ਸਿਰਦਾਰ ਕਪੂਰ ਸਿੰਘ ਨੂੰ ਵੀ ਇੱਕ ਵੇਰ ਕੋਈ ਪੁਰਾਣਾ ਵਾਕਫ਼ ਮਿਲਿਆ ਜੋ ਪਤਿਤ ਹੋ ਚੁੱਕਾ ਸੀ। ਸਿਰਦਾਰ ਸਾਹਿਬ ਨੇ ਪੁੱਛਿਆ, ਇਹ ਕੀ ? ਤਾਂ ਉਹ ਕਹਿਣ ਲੱਗਾ, 'ਛੱਡੋ ਜੀ ਇਹ ਸਭ ਪੁਰਾਣੀਆਂ ਗੱਲਾਂ ਹਨ।' ਸਿਰਦਾਰ ਸਾਹਿਬ ਨੇ ਕਿਹਾ, "ਮੂਰਖਤਾ ਵੀ ਤਾਂ ਸਦੀਆਂ ਪੁਰਾਣੀ ਹੈ, ਇਸ ਨੂੰ ਕਿਉਂ ਨਹੀਂ ਛੱਡਦਾ ?"

ਪਰ ਯਾਦ ਰੱਖ ਕਿ :

ਸਿਖੀ ਸਿਖਿਆ ਗੁਰ ਵੀਚਾਰਿ ॥
ਨਦਰੀ ਕਰਮਿ ਲਘਾਏ ਪਾਰਿ ॥ (ਪੰਨਾ ੪੬੫)

ਗੁਰੂ ਦੇ ਵਿਚਾਰਾਂ ਨੂੰ ਮੰਨਣ ਦਾ ਨਾਮ ਹੀ ਸਿੱਖੀ ਹੈ। ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦਾ ਫ਼ੁਰਮਾਨ ਹੈ। ਗੁਰੂ ਅਮਰਦਾਸ ਜੀ ਦੇ ਸਪੁੱਤਰ ਮੋਹਰੀ ਨੂੰ ਵੀ ਗੁਰੂ ਜੀ ਨੇ ਸਿੱਖ ਤਾਂ ਮੰਨਿਆ, ਜਦੋਂ ਉਹ ਗੁਰੂ ਰਾਮਦਾਸ ਜੀ ਦੇ ਚਰਨੀਂ ਲੱਗਾ। ਜੇ ਕਰ ਗੁਰੂ ਦੀ ਆਪਣੀ ਸੰਤਾਨ ਵੀ ਬਿਨਾਂ ਗੁਰੂ ਦੀ ਆਗਿਆ ਪਾਲਨ ਕੀਤਿਆਂ ਸਿੱਖ ਨਹੀਂ ਅਖਵਾ ਸਕਦੀ ਤਾਂ ਕੀ ਕਿਸੇ ਹੋਰ ਨੂੰ ਇਸ ਤੋਂ ਮਾਫ਼ੀ ਮਿਲ ਸਕਦੀ ਹੈ ?

ਸਤਿਗੁਰੁ ਪੁਰਖੁ ਜਿ ਬੋਲਿਆ
ਗੁਰਸਿਖਾ ਮੰਨਿ ਲਈ ਰਜਾਇ ਜੀਉ ॥
ਮੋਹਰੀ ਪੁਤੁ ਸਨਮੁਖੁ ਹੋਇਆ
ਰਾਮਦਾਸੈ ਪੈਰੀ ਪਾਇ ਜੀਉ ॥

(ਗੁਰੂ ਗ੍ਰੰਥ ਸਾਹਿਬ, ਪੰਨਾ ੯੨੪)

ਬਾਬਾ ਮੋਹਰੀ ਜੀ ਦੇ ਗੁਰੂ ਰਾਮ ਦਾਸ ਜੀ ਨੂੰ ਨਮਸਕਾਰ ਕਰ ਦੇਣ ਉਪਰੰਤ

ਗੁਰੂ ਅਮਰ ਦਾਸ ਜੀ ਨੇ ਫ਼ੁਰਮਾਇਆ ਕਿ ਅੱਜ ਤੋਂ ਤੂੰ ਮੇਰਾ ਸਿੱਖ ਹੋਇਆ ਹੈ,

ਸਿੱਖੀ ਪਦ ਤੋ ਕੋ ਮੈ ਦੀਆ।
ਤੁਮ ਪੁਨੀਤ ਸਿੱਖ ਮਮ ਭਇਆ।

ਸ਼ੇਖ ਸ਼ਾਅਦੀ ਨੇ ਲਿਖਿਆ ਹੈ ਕਿ ਕਿਸੇ ਬੰਦੇ ਦੀ ਪਛਾਣ ਉਸ ਦੀ ਰਫ਼ਤਾਰ ਯਾਨੀ ਕਿ ਤੋਰ, ਗੁਫ਼ਤਾਰ ਯਾਨਿ ਕਿ ਗੱਲਬਾਤ ਅਤੇ ਦਸਤਾਰ ਤੋਂ ਹੁੰਦੀ ਹੈ।

ਮਰਦੁਮ ਰਾ ਮੇ ਸ਼ਨਾਸਦ ਅਜ਼
ਰਫ਼ਤਾਰੋ ਗੁਫ਼ਤਾਰੋ ਦਸਤਾਰ।

ਸਿੱਖ ਦੀ ਪਛਾਣ ਦੇ ਵੀ ਤਿੰਨ ਪੜਾਅ ਹਨ ਉਸ ਦੇ ਸਿਰ 'ਤੇ ਸਜੀ ਗੁਰੂ ਦੀ ਦਸਤਾਰ, ਰਫ਼ਤਾਰ ਅਤੇ ਗੁਫ਼ਤਾਰ। ਯਾਨੀ ਕਿ ਉਸ ਦਾ ਬਾਹਰਲਾ ਚਿਹਰਾ ਮੁਹਰਾ, ਉਸ ਦਾ ਅਮਲੀ ਜੀਵਨ ਅਤੇ ਉਸ ਦੀ ਗੱਲਬਾਤ। ਸਿੱਖ ਨੂੰ ਹਰ ਪੜਾਅ ਵਿੱਚੋਂ ਸਰਖਰੂ ਹੋ ਕੇ ਲੰਘਣਾ ਪੈਂਦਾ ਹੈ। ਹੁਣ ਜੇਕਰ ਤੂੰ ਪਹਿਲੀ ਸਟੇਜ ਦੀਦਾਰੀ ਤੌਰ 'ਤੇ ਹੀ ਸਿੱਖੀ ਤੋਂ ਮੁਨੱਕਰ ਹੋ ਕੇ ਭਟਕ ਗਿਆ ਹੈ ਤਾਂ ਫਿਰ ਜਦੋਂ ਅਰਦਾਸ ਕਰਦਿਆਂ ਅਰਦਾਸੀਆ ਸਿੰਘ ਇਹ ਲਫ਼ਜ਼ ਪੜ੍ਹੇਗਾ ਕਿ 'ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ................ਅਤੇ ਸਿੱਖੀ ਕੇਸਾਂ ਸਵਾਸਾਂ ਸੰਗ ਨਿਭੇ' ਤਾਂ ਫਿਰ ਤੂੰ ਕੀ ਕਰੇਂਗਾ ? ਕੰਨ ਬੰਦ ਕਰ ਲਵੇਂਗਾ, ਤੂੰ ਵੀ ਪਖੰਡ ਕਰਕੇ ਉਥੇ ਹੀ ਖੜਾ ਰਵੇਂਗਾ ਜਾਂ ਫਿਰ ਬਾਹਰ ਚਲਾ ਜਾਵੇਂਗਾ ?

ਇਹ ਗੁਰੂ ਦੇ ਕੇਸ ਹੀ ਤੇਰੇ ਸਿਰ 'ਤੇ ਸਨ ਜੋ ਤੈਨੂੰ ਨਿਆਰਾਪਨ ਬਖਸ਼ਦੇ ਸਨ। ਕੀ ਕੇਸਾਂ ਦੀ ਬੇਅਦਬੀ ਕਰਕੇ ਤੂੰ ਆਪਣਾ ਸਬੰਧ ਗੁਰੂ ਪਿਤਾ ਨਾਲੋਂ ਤੋੜ ਨਹੀਂ ਲਿਆ ? ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਿਲਕੁਲ ਸਪੱਸ਼ਟ ਸ਼ਬਦਾਂ ਵਿਚ ਹੁਕਮ ਕੀਤਾ ਹੈ ਕਿ ਸਿੱਖ ਵਿਚ ਮੇਰਾ ਨੂਰ ਅਤੇ ਪ੍ਰਤਾਪ ਉਨੀਂ ਦੇਰ ਹੀ ਹੈ, ਜਿੰਨੀਂ ਦੇਰ ਤੱਕ ਇਹ ਆਪਣਾ ਨਿਆਰਾਪਨ ਕਾਇਮ ਰੱਖਦਾ ਹੈ। ਇਸ ਦੀ ਹੁਕਮ ਅਦੂਲੀ ਕਰਨ ਨਾਲ ਮੇਰਾ ਰਿਸ਼ਤਾ ਉਸ ਨਾਲੋਂ ਟੁੱਟ ਜਾਂਦਾ ਹੈ। ਸਾਹਿਬ ਫ਼ੁਰਮਾਂਦੇ ਹਨ :

ਜਬ ਲਗ ਰਹੇ ਖਾਲਸਾ ਨਿਆਰਾ। ਤਬ ਲਗ ਤੇਜ ਦਿਯੋ ਮੈ ਸਾਰਾ।
ਜਬ ਇਹ ਗਹੇ ਬਿਪ੍ਰਨ ਕੀ ਰੀਤ। ਮੈਂ ਨਾ ਕਰੋਂ ਇਨ ਕੀ ਪ੍ਰਤੀਤ।

ਤੇਰੀ ਇੱਕ ਦਲੀਲ ਤੇਰਾ ਹਰ ਹਮ-ਖ਼ਿਆਲ ਵੀ ਦਿੰਦਾ ਹੈ ਕਿ ਕੇਸਾਂ ਦਾ ਹੁਣ ਫ਼ਾਇਦਾ ਕੀ ਹੈ ਅਤੇ ਇਹਨਾਂ ਦੀ ਲੋੜ ਕੀ ਹੈ ? ਬਿਲਕੁਲ ਇਹੋ ਸਵਾਲ ਕਿਸੇ ਵਿਦਿਆਰਥੀ ਨੇ ਮਾਸਟਰ ਤਾਰਾ ਸਿੰਘ ਜੀ ਨੂੰ ਵੀ ਪੁੱਛਿਆ ਸੀ ਕਿ ਕੜਾ ਪਾਣ ਦਾ ਫ਼ਾਇਦਾ ਕੀ ਹੈ ? ਮਾਸਟਰ ਜੀ ਨੇ ਜਵਾਬ ਦਿੱਤਾ ਸੀ ਕਿ ਤੈਨੂੰ ਕੋਈ ਫ਼ਾਇਦਾ ਨਹੀਂ। ਉਸ ਵਿਦਿਆਰਥੀ ਨੇ ਕਿਹਾ ਕਿ ਕੀ ਤੁਹਾਨੂੰ ਫ਼ਾਇਦਾ ਹੈ, ਮੈਨੂੰ ਨਹੀਂ ? ਮਾਸਟਰ ਜੀ ਨੇ ਕਿਹਾ ਕਿ, "ਹਾਂ ! ਮੈਨੂੰ ਫ਼ਾਇਦਾ ਹੈ ਤੈਨੂੰ ਨਹੀਂ ਕਿਉਂਕਿ ਤੂੰ ਸੋਚਦਾ ਹੈਂ ਕਿ ਜੇ ਕੜਾ ਪਾ ਲਵਾਂ ਤਾਂ ਸ਼ਾਇਦ ਇਮਤਿਹਾਨ ਵਿੱਚੋਂ ਪਾਸ ਹੋ ਜਾਵਾਂ, ਕੋਈ ਹੋਰ ਕੰਮ ਬਣ ਜਾਵੇ ਜਾਂ ਕੋਈ ਹੋਰ ਫ਼ਾਇਦਾ ਹੋ ਜਾਵੇ। ਇਹ ਸਭ ਨਹੀਂ ਹੋਵੇਗਾ ਪਰ ਮੈਂ ਇਹ ਸੋਚ ਕੇ ਪਾਂਦਾ ਹਾਂ ਕਿ ਜਿਸ ਨੇ ਇਹ ਕੜਾ ਪਾਇਆ ਸੀ ਉਸ ਦਾ

ਬੰਦ-ਬੰਦ ਕੱਟਿਆ ਗਿਆ ਸੀ, ਉਸ ਦੀ ਖੋਪਰੀ ਉਤਾਰ ਦਿੱਤੀ ਗਈ ਸੀ, ਉਸ ਨੂੰ ਚਰਖੜੀਆਂ 'ਤੇ ਚਾਹੜਿਆ ਗਿਆ ਸੀ, ਉਸ ਨੂੰ ਦੇਗ ਵਿਚ ਉਬਾਲ ਦਿੱਤਾ ਗਿਆ ਸੀ........। ਮੇਰੇ ਲਈ ਇਹ ਆਪਣੇ ਪ੍ਰੀਤਮ ਤੋਂ ਆਪਾ ਵਾਰਣ ਦੀ ਯਾਦ ਦਿਵਾਂਦਾ ਹੈ।" ਗੁਰੂ ਨੂੰ ਸਮਰਪਿਤ ਸਿੱਖ ਕੇਸ ਉਤਰਵਾਣ ਨਾਲੋਂ ਸਿਰ ਲੁਹਾ ਲੈਣ ਨੂੰ ਤਰਜੀਹ ਦਿੰਦਾ ਸੀ। ਸੋ ਜੇਕਰ ਕੜੇ ਦੇ ਫ਼ਾਇਦੇ ਨੁਕਸਾਨ ਹੀ ਵੇਖਣੇ ਹਨ ਕਿ ਇਸ ਦੀ ਰਗੜ ਤੋਂ ਬਾਹਵਾਂ ਨੂੰ ਬਿਜਲੀ ਮਿਲਦੀ ਹੈ ਤਾਂ ਤੇ ਫਿਰ ਹੱਥਾਂ ਪੈਰਾਂ ਵਿਚ ਦਰਜਨ ਦਰਜਨ ਕੜੇ ਪਾ ਲੈਣੇ ਚਾਹੀਦੇ ਹਨ। ਭਾਵੇਂ ਕਿ ਸਿਹਤ ਵਿਗਿਆਨ ਦੇ ਮਾਹਿਰ ਇਹ ਪੱਕੇ ਤੌਰ 'ਤੇ ਸਾਬਿਤ ਕਰ ਚੁੱਕੇ ਹਨ ਕਿ ਕੇਸ ਰੱਖਣੇ ਚੰਗੀ ਸਿਹਤ ਲਈ ਜ਼ਰੂਰੀ ਹੈ ਅਤੇ ਇਹਨਾਂ ਦਾ ਕਟਾਣਾ ਕਈ ਅਲਾਮਤਾਂ ਨੂੰ ਸੱਦਾ ਦਿੰਦਾ ਹੈ ਪਰ ਸਾਨੂੰ ਫ਼ਾਇਦੇ ਨੁਕਸਾਨ ਨਾਲ ਗਰਜ਼ ਨਹੀਂ। ਅਸੀਂ ਕੇਸਾਂ ਨੂੰ ਨਿਭਾਹੁਣਾ ਹੈ ਗੁਰੂ ਦਾ ਹੁਕਮ ਮੰਨ ਕੇ। ਜੇਕਰ ਕੇਸਾਂ ਨੂੰ ਇਸ ਲਈ ਰੱਖਣ ਦੀ ਗੱਲ ਕੀਤੀ ਜਾਵੇ ਕਿ ਇਸ 'ਚੋਂ ਵਿਟਾਮਿਨ 'ਡੀ' ਮਿਲਦਾ ਹੈ ਤਾਂ 'ਤੇ ਫਿਰ ਸਿੱਧੇ ਤੌਰ 'ਤੇ ਵਿਟਾਮਿਨ 'ਡੀ' ਦੀ ਗੋਲੀ ਖਾ ਲੈਣ ਵਿਚ ਕੀ ਹਰਜ਼ ਹੈ ? ਜੇਕਰ ਕੇਵਲ ਸਿਹਤ ਦਾ ਹੀ ਪੱਖ ਭਾਰੂ ਹੋਣਾ ਹੈ ਤਾਂ ਫਿਰ ਇੱਕ ਅੱਧਾ ਇੰਚ ਕੱਟਣ ਵਿਚ ਕੀ ਹਰਜ਼ ਹੈ ? ਸੋ ਹਰ ਗੱਲ ਵਿਚ ਫਾਇਦੇ ਨੁਕਸਾਨ ਦੀ ਗੱਲ ਸਹੀ ਨਹੀਂ ਹੁੰਦੀ। ਕਿਸੇ ਨੇ ਢਾਡੀ ਦਯਾ ਸਿੰਘ ਦਿਲਬਰ ਨੂੰ ਪੁੱਛਿਆ ਕਿ "ਕੇਸ ਰੱਖਣ ਦਾ ਕੀ ਫ਼ਾਇਦਾ ? ਗੁਰਦੁਆਰੇ ਜਾਣ ਦਾ ਕੀ ਫ਼ਾਇਦਾ ? ਅੰਮ੍ਰਿਤ ਛੱਕਣ ਦਾ ਕੀ ਫ਼ਾਇਦਾ? ਨਿਤਨੇਮ ਕਰਨ ਦਾ ਕੀ ਫ਼ਾਇਦਾ ?" ਦਿਲਬਰ ਨੇ ਜਵਾਬ ਦਿੱਤਾ, "ਤੇਰੇ ਜੰਮਣ ਦਾ ਹੀ ਕੀ ਫ਼ਾਇਦਾ ਹੈ ?"

ਸਿੱਖ ਸ਼ਬਦ ਕਿਤਨਾ ਪਿਆਰਾ ਹੈ। ਇਹ ਗੁਰੂ ਜੀ ਦਾ ਇਕ ਹੁਕਮ ਹੈ ਕਿ ਤੂੰ ਸਿੱਖ ਪਰ ਇੱਥੇ ਆ ਕੇ ਸਿੱਖਣ ਦੀ ਬਜਾਇ ਤੂੰ ਦਲੀਲਾਂ ਅਤੇ ਹੁੱਜਤਾਂ ਦੇਣੀਆਂ ਸ਼ੁਰੂ ਕਰ ਦਿੰਦਾ ਹੈਂ। ਇਤਨਾ ਹੀ ਨਹੀਂ ਨਿਗੁਣੀਆਂ ਸਭਾ ਸੋਸਾਈਟੀਆਂ ਤੇ ਕਲੱਬਾਂ ਆਦਿ ਦੀ ਮੈਂਬਰਸ਼ਿਪ ਲਈ ਤਾਂ ਤੂੰ ਅੱਖਾਂ ਬੰਦ ਕਰਕੇ ਦਸਖਤ ਕਰਦਾ ਹੈਂ ਕਿ ਮੈਂ ਸੌਂਹ ਖਾ ਕੇ ਕਹਿੰਦਾ ਹਾਂ ਕਿ ਮੌਜੂਦਾ ਅਤੇ ਅੱਗੋਂ ਬਣਨ ਵਾਲੇ ਸਾਰੇ ਹੁਕਮ ਮੰਨਾਗਾਂ :

ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ਤੋਟੇ ਕਉ ਬੇਗਿ ਧਾਇਆ ॥ (ਪੰਨਾ ੪੦੨)

ਚੰਦਾ ਦੇਤੇ ਹੈਂ ਮਸਜਿਦ ਮੇਂ, ਸ਼ਰਾਬ ਪੀਤੇ ਹੈਂ ਮੈਖ਼ਾਨੇ ਮੈਂ।
ਖ਼ੁਦਾ ਭੀ ਰਾਜ਼ੀ ਰਹੇ, ਸ਼ੈਤਾਨ ਭੀ ਨਾਰਾਜ਼ ਨਾ ਹੋ।

ਭਾਈ ਸਾਹਿਬ ਭਾਈ ਨੰਦ ਲਾਲ ਜੀ ਕਹਿੰਦੇ ਹਨ ਕਿ ਇੱਕ ਦਫ਼ਾ ਮੈਂ ਗੁਰੂ ਗੋਬਿੰਦ ਸਿੰਘ ਜੀ ਨੂੰ ਕਹਿ ਬੈਠਾ ਕਿ ਮੈਂ ਆਪਣੀ ਜਾਨ ਹਾਜ਼ਰ ਕਰਦਾ ਹਾਂ, ਮੇਰੇ ਤੇ ਆਪਣੀ ਨਦਰਿ ਕਰੋ। ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਵੇਲੇ ਕਿਹਾ ਕਿ ਇਥੇ ਸੌਦੇਬਾਜ਼ੀ ਨਹੀਂ ਹੁੰਦੀ :

ਗੁਫਤਮ ਕਿ ਜਾਂ-ਦਿਹੇਮ ਇਵਜ਼ਿ ਨਿਗਾਹਿ ਤੂ
ਗੁਫਤਾ ਮਿਵਿ ਮਾ ਓ ਤੂ ਸੌਦਾ ਨਮੀ ਸਵਦ।

ਸੋ ਮੇਰੇ ਮਿੱਤਰ ! ਫ਼ਾਇਦੇ ਨੁਕਸਾਨ ਵਾਲੇ ਬਾਣੀਆਂ ਬਿਰਤੀ ਦੇ ਸਵਾਲ ਨਾ ਪੁੱਛ। ਯਾਦ ਰੱਖੀਂ ਕਿ ਗੁਰੂ ਨਾਨਕ ਸਾਹਿਬ ਜੀ ਦਾ ਬਚਨ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
(ਪੰਨਾ ੧੪੧੨)

ਗੁਰੂ ਅਰਜਨ ਸਾਹਿਬ ਜੀ ਦਾ ਹੁਕਮ ਹੈ :

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥
(ਪੰਨਾ ੧੧੦੨)

ਕਬੀਰ ਸਾਹਿਬ ਦੀ ਬਾਣੀ ਹੈ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥
(ਪੰਨਾ ੧੧੦੫)

ਬਾਬਾ ਫਰੀਦ ਜੀ ਦਾ ਬਚਨ ਹੈ :

ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ॥
ਉਸੁ ਊਪਰਿ ਹੈ ਮਾਰਗੁ ਮੇਰਾ ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥ (ਪੰਨਾ ੭੯੪)

ਕੇਸ ਤਾਂ ਕਲਗੀਧਰ ਪਿਤਾ ਦੀ ਦਾਤ ਹਨ, ਉਹਨਾਂ ਦੀ ਬਖ਼ਸ਼ਿਸ਼, ਉਹਨਾਂ ਦਾ ਤੋਹਫਾ ਹਨ। ਕੀ ਤੂੰ ਕਿਸੇ ਅਜ਼ੀਜ਼, ਕਿਸੇ ਬਜ਼ੁਰਗ, ਕਿਸੇ ਪਿਆਰੇ ਦੀ ਭੇਂਟ ਕੀਤੀ ਹੋਈ ਵਸਤੂ ਦਾ ਬਜ਼ਾਰ 'ਚੋਂ ਮੁੱਲ ਲਵਾਂਦਾ ਹੈ, ਜਾਂ ਫਿਰ ਵੇਖਦਾ ਹੈਂ ਕਿ ਇਸ ਦੀ ਲੋੜ ਹੈ ਤਾਂ ਰੱਖਾਂ ਨਹੀਂ ਤਾਂ ਵਾਪਸ ਕਰ ਦਿਆਂ ਜਾਂ ਸੁੱਟ ਦਿਆਂ ? ਕੀ ਸਾਰੇ ਸੰਸਾਰ ਵਿਚ ਬਜ਼ੁਰਗਾਂ ਦੀਆਂ ਨਿਸ਼ਾਨੀਆਂ, ਅਜਾਇਬ ਘਰਾਂ ਵਿਚ ਪਈਆਂ ਪੁਰਾਣੀਆਂ ਵਸਤਾਂ ਜੋ ਅੱਜ ਦੇ ਸਮੇਂ ਵਿਚ ਕਿਸੇ ਕੰਮ ਨਹੀਂ ਆ ਸਕਦੀਆਂ ਹਨ, ਸਭ ਸੁੱਟ ਦੇਣੀਆਂ ਚਾਹੀਦੀਆਂ ਹਨ ? ਬਰਲਿਨ ਦੀ ਢਾਹੀ ਹੋਈ ਦੀਵਾਰ ਦੇ ਟੁਕੜੇ ਉਹਨਾਂ ਲੋਕਾਂ ਨੇ ਲੈਮੀਨੇਟ ਕਰਵਾ ਕੇ ਸਾਂਭ ਲਏ ਹਨ ਅਤੇ ਉਹਨਾਂ ਲਈ ਉਹ ਬੇਸ਼ਕੀਮਤੀ ਤੋਹਫੇ ਹਨ। ਓਪਰੇਸ਼ਨ ਬਲਯੂ ਸਟਾਰ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੜੇ ਹੋਏ ਸਮਾਨ ਦੇ ਸਵਾਹ ਅਤੇ ਟੁੱਕੜੇ ਸਿੱਖਾਂ ਨੇ ਸੀਨੇ ਨਾਲ ਲਾ ਕੇ ਸਾਂਭੇ ਹੋਏ ਹਨ। ਤੂੰ ਉਸ ਦੀ ਕੀ ਕੀਮਤ ਲਾਣਾ ਚਾਹੁੰਦਾ ਹੈਂ ਜਾਂ ਉਸ ਵਿੱਚੋਂ ਕੀ ਫ਼ਾਇਦਾ ਲੱਭਦਾ ਹੈਂ ? ਕੀ ਕਿਸੇ ਬਖ਼ਸ਼ਿਸ਼ ਜਾਂ ਤੋਹਫ਼ੇ ਦੀ ਕੀਮਤ ਲਗਾਣੀ ਜਾਂ ਉਸ ਨੂੰ ਫ਼ਾਇਦੇ ਨੁਕਸਾਨ 'ਤੇ ਪਰਖਣ ਦੀ ਕੋਸ਼ਿਸ਼ ਕਰਨੀ ਪਿਆਰ ਦੇ ਸ਼ੀਸ਼ੇ 'ਤੇ ਵੱਟਾ ਮਾਰਨ ਦੇ ਤੁੱਲ ਨਹੀਂ ਹੈ ?

ਇੱਕ ਗੱਲ ਤੇਰਾ ਉਚੇਚਾ ਧਿਆਨ ਮੰਗਦੀ ਹੈ। ਜਿਵੇਂ ਮੈਂ ਤੈਨੂੰ ਹੁਣੇ ਹੁਣੇ ਦੱਸਿਆ ਹੈ ਗੁਰੂ ਨਾਨਕ ਸਾਹਿਬ ਜੀ ਦਾ ਪਾਵਨ ਬਚਨ ਹੈ ਕਿ ਜੇ ਪ੍ਰੇਮ ਦੀ ਖੇਡ ਖੇਡਣ ਦਾ ਚਾਉ ਹੈ ਅਤੇ ਤੂੰ ਮੇਰੀ ਗਲੀ ਵਿਚ ਆਉਣਾ ਚਾਹੁੰਦਾ ਹੈਂ ਤਾਂ ਮੁਬਾਰਕ ਹੈ

ਪਰ ਇਸ ਗਲੀ ਵਿਚ ਦਾਖਲ ਹੋਣ ਤੋਂ ਪਹਿਲਾਂ ਤੈਨੂੰ ਆਪਣਾ ਸਿਰ ਹਥੇਲੀ 'ਤੇ ਰੱਖਣਾ ਪੈਣਾ ਹੈ। ਸਾਹਿਬਾਂ ਦੇ ਮੁਬਾਰਕ ਬਚਨ ਹਨ :

ਲਗਦਾ ਹੈ, ਗੁਰੂ ਨਾਨਕ ਸਾਹਿਬ ਬਾਰੇ ਤੇਰੇ ਮਨ ਵਿਚ ਉਕਰੇ ਚਿੱਤਰ ਵਿਚ ਇਹ ਗੱਲ ਸਮਾ ਨਹੀਂ ਰਹੀ ਪਰ ਗੁਰੂ ਨਾਨਕ ਪਾਤਸ਼ਾਹ ਨੇ ਮਾਰੂ ਰਾਗ ਵਿਚ ਫੁਰਮਾਇਆ ਹੈ ਕਿ 'ਖੰਡੇ ਧਾਰ ਗਲੀ ਅਤਿ ਭੀੜੀ' ਯਾਨਿ ਕਿ ਆਸ਼ਕਾਂ ਦੀ ਇਹ ਗਲੀ ਖੰਡੇ ਦੀ ਧਾਰ ਤੋਂ ਵੀ ਤਿੱਖੀ ਅਤੇ ਭੀੜੀ ਹੈ। ਪ੍ਰੀਤਮ ਦੀ ਇਹ ਗਲੀ ਰੱਬ ਦੇ ਸੱਚੇ ਆਸ਼ਕਾਂ ਦੀ ਗਲੀ ਹੈ। ਇਹ ਦਲੀਲਬਾਜ਼ਾਂ ਜਾਂ ਹੋਛੇ ਅਤੇ ਨਕਲੀ ਮਜਨੂਆਂ ਦੀ ਗਲੀ ਵੀ ਨਹੀਂ। ਇੱਥੇ ਇਸ਼ਕ ਸਿਰ ਦੀ ਕੀਮਤ ਦੇ ਕੇ ਸਿਰੇ ਚੜ੍ਹਦਾ ਹੈ :

ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ
ਸਿਰੁ ਵੇਚਿ ਲੀਓ ਮੁਲਿ ਮਹਘਾ ॥੧॥

(ਗੁਰੂ ਗ੍ਰੰਥ ਸਾਹਿਬ, ਪੰਨਾ ੭੩੧)

ਸ਼ਰਧਾ-ਵਿਹੀਣ ਹਿਕਮਤ ਹੁੱਜਤ ਬਣ ਕੇ ਪੰਡਤਾਈ ਨੂੰ ਵੀ ਮੂਰਖਤਾ ਵਿਚ ਤਬਦੀਲ ਕਰ ਦਿੰਦੀ ਹੈ। 'ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ' ਇਹ ਤਾਂ 'ਅਨੁਭਵ ਪ੍ਰਕਾਸ਼" ਨਾਲ ਸਰਾਬੋਰ ਹੋਏ 'ਪੰਜ ਪਿਆਰਿਆਂ' ਦੀ ਗਲੀ ਹੈ ਜੋ ਆਪਣਾ ਆਪ ਗੁਰੂ ਵਿਚ ਜਜ਼ਬ ਕਰਨ ਦੀ ਲੋਚਾ ਲੈ ਕੇ ਇਸ ਰਾਹ ਤੁਰੇ ਹਨ :

ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥
ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ॥੩੩॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੩੬੬)

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਹੁਕਮ ਕੀਤਾ ਹੈ,
ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥

(ਦਸਮ ਗ੍ਰੰਥ, ਪੰਨਾ ੧੪)

ਜਿਸ ਇਸ਼ਕਿ ਹਕੀਕੀ ਦੀ ਗੱਲ ਗੁਰੂ ਨਾਨਕ ਸਾਹਿਬ ਨੇ ਸ਼ੁਰੂ ਕਰਕੇ ਆਸ਼ਕਾਂ ਨੂੰ ਆਪਣੇ ਮਹਿਬੂਬ ਨੂੰ ਮਿਲਣ ਦੀ ਜੁਗਤੀ ਦੱਸੀ ਸੀ ਕਿ ਆਪਣਾ ਸਿਰ ਹਥੇਲੀ 'ਤੇ ਰੱਖ ਕੇ ਲੈ ਕੇ ਆਉ, ਸਾਹਿਬਾਂ ਨੇ ਕੇਸਗੜ੍ਹ ਸਾਹਿਬ ਦੀ ਪਾਵਨ ਧਰਤੀ ਤੋਂ ਪੰਜ ਸਿਰਾਂ ਦੀ ਮੰਗ ਕਰਕੇ ਇਸੇ ਅਸੂਲ ਬਾਰੇ ਅਮਲੀ ਪਰਚਾ ਪਾਇਆ ਸੀ। ਜਿਹੜੇ ਇਸ ਪਰਚੇ ਵਿਚ ਪਾਸ ਹੋ ਗਏ ਕਲਗੀਆਂ ਵਾਲੇ ਮਹਿਬੂਬ ਨੇ ਉਹਨਾਂ ਨੂੰ ਆਸ਼ਿਕ, ਪਿਆਰੇ ਕਹਿ ਕੇ ਆਪਣੇ ਗੱਲ ਨਾਲ ਲਾ ਲਿਆ। ਉਹਨਾਂ ਦੀ ਜੋਤ ਨਾਲ ਜੋਤਿ ਮਿਲ ਗਈ। ਦਵੈਤ ਏਕ ਰੂਪ ਹੋ ਗਏ। ਸੰਪੂਰਨਤਾ ਹੋ ਗਈ। ਇਸ਼ਕ ਸਿਰੇ ਚੜ੍ਹ ਗਿਆ।

ਦਰਅਸਲ ਇਸ਼ਕ ਦੇ ਰਾਹ 'ਤੇ ਤੁਰਨ ਦਾ ਦਸਤੂਰ ਹੈ ਕਿ ਜੇ ਸਹੀ ਮਾਇਨੇ ਵਿਚ ਮਹਿਬੂਬ ਨੂੰ ਦਿਲ ਭੇਟ ਹੋ ਗਿਆ ਤਾਂ ਫਿਰ ਸਿਰ ਦੇਣਾ ਤਾਂ ਮਹਿਜ ਇੱਕ ਰਸਮ ਹੀ ਹੈ। ਜਿਵੇਂ, ਅਲੀ ਸਰਦਾਰ ਜਾਫ਼ਰੀ ਨੇ ਵੀ ਕਿਹਾ ਹੈ ਕਿ ਆਸ਼ਿਕਾਂ ਦੀ

ਕਤਲਗਾਹ ਦਾ ਦਸਤੂਰ ਹੈ ਕਿ ਮਹਿਬੂਬ ਨੂੰ ਸਿਰ ਭੇਂਟ ਕਰਨ ਤੋਂ ਪਹਿਲਾਂ ਆਪਣਾ ਦਿਲ ਦੇਣਾ ਪੈਂਦਾ ਹੈ,

ਮਕਤਲੇ ਸ਼ੌਂਕ ਕੇ ਆਦਾਬ ਨਿਰਾਲੇ ਹੈਂ ਬਹੁਤ,
ਦਿਲ ਭੀ ਕਾਤਿਲ ਕੋ ਦਿਆ ਕਰਤੇ ਹੈਂ ਸਰ ਸੇ ਪਹਲੇ।

ਹੁਣ ਜਦੋਂ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ ਇਹ ਸ਼ਰਤ ਰੱਖ ਰਹੇ ਹਨ ਕਿ ਜੇ ਤੂੰ ਮੈਨੂੰ ਸਚਮੁੱਚ ਹੀ ਪਿਆਰ ਕਰਨ ਦਾ ਦਾਅਵਾ ਕਰਦਾ ਹੈਂ ਤਾਂ ਫਿਰ ਆਪਣਾ ਸਿਰ ਹਥੇਲੀ 'ਤੇ ਰੱਖ ਕੇ ਆ। ਗੁਰੂ ਨੂੰ ਮੱਥਾ ਟੇਕਣ ਦਾ ਇਹੀ ਅਰਥ ਹੁੰਦਾ ਹੈ ਕਿ ਮੈਂ ਆਪਣਾ ਸਿਰ ਭੇਟ ਕਰ ਰਿਹਾ ਹਾਂ ਤੇ ਜੇ ਕਰ ਸਿਰ ਹੀ ਗੁਰੂ ਦਾ ਹੈ ਤਾਂ ਕੀ ਕਦੀ ਸੋਚਿਆ ਜਾ ਸਕਦਾ ਹੈ ਕਿ ਸਿਰ ਭੇਟ ਕਰਨ ਤੋਂ ਪਹਿਲਾਂ ਉਸ ਨੂੰ ਉਸਤਰੇ ਨਾਲ ਸਾਫ਼ ਕਰ ਕੇ ਮੁੰਨ ਦਿੱਤਾ ਜਾਵੇਗਾ। ਇਹੋ ਜਿਹਾ ਹਜਾਮਤ ਕੀਤਾ ਹੋਇਆ ਸਿਰ ਗੁਰੂ ਨੂੰ ਭੇਟ ਕਰਨਾ, ਕੀ ਗੁਰੂ ਨਾਲ ਮਜ਼ਾਕ ਜਾਂ ਗੁਰੂ ਪਾਤਸ਼ਾਹ ਦੀ ਨਿਰਾਦਰੀ ਨਹੀਂ ? ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਜਿਹਨਾਂ ਨੇ ਗੁਰੂ ਨਾਲ ਪਿਆਰ ਕੀਤਾ, ਉਹਨਾਂ ਨੇ ਤਨ-ਮਨ-ਧਨ ਸਭ ਗੁਰੂ ਨੂੰ ਸੌਂਪ ਕੇ ਉਸ ਦਾ ਹੁਕਮ ਮਨ ਕੇ ਹੀ ਉਸ ਨੂੰ ਪਾਇਆ ਹੈ ਪਰ ਇੱਕ ਗੱਲ ਸਪੱਸ਼ਟ ਹੈ ਕਿ ਪ੍ਵਾਨੇ ਬਾਅਦ ਵਿਚ ਸੜੇ ਹਨ, ਗੁਰੂ ਜੋਤਿ ਨੇ ਪਹਿਲੋਂ ਜਹਾਂਗੀਰ ਦੀ ਦੇਗ, ਤੱਤੀ ਤਵੀ ਅਤੇ ਔਰੰਗਜ਼ੇਬ ਦੀ ਤਲਵਾਰ ਥੱਲੇ ਆਪਣਾ ਸਿਰ ਦਿੱਤਾ ਹੈ :

ਸ਼ਮ੍ਹਾ ਭੀ ਕਮ ਨਹੀਂ ਕੁਛ ਇਸ਼ਕ ਮੈਂ ਪਰਵਾਨੇ ਸੇ,
ਜਾਨ ਦੇਤਾ ਹੈ ਅਗਰ ਵੋ, ਤੋ ਯੇ ਸਰ ਦੇਤੀ ਹੈ। (ਜੋਸ਼)

ਇਕ ਹੋਰ ਬਿੰਬਾਤਮਕ ਪਰ ਪ੍ਰੇਰਨਾਦਾਇਕ ਸਾਖੀ ਮੈਂ ਤੇਰੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ। ਬਾਬਾ ਫ਼ਰੀਦ ਪਾਕਪਟਨ ਜਾਂਦਿਆਂ ਜਦੋਂ ਪੰਜਾਬ ਵਿੱਚੋਂ ਲੰਘੇ, ਤਾਂ ਫਰੀਦਕੋਟ ਦੇ ਮੁਕਾਮ 'ਤੇ ਉਹਨਾਂ ਦੇ ਮਨ ਵਿਚ ਇਹ ਖ਼ਿਆਲ ਆਇਆ ਕਿ ਮੇਰੇ ਫ਼ਕੀਰਾਂ ਵਾਲੇ ਚੋਲੇ ਨੂੰ ਲੋਕ ਤਾਂ ਨਮਸਕਾਰ ਕਰਦੇ ਅਤੇ ਚੁੰਮਦੇ ਹਨ ਕਿਉਂਕਿ ਮੈਂ ਇਸ ਨੂੰ ਧਾਰਨ ਕੀਤਾ ਹੋਇਆ ਹੈ ਪਰ ਕਿਸੇ ਨੇ ਵਿਚਾਰ ਦਿੱਤਾ ਕਿ ਫਕੀਰਾਂ ਦਾ ਬਾਣਾ ਬਾਬਾ ਫ਼ਰੀਦ ਦੇ ਤਨ 'ਤੇ ਹੈ, ਇਸ ਲਈ ਇਹਨਾਂ ਦੀ ਇੱਜ਼ਤ ਹੁੰਦੀ ਹੈ। ਬਾਬਾ ਫ਼ਰੀਦ ਨੇ ਉਹ ਚੋਲਾ ਲਾਹ ਕੇ ਲੀਰਾਂ-ਲੀਰਾਂ ਕਰ ਕੇ ਸੁੱਟ ਦਿੱਤਾ। ਉੱਥੇ ਖੇਡ ਰਹੇ ਬੱਚਿਆਂ ਨੇ ਉਸ ਦੀ ਗੇਂਦ ਬਣਾ ਕੇ ਉਸ ਨੂੰ ਠੁੱਡੇ ਮਾਰਨੇ ਸ਼ੁਰੂ ਕਰ ਦਿੱਤੇ। ਬਾਬਾ ਜੀ ਇਹ ਦੇਖ ਕੇ ਮੁਸਕਰਾ ਪਏ ਕਿ ਇਸ ਦੀ ਅਸਲੀਅਤ ਇਹ ਸੀ। ਇਤਨੇ ਨੂੰ ਹਾਕਮ ਨੂੰ ਕੁਝ ਮਜ਼ਦੂਰ ਚਾਹੀਦੇ ਸਨ, ਸੋ ਸਧਾਰਣ ਕੱਪੜਿਆਂ ਵਿਚ ਘੁੰਮ ਰਹੇ ਬਾਬਾ ਫ਼ਰੀਦ ਨੂੰ ਉਹਨਾਂ ਨੇ ਦੋ ਡੰਡੇ ਵੀ ਜੜ ਦਿੱਤੇ ਤੇ ਨਾਲ ਹੀ ਟੋਕਰੀ ਵੀ ਚੁੱਕਾ ਦਿੱਤੀ। ਬਾਬਾ ਜੀ ਇਸ ਤੋਂ ਬਾਅਦ ਲੰਬੀ ਸੋਚ ਵਿਚ ਚਲੇ ਗਏ ਕਿ ਮੇਰੇ ਕਰਕੇ ਇਸ ਦੀ ਇੱਜ਼ਤ ਸੀ ਅਤੇ ਇਸ ਦੇ ਕਰਕੇ ਮੇਰੀ ਯਾਨੀ ਕਿ ਬਾਣੇ ਅਤੇ ਬਾਣੀ ਕਰ ਕੇ ਬਾਣੇ ਦੀ ਸੋਭਾ ਹੈ।

ਗੁਰੂ ਅਰਜਨ ਪਾਤਿਸ਼ਾਹ ਨੇ ਇਕ ਕਮਾਲ ਦੀ ਅਰਦਾਸ ਵਾਹਿਗੁਰੂ ਅੱਗੇ ਕੀਤੀ

ਹੈ ਕਿ ਹੇ ਕਰਤਾ ਪੁਰਖ ! ਨਾ ਤਾਂ ਮੈਨੂੰ ਕਰਮ ਹੀ ਆਂਦਾ ਹੈ, ਨਾ ਮੈਨੂੰ ਧਰਮ ਹੀ ਆਂਦਾ ਹੈ, ਮੈਂ ਲੋਭੀ ਅਤੇ ਮਾਇਆਧਾਰੀ ਵੀ ਹਾਂ ਪਰ ਲੋਕਾਂ ਵਿਚ ਮਸ਼ਹੂਰ ਹੋ ਗਿਆ ਹਾਂ ਕਿ ਮੈਂ ਤੇਰਾ ਭਗਤ ਹਾਂ। ਸੋ ਹੁਣ ਮੇਰੀ ਨਹੀਂ ਬਲਕਿ ਤੇਰੀ ਇੱਜ਼ਤ ਦਾ ਸਵਾਲ ਹੈ। ਤੂੰ ਹੁਣ ਆਪਣੀ ਪੈਜ ਆਪ ਹੀ ਰੱਖ ਲੈ :

ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ॥
ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ॥ (ਪੰਨਾ ੬੨੪)

ਸੋ ਗੱਲ ਬੜੀ ਸਾਫ਼ ਹੈ। ਅਸੀਂ ਗੁਰੂ ਜੋਗੇ ਹੋ ਜਾਈਏ, ਉਹ ਹਲਤ-ਪਲਤ ਸਹਾਈ ਹੋਵੇਗਾ, ਜਿਸ ਤਰ੍ਹਾਂ ਉਸ ਨੇ ਭਾਈ ਜੋਗਾ ਸਿੰਘ ਦੇ ਬਿਰਦ ਬਾਣੇ ਦੀ ਲਾਜ ਰੱਖੀ ਸੀ। ਮੁਕਤਸਰ ਦਾ ਸਵਾਮੀ ਤਾਂ ਸਾਡਾ ਬੇਦਾਵਾ ਪਾੜਨ ਲਈ ਬੇਤਾਬ ਹੈ, ਢਿੱਲ ਸਾਡੇ ਵੱਲੋਂ ਹੀ ਹੈ। ਕਲਗੀਧਰ ਪਿਤਾ ਦੀ ਇਸ ਦਾਤ (ਕੇਸਾਂ) ਪ੍ਰਤੀ ਤੜਪ ਅਤੇ ਟੁੱਟੀ-ਗੰਢਣਹਾਰ ਪ੍ਰੀਤਮ ਕੋਲੋਂ ਆਪਣੀ ਭੁੱਲ ਬਖਸ਼ਾਉਣ ਦੀ ਹੇਠ ਦਿੱਤੀ ਚਿੱਠੀ ਅਤੇ ਵਾਰਤਾ ਧਿਆਨ ਮੰਗਦੀ ਹੈ—

ਸਿੱਖ ਰਾਜ ਦੀ ਸਮਾਪਤੀ ਉਪਰੰਤ ਮਹਾਰਾਜਾ ਦਲੀਪ ਸਿੰਘ ਕੇਵਲ ਨੌ ਵਰ੍ਹਿਆਂ ਦੇ ਹੀ ਸਨ, ਜਦੋਂ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਉਹਨਾਂ ਨੂੰ ਆਪਣੀ ਹਿਫ਼ਾਜ਼ਤ ਵਿਚ ਲੈ ਲਿਆ। ਮਹਾਰਾਜਾ ਦੇ ਸਾਰੇ ਸਿੱਖ ਅਹਿਲਕਾਰਾਂ ਅਤੇ ਉਹਨਾਂ ਦੇ ਸਾਥੀਆਂ ਤੋਂ ਵੱਖ ਕਰਕੇ ਉਹਨਾਂ ਦੇ ਇਕ ਮੁਸਲਮਾਨ ਅਹਿਲਕਾਰ ਮੀਆਂ ਖੇਮਾਂ ਦੇ ਨਾਲ ਉਹਨਾਂ ਨੂੰ ਕਲਕੱਤਾ ਲੈ ਆਂਦਾ ਗਿਆ ਪਰ ਮੀਆਂ ਖੇਮਾਂ ਵੀ ਕੁਝ ਸਮਾਂ ਬਾਅਦ ਲਾਹੌਰ ਵਾਪਸ ਚਲਾ ਗਿਆ। ਉਸ ਦੀ ਥਾਂਵੇਂ ਅਮਰੀਕਨ ਮਿਸ਼ਨ ਸਕੂਲ ਦੇ ਪੜ੍ਹੇ ਹੋਏ ਅਤੇ ਫਰੁੱਖਾਬਾਦ ਦੇ ਵਾਸੀ ਪੰਡਤ ਭਜਨ ਲਾਲ ਨੂੰ ਅਹਿਲਕਾਰ ਲਾਇਆ ਗਿਆ, ਜੋ ਮਹਾਰਾਜਾ ਨੂੰ ਬਾਈਬਲ ਪੜ੍ਹ ਕੇ ਸੁਣਾਇਆ ਕਰਦਾ ਸੀ। ਅਖੀਰ ੮ ਮਾਰਚ, ੧੯੫੩ ਨੂੰ ਕਲਕੱਤਾ ਵਿਚ ਇਕ ਸਮਾਗਮ ਕਰਕੇ ਕਲਕੱਤਾ ਦੇ ਬਿਸ਼ਪ ਡਾਕਟਰ ਵਿਸਲਨ ਅਤੇ ਚੈਪਲੇਨ ਦੇ ਡਬਲਯੂ ਜੇ ਹੇਯ ਦੀ ਅਗਵਾਈ ਵਿਚ ਸਿੱਖ ਰਾਜ ਦੇ ਇਸ ਅਖ਼ੀਰਲੇ ਚਿਰਾਗ ਨੂੰ ਈਸਾਈ ਬਣਾ ਦਿੱਤਾ ਗਿਆ ਪਰ ਹਾਲੇ ਮਹਾਰਾਜੇ ਦੇ ਕੇਸ ਨਹੀਂ ਕਤਲ ਕੀਤੇ ਗਏ। ਈ. ਡਲਹੌਜ਼ੀ ਲੌਗਿਨ ਨੇ ਲਿਖਿਆ ਹੈ ਕਿ ਇਹ ਸਮਾਗਮ ਕਾਫ਼ੀ ਗ਼ਮਗੀਨ ਸੀ ਅਤੇ ਉੱਥੇ ਹਾਜ਼ਰ ਕੁੱਝ ਪੰਜਾਬੀਆਂ ਦੇ ਚਿਹਰਿਆਂ 'ਤੇ ਉਦਾਸੀ ਪ੍ਰਤੱਖ ਝਲਕ ਰਹੀ ਸੀ। ਇਸ ਦੇ ਇਕ ਸਾਲ ਬਾਅਦ ਮਹਾਰਾਜਾ ਦਲੀਪ ਸਿੰਘ ਦੇ ਕੇਸ ਕਤਲ ਕਰ ਕੇ ਗੁਰੂ ਨਾਨਕ ਨਾਲੋਂ ਉਹਨਾਂ ਦਾ ਰਿਸ਼ਤਾ ਤੋੜ ਦਿੱਤਾ ਗਿਆ। ਕਿਤਨਾ ਸਿੱਧਾ ਸਪੱਸ਼ਟੀਕਰਨ ਦਿੱਤਾ ਹੈ, ਇਸ ਫਰੰਗੀ ਲਿਖਾਰੀ ਨੇ ਕਿ ਸਿੱਖ ਦੇ ਕੇਸ ਕੱਟ ਦੇਣ ਨਾਲ ਉਸ ਦਾ ਰਿਸ਼ਤਾ ਗੁਰੂ ਨਾਨਕ ਨਾਲੋਂ ਟੁੱਟ ਜਾਂਦਾ ਹੈ। ਇਸ ਬਾਰੇ ਈ. ਡਲਹੌਜ਼ੀ ਲੌਗਿਨ ਨੇ ਆਪਣੀ ਪੁਸਤਕ ਲੇਡੀ ਲੌਗਿਨਸ ਰੀਕੁਲੈਕਸ਼ਨਜ਼ (Lady Login's Recollections by E. Dalhousle Login) ਵਿਚ ਲਿਖਿਆ ਹੈ,

He had been long anxious to show that he was no longer a

follower of Nanak, the Sikh Prophet, by cutting off the long tress of hair which he, in common with all Sikhs, wore twisted up into a knob above the forehead and covered with the bright-coloured under-turban,

ਮਹਾਰਾਜਾ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਜਿੰਦ ਕੌਰ, ਜੋ ਦਰ-ਬਦਰ ਹੋ ਅੰਗਰੇਜ਼ਾਂ ਦੀ ਕੂਟਲਨੀਤੀ ਕਾਰਨ ਆਪਣੀਆਂ ਅੱਖਾਂ ਦੀ ਰੌਸ਼ਨੀ ਵੀ ਗਵਾ ਚੁੱਕੀ ਸੀ, ਨੂੰ ਈਸਾਈ ਬਣੇ ਹੋਏ ਆਪਣੇ ਬੇਟੇ ਨਾਲ ਮਿਲਵਾਇਆ ਗਿਆ। ਮਾਂ ਨੇ ਜਦੋਂ ਆਪਣੇ ਬੱਚੇ ਦੇ ਸਿਰ 'ਤੇ ਹੱਥ ਫੇਰਿਆ ਤਾਂ ਨਾ ਦਸਤਾਰ ਅਤੇ ਨਾ ਹੀ ਕੇਸ ਵੇਖ ਕੇ ਆਪ ਦੀਆਂ ਭੁੱਬਾਂ ਨਿਕਲ ਗਈਆਂ। ਦਲੀਪ ਸਿੰਘ ਹਿੱਲ ਗਿਆ। ਉਸ ਨੇ ਮਾਂ ਨੂੰ ਕਿਹਾ ਕਿ "ਮਾਂ! ਮੈਂ ਤੇਰਾ ਸੁਹਾਗ ਤਾਂ ਵਾਪਸ ਨਹੀਂ ਦਵਾ ਸਕਦਾ, ਤੇਰਾ ਰਾਜ ਵਾਪਸ ਨਹੀਂ ਦਵਾ ਸਕਦਾ, ਹੋਰ ਸਾਰੇ ਹੋਏ ਨੁਕਸਾਨ ਦੀ ਪੂਰਤੀ ਨਹੀਂ ਕਰ ਸਕਦਾ ਪਰ ਗੁਰੂ ਕਿਰਪਾ ਕਰੇ ਅਤੇ ਜੇਕਰ ਪੰਥ ਮੈਨੂੰ ਬਖਸ਼ ਲਵੇ, ਮੈਂ ਕਲਗੀਧਰ ਪਿਤਾ ਨੂੰ ਦਿੱਤਾ ਆਪਣਾ ਇਹ ਬੇਦਾਵਾ ਜ਼ਰੂਰ ਪੜ੍ਹਵਾਣ ਦੀ ਕੋਸ਼ਿਸ਼ ਕਰਾਂਗਾ।" ਇਸ ਪਿਛੋਕੜ ਵਿਚ ਮਹਾਰਾਜਾ ਦਲੀਪ ਸਿੰਘ ਨੇ ੯ ਮਾਰਚ ੧੮੮੬ ਨੂੰ ਲੰਡਨ ਤੋਂ ਇੱਕ ਖਤ ਵਿਚ ਲਿਖਿਆ,

I Need not tell you how pleased I shall be (if the Government permits) for you to be present at my recelving "Powhl" which I trust my cousin Thakar Singh Sindanwalia wili administer to me.....I put my faith entirely in Sutgooroo who now that I turn to him for forgiveness I know will not forsake me.

[ਮੈਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਮੈਂ ਕਿੰਨਾ ਖੁਸ਼ ਹੋਵਾਂਗਾ (ਜੇਕਰ ਸਰਕਾਰੀ ਇਜਾਜ਼ਤ ਹੋਈ) ਕਿ ਤੁਸੀਂ ਉਸ ਸਮੇਂ ਮੌਜੂਦ ਹੋਵੋ, ਜਦੋਂ ਮੈਨੂੰ ਆਸ ਹੈ ਕਿ ਮੇਰੇ ਭਰਾ ਠਾਕੁਰ ਸਿੰਘ ਸੰਧਾਵਾਲੀਆ ਮੈਨੂੰ ਪਾਹੁਲ ਪ੍ਰਦਾਨ ਕਰਨਗੇ..........ਮੈਨੂੰ ਸਾਰਾ ਤਾਣ ਅਤੇ ਭਰੋਸਾ ਆਪਣੇ ਸਤਿਗੁਰੂ ਦਾ ਹੈ ਤੇ ਹੁਣ ਜਦੋਂ ਕਿ ਮੈਂ ਮਾਫ਼ੀ ਲਈ ਗੁਰੂ ਦੇ ਸਨਮੁੱਖ ਹੋਇਆ ਹਾਂ, ਮੈਨੂੰ ਪੂਰਨ ਭਰੋਸਾ ਹੈ ਕਿ ਉਹ ਮੈਨੂੰ ਨਿਰਾਸ ਨਹੀਂ ਕਰਨਗੇ]

ਅੰਮ੍ਰਿਤ ਦੀ ਦਾਤ ਪ੍ਰਾਪਤੀ ਦੀ ਇੱਛਾ ਦੇ ਬਾਵਜੂਦ ਪੰਥ ਕੋਲੋਂ ਆਪਣੀ ਪਹਿਲਾਂ ਕੀਤੀ ਭੁੱਲ ਦੀ ਮਾਫ਼ੀ ਮੰਗਦਿਆਂ ਮਹਾਰਾਜਾ ਦਲੀਪ ਸਿੰਘ ਨੇ ੨੫-੮-੧੮੮੬ ਨੂੰ ਗੁਰੂ ਪੰਥ ਦੇ ਨਾਮ ਇੱਕ ਦਰਦ ਭਰੀ ਚਿੱਠੀ ਲਿਖੀ, ਜੋ ਉਹਨਾਂ ਦੀ ਵੇਦਨਾਂ ਅਤੇ ਪੰਥ ਵਿਚ ਮੁੜ ਸ਼ਾਮਲ ਹੋਣ ਦੀ ਤੜਪ ਦਰਸਾਂਦੀ ਹੈ। ਇਹ ਇਤਿਹਾਸਕ ਚਿੱਠੀ ਇਸ ਤਰ੍ਹਾਂ ਹੈ :

**My beloved Countrymen.**

It was not my intention ever to return to reside in India, but Sutgooroo, who governs all destiny, and is more powerful than I, his erring creature, has caused circumstances to be so brought about that, against my will, I am compelled to quit England, In order to occupy a humble sphere in India. I submit to his will; being persuded that whatever is for the best will happen.

I now, therefore, beg forgiveness of you, Khalsa Jee, or the Pure, for having forsaken the faith of my ancestors for a foreign relligion; but I was very young when I embraced Christianity.

It is my fond desire on reaching Bombay to take the Pahul again, and I sincerely hope for your prayers to the Sutgooroo on that solemn occasion.

I am compelled to write this to you because I am not permitted to visit you in the Punjab, as I had much hoped to do.

Truly a noble reward for my unwavering loyalty to the Empress of India. But Sutgooroo's will be done.

With Wah Gooroo jee ke futteh,

I remain,

My beloved Countrymen,

(London, 25 March, 1886.) Your own flesh and blood,

DULEEP SINGH.

ਇਸ ਚਿੱਠੀ ਦਾ ਤਰਜਮਾ ਇਸ ਤਰ੍ਹਾਂ ਹੈ :

ਮੇਰੇ ਪਿਆਰੇ ਦੇਸ ਵਾਸੀਓ,

ਭਾਰਤ ਵਿਚ ਆ ਕੇ ਰਹਿਣ 'ਤੇ ਵਸਣ ਦੀ ਮੇਰੀ ਇੱਛਾ ਨਹੀਂ ਸੀ ਪਰ ਸਤਿਗੁਰੂ ਸਭ ਦੇ ਵਿਧਾਤਾ ਹਨ। ਉਹ ਅਸਾਂ ਸਭਨਾਂ ਨਾਲੋਂ ਵੱਡੇ ਸ਼ਕਤੀਵਾਨ ਹਨ। ਮੈਂ ਉਸ ਦਾ ਭੁੱਲਿਆ ਹੋਇਆ ਜੀਵ ਹਾਂ। ਮੇਰੀ ਇੱਛਾ ਨਾ ਹੋਣ ਪਰ ਵੀ ਮੈਂ ਸਤਿਗੁਰੂ ਦੇ ਹੁਕਮ ਅੰਦਰ ਇੰਗਲੈਂਡ ਤਿਆਗ ਭਾਰਤ ਵਿਚ ਆਵਾਂਗਾ ਤੇ ਸਾਧਾਰਣ ਰੂਪ ਵਿਚ ਵਸਾਂਗਾ। ਮੈਂ ਸਤਿਗੁਰੂ ਦੀ ਇੱਛਾ ਦੇ ਸਾਹਮਣੇ ਸਿਰ ਨਿਵਾਉਂਦਾ ਹਾਂ। ਉਸ ਦੀ ਜੋ ਮਰਜ਼ੀ ਹੈ, ਉਹੀ ਹੋਵੇਗਾ।

ਪਿਆਰੇ ਖਾਲਸਾ ਜੀ ! ਮੈਂ ਆਪਣੇ ਵੱਡਿਆਂ ਦਾ ਧਰਮ ਤਿਆਗ ਕੇ ਪਰਾਇਆ ਮਤ ਗ੍ਰਹਿਣ ਕਰਨ ਲਈ ਆਪ ਜੀ ਤੋਂ ਖਿਮਾਂ ਮੰਗਦਾ ਹਾਂ ਕਿਉਂਕਿ ਮੈਨੂੰ ਜਦੋਂ

ਈਸਾਈ ਬਣਾਇਆ ਗਿਆ ਸੀ, ਉਦੋਂ ਮੇਰੀ ਉਮਰ ਬਹੁਤ ਛੋਟੀ ਸੀ। ਮੈਂ ਬੰਬਈ ਪੁੱਜ ਕੇ ਸਿੱਖ ਧਰਮ ਗ੍ਰਹਿਣ ਕਰ ਲਵਾਂਗਾ ਤੇ ਸ੍ਰੀ ਗੁਰੂ ਨਾਨਕ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਆਗਿਆ ਦਾ ਪਾਲਨ ਕਰਾਂਗਾ।

ਮੇਰੀ ਬਹੁਤ ਇੱਛਾ ਹੋਣ ਪਰ ਵੀ ਮੈਂ ਪੰਜਾਬ ਪੁੱਜ ਕੇ ਤੁਹਾਨੂੰ ਨਹੀਂ ਮਿਲ ਸਕਾਂਗਾ, ਇਸ ਵਾਸਤੇ ਇਹ ਚਿੱਠੀ ਲਿਖਣ 'ਤੇ ਲਾਚਾਰ ਹੋਇਆ ਹਾਂ। ਮਹਾਰਾਣੀ ਵਿਕਟੋਰੀਆ ਵਿਚ ਮੇਰੀ ਜੋ ਪਰਮ ਭਗਤੀ ਸੀ, ਮੈਂ ਉਸ ਦਾ ਉਚਿੱਤ ਫਲ ਪਾ ਲਿਆ ਹੈ। ਸਤਿਗੁਰੂ ਜੀ ਦੀ ਇੱਛਾ ਪੂਰਨ ਹੋਵੇ।

ਵਾਹਿਗੁਰੂ ਜੀ ਕੀ ਫ਼ਤਹਿ ਦੇ ਨਾਲ।

ਪਿਆਰੇ ਦੇਸ਼ ਵਾਸੀਓ,

ਮੈਂ ਹਾਂ ਤੁਹਾਡਾ ਆਪਣਾ ਮਾਸ ਤੇ ਲਹੂ

(ਲੰਡਨ ੨੫ ਮਾਰਚ ਸੰਨ: ੧੮੮੬ ਈ:) ਦਲੀਪ ਸਿੰਘ

ਬਿਲਕੁਲ ਇਸੇ ਤਰ੍ਹਾਂ ਦੀ ਇੱਕ ਹੋਰ ਸੱਚੀ ਵਾਰਤਾ ਅੰਗਰੇਜ਼ੀ ਅਤੇ ਪੰਜਾਬੀ ਦੇ ਅਲਬੇਲੇ ਸ਼ਾਇਰ ਪ੍ਰੋਫ਼ੈਸਰ ਪੂਰਨ ਸਿੰਘ ਦੇ ਬਾਰੇ ਮੈਂ ਤੈਨੂੰ ਦੱਸਣੀ ਚਾਹਵਾਂਗਾ। ਪ੍ਰੋਫ਼ੈਸਰ ਪੂਰਨ ਸਿੰਘ ਇੱਕ ਵਿਗਿਆਨੀ ਸਨ। ਜਦੋਂ ਆਪ ਜਪਾਨ ਗਏ ਤਾਂ ਉੱਥੇ ਸਵਾਮੀ ਰਾਮ ਤੀਰਥ ਦੇ ਸੰਪਰਕ ਵਿਚ ਆ ਕੇ ਆਪ ਘੋਨ-ਮੋਨ ਸੰਨਿਆਸੀ ਬਣ ਗਏ। ਜਦੋਂ ਵਾਪਸ ਹਿੰਦੁਸਤਾਨ ਆਏ ਤਾਂ ਆਪ ਦੇ ਮਾਤਾ ਪਿਤਾ ਕਲਕੱਤੇ ਦੀਆਂ ਗਲੀਆਂ ਵਿਚ ਲੱਭਦੇ ਹੋਏ ਅਖ਼ੀਰ ਆਪ ਤਕ ਪਹੁੰਚ ਹੀ ਗਏ। ਪਤਿਤ ਹੋਏ ਆਪਣੇ ਪੁੱਤਰ ਨੂੰ ਵੇਖ ਕੇ ਪਿਤਾ ਨੇ ਤਾਂ ਮੂੰਹ ਮੋੜ ਲਿਆ ਪਰ ਮਾਂ ਦੀਆਂ ਭੁੱਬਾਂ ਨਿਕਲ ਗਈਆਂ ਪਰ ਉਸ ਮਾਂ ਨੇ ਇਹ ਅਰਦਾਸ ਨਹੀਂ ਕੀਤੀ ਕਿ ਪੁੱਤਰ ਕੇਸ ਰੱਖ ਲਵੇ ਬਲਕਿ ਉਸ ਨੇ ਅਰਦਾਸ ਕੀਤੀ "ਹੇ ਵਾਹਿਗੁਰੂ। ਪੂਰਨ ਨੂੰ ਸਿੱਖੀ ਜੀਵਨ ਦੀ ਦਾਤ ਬਖ਼ਸ਼।" ਹਾਂ ਮਾਤਾ ਨੇ ਪੂਰਨ ਸਿੰਘ ਨੂੰ ਕਿਹਾ ਕਿ ਤੇਰੀ ਭੈਣ ਗੰਭੀਰ ਬਿਮਾਰੀ ਦੀ ਹਾਲਤ ਵਿਚ ਤੜਫ ਰਹੀ ਹੈ ਤੇ ਉਸ ਨੇ ਆਪਣੀ ਇੱਛਾ ਵਿਚ ਕਿਹਾ ਹੈ ਕਿ ਪੂਰਨ ਉਸ ਕੁੜੀ ਨਾਲ ਵਿਆਹ ਕਰੇ, ਜਿਸ ਨਾਲ ਉਸ ਦੀ ਜਪਾਨ ਜਾਣ ਤੋਂ ਪਹਿਲਾਂ ਕੁੜਮਾਈ ਹੋ ਚੁੱਕੀ ਹੈ। ਪੂਰਨ ਸਿੰਘ ਨੇ ਕਿਹਾ ਕਿ ਮੈਂ ਤਾਂ ਸੰਨਿਆਸੀ ਹਾਂ, ਮੈਂ ਵਿਆਹ ਨਹੀਂ ਕਰਵਾ ਸਕਦਾ। ਪੂਰਨ ਸਿੰਘ ਆਪਣੇ ਦਾਦਾ ਜੀ ਨੂੰ ਮਿਲਣ ਗਿਆ। ਸਾਰੇ ਬੜੇ ਹੈਰਾਨ ਸਨ ਕਿ ਸਖ਼ਤ ਸੁਭਾਅ ਦੇ ਦਾਦਾ ਜੀ ਨੇ ਉਸ ਨੂੰ ਕੁੱਝ ਨਹੀਂ ਕਿਹਾ। ਜਦੋਂ ਪੂਰਨ ਸਿੰਘ ਚੱਲਣ ਲੱਗਾ ਤਾਂ ਦਾਦਾ ਜੀ ਨੇ ਕਿਹਾ, 'ਪੂਰਨ! ਵਿਆਹ ਨਾ ਕਰਾਈਂ।' ਪੂਰਨ ਸਿੰਘ ਨੇ ਇਹ ਗੱਲ ਸੁਣੀ-ਅਣਸੁਣੀ ਕਰ ਦਿੱਤੀ। ਉਸ ਦੇ ਦਾਦਾ ਜੀ ਨੇ ਫਿਰ ਜ਼ੋਰ ਦੇ ਕੇ ਕਿਹਾ, "ਪੂਰਨ ! ਵਿਆਹ ਨਾ ਕਰਾਈਂ।" ਪੂਰਨ ਸਿੰਘ ਨੇ ਪੁੱਛਿਆ, 'ਕਿਉਂ ਪਿਤਾ ਜੀ ?' ਉਸ ਦੇ ਦਾਦਾ ਜੀ ਨੇ ਆਪਣੀ ਸਾਰੀ ਵੇਦਨਾ ਕੱਢ ਦਿੱਤੀ, 'ਅੱਗੇ ਤੇਰੀ ਮਾਂ ਨੇ ਵਿਆਹ ਕੀਤਾ ਤੇ ਇਕ ਘੋਨ-ਮੋਨ ਜੰਮ ਦਿੱਤਾ। ਇਹ ਨਾ ਹੋਏ ਕਿ ਤੂੰ ਵਿਆਹ ਕਰੇਂ ਤੇ ਕੋਈ ਮੁਸਲਮਾਨ ਹੀ ਜੰਮ ਦੇਵੇਂ।' ਪੂਰਨ ਸਿੰਘ ਦੇ ਦਾਦਾ ਦੀ ਇਹ ਗੱਲ ਕਿਸੇ ਦੂਜੇ ਧਰਮ ਦੇ ਵਿਰੁੱਧ ਨਹੀਂ ਹੈ ਬਲਕਿ

ਆਪਣੇ ਧਰਮ ਵਿਚ ਪ੍ਰਪੱਕ ਰਹਿਣ ਦੀ ਤਾਕੀਦ ਹੈ। ਗੁਰੂ ਘਰ ਤਾਂ ਦੂਸਰੇ ਦੇ ਧਾਰਮਿਕ ਚਿੰਨ੍ਹਾਂ ਦੀ ਖ਼ਾਤਿਰ ਆਪਣੀ ਸ਼ਹਾਦਤ ਦੇ ਦਿੰਦਾ ਹੈ। ਗੁਰੂ ਨਾਨਕ ਪਾਤਸ਼ਾਹ ਤਾਂ ਇਕ ਮੁਸਲਮਾਨ ਨੂੰ ਵੀ ਸੱਚਾ ਮੁਸਲਮਾਨ ਬਣਨ ਦਾ ਉਪਦੇਸ਼ ਦਿੰਦੇ ਹਨ :

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੪੦)

ਪਰ ਹਾਲਾਤ ਆਖ਼ਿਰ ਐਸੇ ਬਣੇ ਕਿ ਮਾਂ ਅਤੇ ਭੈਣ ਦੇ ਪਿਆਰ ਦੀ ਪ੍ਰੇਰਨਾ ਨਾਲ ਪੂਰਨ ਸਿੰਘ ਨੇ ਉਸੇ ਕੁੜੀ ਮਾਯਾ ਦੇਵੀ ਨਾਲ ਆਨੰਦ ਕਾਰਜ ਕਰਵਾਇਆ ਅਤੇ ਉਹਨਾਂ ਦੀ ਸੰਤਾਨ ਵੀ ਹੋਈ। ਇੱਕ ਦਿਨ ਆਪ ਆਪਣੇ ਘਰ ਦੇ ਵਿਹੜੇ ਵਿਚ ਬੱਚਿਆਂ ਨਾਲ ਖੇਡ ਰਹੇ ਸਨ ਤਾਂ ਸੰਨਿਆਸੀਆਂ ਦੀ ਇੱਕ ਟੋਲੀ ਉਧਰੋਂ ਲੰਘੀ ਅਤੇ ਪੂਰਨ ਸਿੰਘ ਨੂੰ ਵੇਖ ਕੇ ਉਹਨਾਂ ਨੇ ਬੜਾ ਹੀ ਨੱਕ ਮੂੰਹ ਵੱਟਿਆ। ਉਹਨਾਂ ਕਿਹਾ ਕਿ ਇਹ ਤਾਂ ਪਖੰਡੀ ਜਿਹਾ ਹੈ। ਆਪਣੇ ਆਪ ਨੂੰ ਸੰਨਿਆਸੀ ਵੀ ਕਹਿੰਦਾ ਹੈ ਅਤੇ ਪਰਿਵਾਰ ਵਿਚ ਵੀ ਖਚਤ ਹੈ। ਪੂਰਨ ਸਿੰਘ ਉਹਨਾਂ ਨੂੰ ਪੈ ਗਏ ਕਿ ਤੁਸੀਂ ਕਦੀ ਚਿੜੀਆਂ ਵੇਖੀਆਂ ਹਨ ? ਕਿਸ ਤਰ੍ਹਾਂ ਆਪਣੇ ਬੱਚਿਆਂ ਨਾਲ ਮਿੱਟੀਓ-ਮਿੱਟੀ ਹੁੰਦੀਆਂ ਹਨ ਪਰ ਜਦੋਂ ਉੱਡਣ ਦਾ ਸਮਾਂ ਆਂਦਾ ਹੈ ਤਾਂ ਇੱਕ ਦਮ ਮੋਹ ਮਾਇਆ ਤਿਆਗ ਕੇ ਉੱਡ ਜਾਂਦੀਆਂ ਹਨ। ਅਸਲੀ ਸੰਨਿਆਸੀ ਵੀ ਇਸ ਤਰ੍ਹਾਂ ਹੀ ਹੋਣਾ ਚਾਹੀਦਾ ਹੈ। ਜਿੰਨੀ ਦੇਰ ਸੰਸਾਰ ਵਿਚ ਰਹੇ ਆਪਣੇ ਸੰਸਾਰਕ ਫ਼ਰਜ਼ ਪੂਰੇ ਕਰੇ ਪਰ ਜਦੋਂ ਜਾਣ ਦਾ ਮੌਕਾ ਆਏ, ਤਾਂ ਮੋਹ ਮਾਇਆ ਦਾ ਤਿਆਗ ਕਰ ਚਿੜੀਆਂ ਵਾਂਗ ਉਡਾਰੀ ਲਾ ਜਾਏ।

ਕੁਝ ਚਿਰ ਮਗਰੋਂ ਹੀ ਸਾਲਾਨਾ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਸਿਆਲਕੋਟ ਵਿਚ ਹੋਣੀ ਸੀ। ਭਾਈ ਵੀਰ ਸਿੰਘ ਜੀ ਨੇ ਐਲਾਨ ਕਰ ਦਿੱਤਾ ਕਿ ਇਸ ਸਮਾਗਮ ਵਿਚ ਮੁੱਖ ਭਾਸ਼ਣ ਪ੍ਰੋਫ਼ੈਸਰ ਪੂਰਨ ਸਿੰਘ ਦਾ ਹੋਵੇਗਾ। ਇਸ 'ਤੇ ਕਾਫ਼ੀ ਰੌਲਾ ਪਿਆ ਕਿ ਜੋ ਪਤਿਤ ਹੈ, ਉਹ ਸਿੱਖੀ ਬਾਰੇ ਕਿਵੇਂ ਬੋਲੇਗਾ ? ਪਰ ਦੂਰ-ਅੰਦੇਸ਼ ਭਾਈ ਸਾਹਿਬ ਕੁੱਝ ਹੋਰ ਹੀ ਦੇਖ ਰਹੇ ਸਨ।

ਪੂਰਨ ਸਿੰਘ ਦੇ ਕੁਝ ਰਿਸ਼ਤੇਦਾਰ ਵੀ ਭਾਈ ਵੀਰ ਸਿੰਘ ਜੀ ਕੋਲ ਆਏ ਕਿ ਤੁਸੀਂ ਉਸ ਨੂੰ ਕਹੋ ਕਿ ਉਹ ਕੇਸ ਰੱਖ ਲਵੇ। ਭਾਈ ਸਾਹਿਬ ਨੇ ਕਿਹਾ ਕਿ ਮੈਂ ਨਹੀਂ ਕਹਾਂਗਾ। ਮਹਿਬੂਬ ਦੀ ਸੂਰਤ ਹੀ ਆਬਿਦ ਨੂੰ ਆਪਣੇ ਵਰਗਾ ਬਣਨ ਦੀ ਪ੍ਰੇਰਨਾ ਦਿੰਦੀ ਹੈ। ਜਿਹੜੇ ਕੇਸ ਦਲੀਲ ਨਾਲ ਰਖਾਏ ਜਾਣਗੇ, ਉਹ ਕਿਸੇ ਹੋਰ ਦਲੀਲ ਨਾਲ ਟੁੱਟ ਜਾਣਗੇ, ਪਰ ਜਿਹੜੇ ਕੇਸ ਅੰਦਰੋਂ ਉੱਗਣਗੇ ਉਹ ਪੱਕੇ ਹੋਣਗੇ। ਜਿਸ ਦੀ ਸੀਰਤ ਵਿਚ ਸਿੱਖੀ ਹੋਵੇਗੀ ਉਸ ਦੀ ਸੂਰਤ ਆਪਣੇ ਆਪ ਹੀ ਸਿੱਖ ਵਰਗੀ ਹੋ ਜਾਵੇਗੀ ਪਰ ਜੇਕਰ ਸੂਰਤ ਵਿਚ ਸਿੱਖੀ ਹੈ ਤਾਂ ਉਹ ਸੀਰਤ ਨੂੰ ਸਿੱਖੀ ਪ੍ਰਦਾਨ ਕਰਨ ਦੀ ਪ੍ਰੇਰਨਾ ਦੇਵੇਗੀ।

ਆਖ਼ਰ ਉਹ ਦਿਨ ਵੀ ਆ ਗਿਆ, ਜਦੋਂ ਪ੍ਰੋਫ਼ੈਸਰ ਪੂਰਨ ਸਿੰਘ ਨੇ ਸਿਆਲਕੋਟ

ਸਿੱਖ ਐਜੂਕੇਸ਼ਨਲ ਕਾਨਫ਼ਰੰਸ ਵਿਚ ਆਪਣਾ ਭਾਸ਼ਣ ਦਿੱਤਾ ਅਤੇ ਕਿਹਾ ਕਿ, "ਖਾਲਸਾ ਜੀ! ਮੇਰਾ ਸੰਨਿਆਸੀ ਦਾ ਧਰਮ ਮੁਰਦਾ ਧਰਮ ਹੈ ਪਰ ਤੁਹਾਡਾ ਧਰਮ ਜ਼ਿੰਦਾ ਧਰਮ ਹੈ। ਮੇਰਾ ਸੰਨਿਆਸ ਮੋਹ ਮਾਇਆ ਦਾ ਤਿਆਗ ਕਰਾਂਦਿਆਂ ਕਰਾਂਦਿਆਂ ਪਿਆਰ ਹੀ ਮਾਰ ਦਿੰਦਾ ਹੈ। ਮੈਨੂੰ ਦੁੱਖ ਹੈ ਕਿ ਆਪਣੀ ਕੁਰਲਾਂਦੀ ਮਾਂ ਅਤੇ ਮਰਨ ਕਿਨਾਰੇ ਪਈ ਆਪਣੀ ਭੈਣ ਨੂੰ ਮਿਲ ਕੇ ਮੇਰੇ ਅਥਰੂ ਕਿਉਂ ਨਾ ਵਗੇ ? ਮੈਨੂੰ ਸਿਖਾਇਆ ਗਿਆ ਹੈ ਕਿ ਜੇਕਰ ਮੇਰੇ ਸਾਹਮਣੇ ਕੋਈ ਮੇਰੀ ਧੀ ਜਾਂ ਭੈਣ ਦੀ ਇੱਜ਼ਤ ਲੁੱਟਦਾ ਹੈ ਤਾਂ ਅੱਖਾਂ ਖੋਹਲ ਕੇ ਬੰਦ ਕਰ ਲਵਾਂ ਕਿ ਸਭ ਮਿਥਿਆ ਹੈ ਪਰ ਤੁਹਾਨੂੰ ਸਿਖਾਇਆ ਗਿਆ ਹੈ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥ (ਦਸਮ ਗ੍ਰੰਥ, ਪੰਨਾ ੧੩੯੦)

ਯਾਨੀ ਕਿ ਜਦੋਂ ਸਾਰੇ ਹੀਲੇ ਨਾਕਾਮ ਹੋ ਜਾਣ ਤਾਂ ਤਲਵਾਰ ਦੇ ਦਸਤੇ 'ਤੇ ਹੱਥ ਰੱਖਣਾ ਜਾਇਜ਼ ਹੈ। ਪੂਰਨ ਸਿੰਘ ਬੋਲੀ ਗਏ ਅਤੇ ਸੰਗਤ ਵਿਚ ਚੁੱਪ ਛਾਈ ਹੋਈ ਸੀ। ਜਦੋਂ ਆਪ ਬੋਲ ਕੇ ਬੈਠ ਗਏ ਤਾਂ ਭਾਈ ਵੀਰ ਸਿੰਘ ਜੀ ਹੌਲੇ-ਹੌਲੇ ਪੂਰਨ ਸਿੰਘ ਦੇ ਨਿੱਕੇ-ਨਿੱਕੇ ਵਾਲਾਂ ਵਿਚ ਹੱਥ ਫੇਰਦੇ ਰਹੇ ਅਤੇ ਕਿਹਾ ਕਿ "ਪੂਰਨ ਸਿੰਘ! ਮੋਨਿਆਂ ਦੇ ਵਾਲ ਤਾਂ ਇੰਨੇ ਨਰਮ ਨਹੀਂ ਹੁੰਦੇ ?" ਪੂਰਨ ਸਿੰਘ ਇੱਕ ਦਮ ਬੋਲ ਪਿਆ, "ਮੈਂ ਮੋਨਾ ਥੋੜ੍ਹੇ ਹੀ ਹਾਂ।" ਬੱਸ ਇੰਨੀ ਗੱਲਬਾਤ ਹੋਈ। ਫਿਰ ਚੁੱਪ। ਘਰ ਆ ਕੇ ਪੂਰਨ ਸਿੰਘ ਆਪਣੀ ਪਤਨੀ ਨੂੰ ਕਹਿਣ ਲੱਗੇ, "ਇਹਨਾਂ ਵਾਲਾਂ ਨੂੰ ਭਾਈ ਵੀਰ ਸਿੰਘ ਜੀ ਨੇ ਹੱਥ ਲਾ ਦਿੱਤਾ ਹੈ, ਹੁਣ ਮੈਂ ਇਹ ਕੱਟਣ ਨਹੀਂ ਦੇਣੇ।" ਉਹਨਾਂ ਦੀ ਪਤਨੀ ਕਹਿਣ ਲੱਗੀ, "ਅੱਗੇ ਤੁਸੀਂ ਰੱਖੇ ਸੀ, ਕਟਾ ਲਏ। ਸਾਰੇ ਲੋਕ ਕਹਿਣ ਲੱਗ ਪਏ ਕਿ ਪੂਰਨ ਸਿੰਘ ਮਰ ਗਿਆ। ਹੁਣ ਤੁਸੀਂ ਫਿਰ ਕਹਿੰਦੇ ਹੋ ਰੱਖਣੇ ਹਨ, ਠੀਕ ਹੈ ਪਰ ਜੇ ਫਿਰ ਕਟਾ ਲਏ, ਤਾਂ ਲੋਕ ਕੀ ਕਹਿਣਗੇ ?" ਪੂਰਨ ਸਿੰਘ ਨੇ ਜਵਾਬ ਦਿੱਤਾ, "ਉਹ ਗੁਰੂ ਜੀ ਦੀ ਮਿਹਰ ਦਾ ਦਰਵਾਜ਼ਾ, ਜਿਥੋਂ ਮੈਂ ਨੱਸ ਕੇ ਚਲਾ ਗਿਆ ਸੀ, ਮੁੜ ਖੁੱਲਿਆ, ਮੈਨੂੰ ਅੰਦਰ ਮੁੜ ਦਾਖ਼ਲ ਕੀਤਾ ਗਿਆ, ਮੈਂ ਬਖਸ਼ਿਆ ਗਿਆ, ਗੁਰੂ ਦੇ ਕੇਸ, ਸਿੱਖੀ ਸਿਦਕ 'ਤੇ ਗੁਰੂ ਦੇ ਚਰਨਾਂ ਦਾ ਪਿਆਰ ਮੁੜ ਮਿਲਿਆ, ਉਸ ਸੁਭਾਗ ਘੜੀ ਗੁਰੂ ਜੀ ਦੇ ਦਰ 'ਤੇ ਇੱਕ ਮਹਾਂਪੁਰਖ (ਭਾਈ ਵੀਰ ਸਿੰਘ ਜੀ) ਦੇ ਦੀਦਾਰ ਹੋਏ। (ਖੁਲ੍ਹੇ ਲੇਖ, 'ੲ')........... ਇਹ ਕੇਸ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮਿਲਿਆ Wedding Gift (ਵਿਆਹ ਦਾ ਤੋਹਫ਼ਾ) ਹੈ। ਗੁਰੂ ਨਾਲੋਂ ਟੁੱਟ ਕੇ ਹੋਈ ਆਤਮਿਕ ਮੌਤ ਦਾ ਮੈਨੂੰ ਅਹਿਸਾਸ ਹੋ ਚੁੱਕਾ ਹੈ। ਮੈਂ ਇਸ ਨੂੰ ਤਿਆਗ ਕੇ ਵਿਧਵਾ ਹੋਣ ਦਾ ਦੁੱਖ ਨਹੀਂ ਸਹੇੜ ਸਕਦਾ।" ਪੂਰਨ ਸਿੰਘ ਦੀ ਰੂਹ ਕੁਰਲਾ ਉਠੀ ਅਤੇ ਉਹਨਾਂ ਦੀ ਵੇਦਨਾਂ ਇਹਨਾਂ ਅੱਖਰਾਂ ਵਿਚ ਵੱਗ ਤੁਰੀ :

ਇੱਕ ਵੇਰੀ ਅਚਨਚੇਤ,
ਮੈਂ ਢਹਿ ਪਈ ਸਾਂ।
ਢੱਠੀ ਸਾਂ ਮੈਂ ਟੁਰਦੀ ਟੁਰਦੀ,

ਪਤਾ ਨਹੀਂ ਕਿੰਜ ਹੋਇਆ, ਠੇਡਾ ਜਿਹਾ ਵੱਜਾ,
ਮੈਂ ਢੱਠੀ ਧੈਂ ਦੇ ਕੇ....................
ਲੋਕੀ ਕਹਿਣ ਮਰ ਗਿਆ ਹਾਂ ਮੈਂ,
ਮੈਂ ਮੋਇਆ ਤਾਂ ਨਹੀਂ ਸਾਂ,
ਇਹ ਭੁਲੇਖਾ!....................
ਪਰ ਮੈਨੂੰ ਪੜਛਿਆ,
ਉਸ ਨੇ ਆਪਣੀਆਂ ਬਾਹਾਂ ਵਿਚ,
ਦੂਰੋਂ ਬਾਹਾਂ ਖੋਲ੍ਹ ਕੇ ਆਇਆ।
ਮੈਂ ਤਾਂ ਲੱਗ ਉਸ ਦੀ ਛਾਤੀ ਫੜਕਦੀ ਸਾਂ,
ਵਾਂਗ ਅਚਨਚੇਤ ਫੜੀਂ ਕਿਸੇ ਹੈਰਾਨ ਪਸ਼ੇਮਾਨ ਹੋਈ ਘੁੱਗੀ ਦੇ,
ਤੇ ਡਰ ਘੁੱਗੀ ਵਾਂਗ ਲੱਗ ਉਹਦੀ ਛਾਤੀ,
ਮੇਰਾ ਨਿੱਕਾ ਜਿਹਾ ਸੀਨਾ ਕੰਬਦਾ,
ਫੜਕਦਾ, ਧੜਕਦਾ।
ਮੈਂ ਤਾਂ ਉਲਝ ਗਈ ਉਥੇ ਫੜੀ ਜਾਲ ਜਿਹੇ ਵਿਚ।
ਮੈਂ ਤਾਂ ਇੱਕ ਵੇਰੀ ਉਹਨੂੰ ਇਉਂ ਮਿਲੀ ਸਾਂ।....................
ਲੋਕੀ ਆਖਣ ਮੈਂ ਜੀਅ ਪਿਆ।
ਹੋਇਆ ਕੀ ਸੀ ?

ਭਾਈ ਵੀਰ ਸਿੰਘ ਜੀ ਨੇ ਕੋਈ ਦਲੀਲ ਨਾ ਦਿੱਤੀ। ਦਲੀਲਾਂ ਦੀ ਲੋੜ ਤਾਂ ਸਾਡੇ ਵਰਗਿਆਂ ਨੂੰ ਹੈ, ਜਿਹਨਾਂ ਦੀ ਬਿਰਤੀ 'ਦੁਖ ਦਾਰੂ ਸੁਖ ਰੋਗ ਭਇਆ' ਵਾਲੀ ਹੁੰਦੀ ਹੈ। ਇਸ ਪ੍ਰਥਾਇ ਗੁਰੂ ਜੀ ਦੱਸਦੇ ਹਨ :

> ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥
> ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥
>
> (ਪੰਨਾ ੮੧੫)

> ਚਤੁਰ ਦਿਸਾ ਕੀਨੋ ਬਲੁ ਅਪਨਾ
> ਸਿਰ ਊਪਰਿ ਕਰੁ ਧਾਰਿਓ ॥ (ਪੰਨਾ ੬੮੧)

ਉਸ ਪਿਤਾ ਦਾ ਹੱਥ ਤਾਂ ਸਦਾ ਸਦਾ ਸਾਡੇ ਸਿਰ 'ਤੇ ਹੈ, ਪਰ ਜੇ ਸਾਡਾ ਸਿਰ ਹੀ ਥੱਲੇ ਨਾ ਟਿਕੇ ਤਾਂ ਉਸ ਵਿਚ ਉਸ ਦਾ ਕੀ ਦੋਸ਼ ?

ਜਿਸ ਦਰ ਪੈ ਚੁਕੇ ਸਰ ਨਾ ਉਸੇ ਦਰ ਨਹੀਂ ਕਹਤੇ।
ਪਰ ਜੋ ਹਰ ਦਰ ਪੈ ਝੁਕ ਜਾਏ ਉਸੇ ਸਰ ਨਹੀਂ ਕਹਤੇ।

ਪ੍ਰੋਫੈਸਰ ਪੂਰਨ ਸਿੰਘ ਦੇ ਨਾਜ਼ਕ ਮਨ 'ਤੇ ਭਾਈ ਵੀਰ ਸਿੰਘ ਜੀ ਦੀ ਪ੍ਰਭਾਵਸ਼ਾਲੀ ਸੂਖਸ਼ਮ ਗੱਲ ਹੀ ਅਸਰ ਕਰ ਗਈ। ਚਾਣਕਿਆ ਨੇ ਲਿਖਿਆ ਹੈ ਕਿ ਬੇਸਮਝ ਨੂੰ ਅਸਾਨੀ ਨਾਲ ਸਮਝਾਇਆ ਜਾ ਸਕਦਾ ਹੈ। ਸਮਝਦਾਰ ਨੂੰ ਸਮਝਾਣਾ ਹੋਰ ਵੀ ਸੌਖਾ ਹੈ ਪਰ ਜਿਹੜਾ ਮਹਾਂਪੁਰਸ਼ ਨਾ ਤਾਂ ਬੇਸਮਝ ਹੋਵੇ ਅਤੇ ਨਾ ਹੀ ਸਮਝਦਾਰ,

ਇਸ ਤੀਜੀ ਸ਼੍ਰੇਣੀ ਦਾ ਕੀ ਕੀਤਾ ਜਾਵੇ ? ਤਾਹੀਓਂ ਤਾਂ ਅਲੱਮਾ ਇਕਬਾਲ ਨੇ ਕਿਤਨਾ ਸੁੰਦਰ ਕਿਹਾ ਹੈ ਕਿ ਫੁੱਲ ਦੀ ਪੰਖੜੀ ਨਾਲ ਹੀਰੇ ਨੂੰ ਤਾਂ ਕੱਟਿਆ ਜਾ ਸਕਦਾ ਹੈ ਪਰ ਸੂਖਸ਼ਮ ਅਤੇ ਡੂੰਘੀਆਂ ਗੱਲਾਂ ਮੂਰਖ 'ਤੇ ਬੇਅਸਰ ਹੁੰਦੀਆਂ ਹਨ :

ਫੂਲ ਕੀ ਪੱਤੀ ਸੇ ਕਟ ਸਕਤਾ ਹੈ ਹੀਰੇ ਕਾ ਜਿਗਰ,
ਮਰਦੇ-ਨਾਦਾਂ ਪੇ ਕਲਾਮੇ ਨਰਮੇ-ਨਾਜ਼ਕ ਬੇਅਸਰ ।

ਮੇਰੇ ਇੱਕ ਅਜ਼ੀਜ਼ ਮਿੱਤਰ ਕਰਮਜੀਤ ਸਿੰਘ, ਮੰਦੇ ਭਾਗਾਂ ਨੂੰ ਕੇਸਾਂ ਦੀ ਬੇਅਦਬੀ ਕਰ ਬੈਠੇ । ਬਾਅਦ ਵਿਚ ਗੁਰੂ ਦੀ ਬਖ਼ਸ਼ਿਸ਼ ਹੋਈ ਅਤੇ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਗਏ । ਉਹਨਾਂ ਦਾ ਗੁਰਮੁਖੀ ਸਰੂਪ ਵੇਖ ਕੇ ਉਹਨਾਂ ਦੇ ਕਿਸੇ ਪੁਰਾਣੇ ਮਿੱਤਰ ਨੇ ਪੁੱਛਿਆ, 'ਕਰਮਜੀਤ ! ਇਹ ਕੀ ?' ਕਰਮਜੀਤ ਸਿੰਘ ਨੇ ਜਵਾਬ ਦਿੱਤਾ, 'ਹੁਣ ਮੈਂ ਸਿਆਣਾ ਹੋ ਗਿਆ ਹਾਂ ।' ਸੋ ਤੂੰ ਵੀ ਅਰਦਾਸ ਕਰ ਗੁਰੂ ਬਖ਼ਸ਼ਿਸ਼ ਕਰੇ, ਤੂੰ ਵੀ ਸਿਆਣਪ ਵੱਲ ਕਦਮ ਰੱਖੇਂ ।

ਇਸੇ ਤਰ੍ਹਾਂ ਪੰਥ ਦੇ ਮਹਾਨ ਬੁਲਾਰੇ ਪ੍ਰਿੰਸੀਪਲ ਗੰਗਾ ਸਿੰਘ ਵੀ ਵਲਾਇਤ ਗਏ ਅਤੇ ਝੁਲਦੇ ਝੱਖੜ ਵਿਚ ਆਪਣੇ ਸਿੱਖੀ ਸਰੂਪ ਨੂੰ ਤਿਲਾਂਜਲੀ ਦੇ ਆਏ ਪਰ ਜਦੋਂ ਇਥੇ ਵਾਪਸ ਮੁੜੇ ਤਾਂ ਘਰਦਿਆਂ ਨੇ ਅਤੇ ਨਿਕਟ ਸਨੇਹੀਆਂ ਨੇ ਉਹਨਾਂ ਨੂੰ ਪਛਾਣਨ ਤੋਂ ਇਨਕਾਰ ਕਰ ਦਿੱਤਾ । ਅਖ਼ੀਰ ਪੰਥ ਅੱਗੇ ਮੁੜ ਆਪਣਾ ਅੰਗ ਬਣਾਣ ਦੀ ਜੋਦੜੀ ਕੀਤੀ ਅਤੇ ਭੁੱਲ ਬਖ਼ਸ਼ਾਈ :

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥
ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥

(ਗੁਰੂ ਗ੍ਰੰਥ ਸਾਹਿਬ, ਪੰਨਾ ੯੨੦)

ਕਲਗੀਧਰ ਪਿਤਾ ਜਦੋਂ ਚਮਕੌਰ ਦੀ ਗੜ੍ਹੀ ਵਿਚ ਆਪਣਾ ਸਾਰਾ ਕਰਜ਼ ਉਤਾਰ ਮਾਲਵੇ ਦੇ ਲੱਖੀ ਜੰਗਲ ਪਹੁੰਚੇ ਤਾਂ ਉਹਨਾਂ ਪਾਸ ਦੁਨਿਆਵੀ ਤੌਰ 'ਤੇ ਕੋਈ ਸਾਜ਼ੋ-ਸਾਮਾਨ ਨਹੀਂ ਸੀ ਪਰ ਫਿਰ ਵੀ 'ਲਖੀ ਜੰਗਲ ਖਾਲਸਾ ਦੀਦਾਰ ਆਨਿ ਲਗਾ ।' ਇੱਥੇ ਗੁਰੂ ਦੇ ਭੌਰੇ ਢਾਡੀ, ਰਾਗੀ, ਕਵੀ ਆਣ ਇਕੱਠੇ ਹੋਏ ਅਤੇ ਉਦਾਸੀ ਸੰਪਰਦਾ ਦੇ ਮੁਖੀ ਕਵੀ ਬਿਹਾਰੀ ਨੇ ਆਪਣੀ ਅਵੱਸਥਾ ਬਿਆਨ ਕੀਤੀ :

ਚਾਦਰ ਮੈਲੀ ਤੇ ਸਾਬੁਣ ਥੋੜਾ, ਜਦ ਦੇਖਾਂ ਤਦ ਰੋਵਾਂ ।
ਬਹੁਤੇ ਦਾਗ ਲਗੇ ਤਨ ਮੇਰੇ, ਕਿਹੜਾ ਕਿਹੜਾ ਧੋਵਾਂ ।
ਦਾਗਾਂ ਦੀ ਕੋਈ ਕੀਮਤ ਨਾਹੀ, ਮੈਂ ਕਿਉਂ ਕਰ ਹਛੀ ਹੋਵਾਂ ।
ਸ੍ਰੀ ਸਾਹਿਬ ਮੈਨੂੰ ਦਰਸ਼ਨ ਦੇਵੋ, ਮੈਂ ਸਚੇ ਸਾਬੁਣ ਧੋਵਾਂ ।

ਕੇਵਲ ਗੁਰੂ ਦੀ ਬਖ਼ਸ਼ਿਸ਼ ਦਾ ਸਾਬਣ ਹੀ ਮਨ ਦੀ ਮੈਲ ਧੋ ਸਕਦਾ ਹੈ । ਭਾਈ ਗੁਰਦਾਸ ਜੀ, ਜਿਹਨਾਂ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਦਾ ਸਤਿਕਾਰ ਗੁਰੂ

ਸਾਹਿਬ ਨੇ ਆਪ ਦਿੱਤਾ ਹੈ, ਕਹਿੰਦੇ ਹਨ ਕਿ ਟੁੱਟੀ ਹੋਈ ਰੱਸੀ ਮੁੜ ਜੁੜ ਵੀ ਜਾਂਦੀ ਹੈ ਅਤੇ ਉਸ ਵਿਚ ਦ੍ਰਿੜ੍ਹਤਾ ਅਤੇ ਮਜ਼ਬੂਤੀ ਵੀ ਪਹਿਲੇ ਵਰਗੀ ਆ ਜਾਂਦੀ ਹੈ ਪਰ ਉਸ ਦੀ ਗੱਠ ਨਹੀਂ ਜਾਂਦੀ। ਇਹਨਾਂ ਸਾਰੀਆਂ ਵਾਰਤਾਵਾਂ ਤੋਂ ਹੀ ਤੂੰ ਪ੍ਰੇਰਨਾ ਲੈ ਲੈ ਅਤੇ ਗੁਰੂ ਤੋਂ ਟੁੱਟੇ ਹੋਏ ਰਿਸ਼ਤੇ ਨੂੰ ਮੁੜ ਪੀਡਾ ਕਰ ਲੈ। ਗੁਰੂ ਦਾ ਸਿੱਖਾਂ ਪ੍ਰਤੀ ਪਿਆਰ ਦ੍ਰਿੜ੍ਹ ਕਰਦਾ ਗੁਰੂ ਤੇਗ਼ ਬਹਾਦਰ ਜੀ ਦਾ ਇੱਕ ਪਾਵਨ ਹੁਕਮਨਾਮਾ ਹੈ, ਜਿਸ ਵਿਚ ਸਾਹਿਬ ਫ਼ੁਰਮਾਂਦੇ ਹਨ :

ਹਮ ਤੁਮਾਰਾ ਬੈਠੇ ਰਾਹੁ ਦੇਖਦੇ ਹਾਂ ।
ਬਹੁਤ ਸ਼ਿਤਾਬ ਆਵਣਾ ।
ਗੁਰੂ ਸੰਗਤ ਦੀ ਬਾਹੁੜੀ ਕਰੇਗਾ ।

ਗੁਰੂ ਤਾਂ ਐਸਾ ਪਿਤਾ ਹੈ ਜੋ ਆਪਣੇ ਬੱਚਿਆਂ ਦੀ ਘਰ ਵਾਪਸੀ ਦਾ ਇੰਤਜ਼ਾਰ ਬੜੀ ਸ਼ਿੱਦਤ ਅਤੇ ਬੇਤਾਬੀ ਨਾਲ ਕਰਦਾ ਹੈ, ਢਿੱਲ ਤਾਂ ਸਾਡੇ ਵੱਲੋਂ ਹੀ ਹੈ। ਗੁਰੂ ਤਾਂ ਪੁਕਾਰ-ਪੁਕਾਰ ਕੇ ਤੈਨੂੰ ਆਪਣੀ ਗਲਵੱਕੜੀ ਵਿਚ ਲੈਣ ਲਈ ਬੇਤਾਬ ਹੈ ਅਤੇ ਤੈਨੂੰ ਸੱਦਾ ਦੇ ਰਿਹਾ ਹੈ :

ਆਇ ਮਿਲੁ ਗੁਰਸਿਖ ਆਇ ਮਿਲੁ
ਤੂ ਮੇਰੇ ਗੁਰੂ ਕੇ ਪਿਆਰੇ ॥ਰਹਾਉ॥
ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ ॥
ਜਿਨ ਗੁਰ ਕਾ ਭਾਣਾ ਮੰਨਿਆ
ਤਿਨ ਘੁਮਿ ਘੁਮਿ ਜਾਏ ॥੨॥

(ਗੁਰੂ ਗ੍ਰੰਥ ਸਾਹਿਬ, ਪੰਨਾ ੭੨੫)

ਜਿਸ ਤਰ੍ਹਾਂ ਕੇਸ ਸਿੱਖੀ ਦੇ ਚਿੰਨ੍ਹ ਹਨ ਅਤੇ ਕੇਸਾਂ ਕਰਕੇ ਹੀ ਸਿੱਖੀ ਦਾ ਸਤਿਕਾਰ ਵੀ ਹੈ ਤੇ ਸਿੱਖੀ ਬਚੀ ਵੀ ਕੇਸਾਂ ਕਰਕੇ ਹੀ ਹੈ ਪਰ ਇਹ ਵੀ ਇੱਕ ਤੱਥ ਹੈ ਕਿ ਇਹਨਾਂ ਕੇਸਾਂ ਕਰਕੇ ਹੀ ਸਿੱਖਾਂ ਨੂੰ ਅਣਗਿਣਤ ਕੁਰਬਾਨੀਆਂ ਵੀ ਦੇਣੀਆਂ ਪਈਆਂ। ਸਾਰੇ ਇਤਿਹਾਸ ਦੀ ਸਿਰਜਣਾ ਵੀ ਇਹਨਾਂ ਚਿੰਨ੍ਹਾਂ ਦੀ ਖ਼ਾਤਿਰ ਆਪਾ ਵਾਰਨ ਵਾਲਿਆਂ ਕਰਕੇ ਹੀ ਹੋਈ ਹੈ। ਮੁਗ਼ਲਾਂ, ਦੁਰਾਨੀਆਂ, ਅਫਗਾਨਾਂ, ਰੰਘੜਾਂ, ਲਖਪਤ-ਜਸਪਤ ਆਦਿ ਨੇ ਤਸ਼ੱਦਦ ਦਾ ਹਰ ਸੋਚਿਆ ਜਾ ਸਕਦਾ ਤਰੀਕਾ ਸਿੱਖਾਂ 'ਤੇ ਵਰਤ ਕੇ ਵੇਖ ਲਿਆ। ਇਸ ਦੌਰਾਨ ਕਤਲ ਕਰਨ ਜਾਂ ਤਸੀਹੇ ਦੇਣ ਦਾ ਕੋਈ ਐਸਾ ਤਰੀਕਾ ਨਹੀਂ ਬਚਿਆ ਜੋ ਸਾਡੇ ਬਜ਼ੁਰਗਾਂ 'ਤੇ ਨਹੀਂ ਵਰਤਿਆ ਗਿਆ। ਤੇਲ ਵਿਚ ਉਬਾਲਿਆ ਗਿਆ, ਗਰਮ ਤਵੇ 'ਤੇ ਬਿਠਾਇਆ ਗਿਆ, ਸੜਦੀ ਰੇਤ ਪਿੰਡੇ 'ਤੇ ਪਾਈ ਗਈ, ਜਿਊਂਦੇ ਜੀ ਭੱਠੀਆਂ ਵਿਚ ਸੁੱਟੇ ਗਏ, ਜੰਡਾਂ ਨਾਲ ਬੰਨ੍ਹ ਕੇ ਸਾੜੇ ਗਏ, ਆਰੇ ਨਾਲ ਦੋਫਾੜ ਕੀਤੇ ਗਏ, ਹੱਡੀਆਂ 'ਤੇ ਮਾਸ ਵੱਖ ਕੀਤਾ ਗਿਆ, ਡਾਂਗਾਂ ਨਾਲ ਕੁੱਟ-ਕੁੱਟ ਕੇ ਮਾਰਿਆ ਗਿਆ, ਲੱਕੜ ਦੇ ਹਥੌੜੇ ਨਾਲ ਸਿਰ ਫੇਨਿਆ ਗਿਆ, ਬੰਦ-ਬੰਦ ਕੱਟੇ ਗਏ, ਚਰਖੜੀਆਂ 'ਤੇ ਚਾੜ੍ਹਿਆ ਗਿਆ, ਹਾਥੀਆਂ ਥੱਲੇ ਲਿਤਾੜਿਆ ਗਿਆ, ਖੋਪਰੀਆਂ ਉਤਾਰੀਆਂ ਗਈਆਂ, ਜ਼ਿੰਦਾ ਦੀਵਾਰਾਂ ਵਿਚ

ਚਿਣਵਾਇਆ ਗਿਆ, ਪਾਣੀ ਵਿਚ ਡੋਬ ਕੇ ਮਾਰਿਆ ਗਿਆ, ਬੱਚਿਆਂ ਦੇ ਟੁਕੜੇ-ਟੁਕੜੇ ਕਰਕੇ ਹਾਰ ਬਣਾ ਕੇ ਮਾਤਾਵਾਂ ਦੇ ਗਲੇ ਵਿਚ ਪਾਏ ਗਏ, ਛੋਟੇ-ਛੋਟੇ ਬੱਚਿਆਂ ਨੂੰ ਹਵਾ ਵਿਚ ਸੁੱਟ ਕੇ ਨੇਜ਼ਿਆਂ 'ਤੇ ਟੰਗਿਆ ਗਿਆ, ਕੋਹਲੂ ਵਿਚ ਨਪੀੜੇ ਗਏ, ਰੂੰ ਵਾਂਗਣ ਪਿੰਜੇ ਗਏ, ਪੁੱਠੀਆਂ ਖੱਲਾਂ ਲਾਹੀਆਂ ਗਈਆਂ ਪਰ ਇਹ ਤਾਂ ਕਲਗੀਧਰ ਪਿਤਾ ਦੀ ਆਪਣੀ ਖੇਤੀ ਸੀ, ਜੋ ਕੌੜੀ ਵੇਲ ਦੀ ਤਰ੍ਹਾਂ ਵਧਦੇ ਹੀ ਗਏ। ਸਾਹਿਬਾਂ ਦਾ ਵਰ ਜੋ ਨਾਲ ਸੀ,

"ਪੰਥ ਖਾਲਸਾ ਖੇਤੀ ਮੇਰੀ। ਹਉਂ ਸੰਭਾਲ ਕਰਉਂ ਤਿਸ ਕੇਰੀ।"

ਸਾਡੇ ਬਜ਼ੁਰਗਾਂ ਵੱਲੋਂ ਇਸ ਸਾਰੇ ਜ਼ੁਲਮੋ ਸਿਤਮ ਦਾ ਜਵਾਬ ਸਾਦ ਮੁਰਾਦਾ ਸੀ :

'ਮਨੂੰ ਅਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ।
ਜਿਉਂ-ਜਿਉਂ ਮਨੂੰ ਵੱਢਦਾ ਅਸੀਂ ਦੂਣ ਸਿਵਾਏ ਹੋਇ।'

ਪਰ ਇਹ ਸਾਰਾ ਕੁਝ ਵੀ ਸਾਡੇ ਬਜ਼ੁਰਗਾਂ ਦੀ ਦ੍ਰਿੜ੍ਹਤਾ ਅਤੇ ਸਿੱਖੀ ਨੂੰ ਡੁਲਾ ਨਾ ਸਕਿਆ। ਤੂੰ ਸਿੱਖੀ ਦੀ ਕੀਮਤ ਜਾਣਨਾ ਚਾਹੁੰਦਾ ਹੈਂ ? ਜਦੋਂ ਇਕ ਗੁਲਾਮ ਦੀ ਕੀਮਤ ਅਬਦਾਲੀ ਨੇ ਦੱਸ ਦੱਸ ਰੁਪਏ ਪਾਈ ਸੀ, ਉਸ ਸਮੇਂ ਮੁਗ਼ਲਾਂ ਨੇ ਕੇਸਾਂ ਵਾਲੇ ਸਿਰ ਦਾ ਮੁੱਲ ਅੱਸੀਂ ਰੁਪਏ ਨੀਅਤ ਕੀਤਾ ਸੀ। ਕੇਸਾਂ ਵਾਲੇ ਸਿਰ ਦੀ ਹੀ ਕੀਮਤ ਪੈਂਦੀ ਸੀ, ਮੁੰਨੇ ਹੋਏ ਸਿਰ ਦੀ ਤਾਂ ਕੌਡੀ ਕੀਮਤ ਵੀ ਨਹੀਂ ਸੀ। ਸਾਬਤ ਸੂਰਤ ਸੀਸ ਦੀ ਕੀਮਤ ਇਸ ਲੋਕ ਵਿਚ ਵੀ ਪੈਂਦੀ ਸੀ ਤੇ ਗੁਰੂ ਦੇ ਦਰਬਾਰ ਵਿਚ ਵੀ। ਕੀ ਇਹ ਸਿੱਖ ਇਤਿਹਾਸ ਦਾ ਗੌਰਵਮਈ ਅਧਿਆਇ ਨਹੀਂ ?

ਪਰ ਇਸ ਤੋਂ ਵੀ ਵੱਧ ਵਿਚਾਰਨ ਵਾਲੀ ਗੱਲ ਇਹ ਹੈ ਕਿ ਜਿਨ੍ਹਾਂ ਹਾਕਮਾਂ ਨੇ ਆਪਣਾ ਧਰਮ ਨਿਭਾ ਰਹੇ ਨਿਰਦੋਸ਼ਾਂ 'ਤੇ ਐਸੇ ਜ਼ੁਲਮ ਕੀਤੇ ਕੀ ਉਹਨਾਂ ਨੇ ਆਪਣਾ ਦੀਨ-ਦੁਨੀ ਦੋਨੋਂ ਨਹੀਂ ਗਵਾ ਲਿਆ ? ਇਸਲਾਮ ਦੀ ਪਵਿੱਤਰ ਕਿਤਾਬ ਕੁਰਾਨ ਤਾਂ ਐਸੇ ਵਿਅਕਤੀਆਂ ਬਾਰੇ ਰੱਬ ਦਾ ਫ਼ੈਸਲਾ ਦੱਸ ਰਹੀ :

ਵ ਮਯੱਕਤੁਲ ਮੁਅੱਮਿਨੱਮ-ਮੁ-ਤ-ਅੱਮਿਦੱਨ
ਫ਼ ਜਜ਼ਾ-ਉਹੂ ਜਹਨੱਮੁ ਖ਼ਾਲਿਦੱਨ ਫ਼ੀਹਾ:ਗਜ਼ਿੱਬੱਲਾਹੁ ਅੱਲੈਹਿ
ਵ ਲ-ਅ-ਨਹੂਵਾਅ ਅੱਦ-ਲਹੂ ਅਜ਼ਾਬਨ ਅਜ਼ੀਮਾ

(ਸੂਰਾ ਵਲਮੁਹਸਨਾਤ ਆਇਤ ੯੩)

(ਜਿਹੜਾ ਕਿਸੇ ਸ਼ਰਧਾਲੂ ਨੂੰ ਜਾਣ ਬੁੱਝ ਕੇ ਕਤਲ ਕਰੇਗਾ, ਉਸ ਦੀ ਸਜ਼ਾ ਦੋਜ਼ਖ ਹੈ, ਜਿਸ ਦੀ ਅੱਗ ਵਿਚ ਉਹ ਹਮੇਸ਼ਾਂ ਸੜਦਾ ਰਹੇਗਾ। ਖ਼ੁਦਾ ਉਸ 'ਤੇ ਲਾਅਨਤਾ ਪਾਏਗਾ ਅਤੇ ਹਮੇਸ਼ਾ ਕਹਿਰ ਬਰਤਾਏਗਾ। ਇਹੋ ਜਿਹੇ ਵਿਅਕਤੀ ਲਈ ਇਸ ਤੋਂ ਵੀ ਵੱਧ ਅਜ਼ਾਬ ਤਿਆਰ ਕੀਤੇ ਗਏ ਹਨ।)

ਪਰ ਇਹ ਤਸ਼ੱਦਦ ਸਿੱਖਾਂ ਦੀ ਦ੍ਰਿੜ੍ਹਤਾ ਨੂੰ ਡੁਲਾ ਨਾ ਸਕੇ। ਸਰਕਾਰੀ ਰਿਕਾਰਡ ਅਖਬਾਰਿ-ਦਰਬਾਰਿ-ਮੁਅੱਲਾ ਦੀਆਂ ਸਰਕਾਰੀ ਰਿਪੋਰਟਾਂ ਵਿਚ ਅੰਕਿਤ ਹੈ ਕਿ "ਸਿੱਖਾਂ ਨੇ ਇਤਨੀ ਬੁਰੀ ਤਰ੍ਹਾਂ ਸਰਹਿੰਦ ਅਤੇ ਮੁਲਕ ਨੂੰ ਤਬਾਹ ਕੀਤਾ ਹੈ ਕਿ

ਲਗਦਾ ਹੈ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਾਰੇ ਸਾਹਿਬਜ਼ਾਦੇ ਫਿਰ ਜ਼ਿੰਦਾ ਹੋ ਗਏ ਹਨ।" ਇਸ ਤੋਂ ਵਧ ਸਾਡੀ ਚੜ੍ਹਦੀ ਕਲਾ ਦੀ ਕੀ ਹੋਰ ਕੋਈ ਤਾਰੀਫ਼ ਹੋ ਸਕਦੀ ਹੈ ? ਸੋ ਇਹ ਹੈ ਤੇਰਾ ਅਸਲ ਵਿਰਸਾ। ਜੇ ਹਾਲੇ ਵੀ ਇਹ ਤੈਨੂੰ ਹਲੂਣ ਨਹੀਂ ਸਕਿਆ, ਜਾਂ ਤੇਰੇ ਅੰਦਰ ਗੁਰੂ ਦੀ ਉਮੱਤ ਹੋਣ ਦਾ ਮਾਣ ਨਹੀਂ ਦੇ ਸਕਿਆ, ਤੈਨੂੰ ਸਿੱਖ ਹੋਣ ਦਾ ਗੌਰਵ ਨਹੀਂ ਪ੍ਰਦਾਨ ਕਰ ਸਕਿਆ ਤਾਂ ਤੇ ਫਿਰ ਜਿਵੇਂ ਕਿਸੇ ਵਿਦਵਾਨ ਦਾ ਕਥਨ ਹੈ,

'ਸੋਹਬਤ ਅਹਿਲੇ ਸਫਾ ਸੇ ਤਿਰਾ ਦਿਲ ਕਬ ਸਾਫ਼ ਹੋ,
ਜੰਗ ਸੇ ਆਲੂਦਹ ਹੋ ਜਾਤਾ ਹੈ ਆਹਨ ਆਬ ਮੇਂ'।

ਯਾਨਿ ਕਿ ਕੇਵਲ ਚੰਗੀ ਸੰਗਤ ਹੀ ਮੈਲੇ ਮਨ ਨੂੰ ਸਾਫ਼ ਕਰਨ ਲਈ ਕਾਫ਼ੀ ਨਹੀਂ। ਪਾਣੀ ਹਰ ਚੀਜ਼ ਨੂੰ ਸਾਫ਼ ਕਰ ਦਿੰਦਾ ਹੈ ਪਰ ਲੋਹੇ ਨੂੰ ਜੰਗਾਲ ਦਿੰਦਾ ਹੈ।

'ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ' ਜੇ ਕਰ ਪੱਥਰ 'ਤੇ ਘਾ ਨਹੀਂ ਉਗਦੀ ਤਾਂ ਬਾਰਸ਼ ਦਾ ਕੀ ਦੋਸ਼।

ਇਸ ਸਦੀ ਦੇ ਆਰੰਭ ਵਿਚ ਅਕਬਰ ਅਲਾਹਾਬਾਦੀ ਨੇ ਇਸ ਬਾਰੇ ਸਹੀ ਗੱਲ ਕਹੀ ਸੀ,

ਜੋ ਬਾਤ ਮੁਨਾਸਿਬ ਹੈ ਉਸੇ ਹਾਸਿਲ ਨਹੀਂ ਕਰਤੇ।
ਜੋ ਅਪਨੀ ਗਿਰਹ ਮੈਂ ਹੈ ਉਸੇ ਖੋ ਭੀ ਰਹੇ ਹੈਂ।
ਬੇ-ਇਲਮ ਭੀ ਹਮ ਲੋਗ ਹੈਂ, ਗਫਲਤ ਭੀ ਹੈ ਤਾਰੀ।
ਅਫ਼ਸੋਸ ਕਿ ਅੰਧੇ ਭੀ ਹੈਂ ਔਰ ਸੋ ਭੀ ਰਹੇ ਹੈਂ।

ਹਰ ਇਨਸਾਨ ਆਪਣੀ ਆਣ ਵਾਲੀ ਪੀੜ੍ਹੀ ਲਈ ਪੂਰਨੇ ਪਾਉਂਦਾ ਹੈ। ਜਿਹੜੀਆਂ ਲੀਹਾਂ ਅੱਜ ਤੂੰ ਪਾਈਆਂ ਹਨ, ਕੀ ਤੂੰ ਕਦੀ ਸੋਚਿਆ ਹੈ ਕਿ ਆਣ ਵਾਲੀ ਨਸਲ ਕਿਸ ਤਰ੍ਹਾਂ ਦੀ ਹੋਵੇਗੀ ? ਅਪਵਾਦ ਛੱਡ ਦਈਏ, ਜੇ ਬਾਪ ਨੇ ਦਾਹੜੀ ਕੱਟੀ ਹੋਵੇਗੀ ਤਾਂ ਲਾਜ਼ਮੀ ਤੌਰ 'ਤੇ ਪੁੱਤਰ ਨੇ ਹਜਾਮਤ ਕਰਵਾਈ ਹੋਵੇਗੀ ਤੇ ਜੇਕਰ ਤੂੰ ਅੱਜ ਹਜਾਮਤ ਕਰਵਾ ਲਈ ਹੈ ਤਾਂ ਅਗਲੀ ਨਸਲ ਕੈਸੀ ਹੋਵੇਗੀ ? ਕੀ ਇਸ ਅਧੋਗਤੀ ਦਾ ਅੰਤ ਇਸ ਤਰ੍ਹਾਂ ਤਾਂ ਨਹੀਂ ਹੋਵੇਗਾ ਕਿ ਆਣ ਵਾਲੀਆਂ ਨਸਲਾਂ ਮੂਹ ਸਿਰ ਮੁਨਾਈ, ਜੇਬ ਵਿਚ ਸਿਗਰਟ ਦੀ ਡੱਬੀ ਪਾਈ, ਮੂੰਹ ਵਿਚ ਪਾਨ ਅਤੇ ਜਰਦਾ, ਪਰ ਗੁਰੂ ਨਾਨਕ ਸਾਹਿਬ ਜੀ ਜਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਫੋਟੋ ਵਾਲੇ ਡਰਾਇੰਗ ਰੂਮ ਵਿਚ ਇਕ ਸੋਅ ਕੇਸ ਵਿਚ ਕਿਰਪਾਨ, ਕੰਘਾ ਅਤੇ ਕੜਾ ਸਜਾ ਕੇ ਲੋਕਾਂ ਨੂੰ ਦੱਸਣਗੇ ਕਿ ਹਮਾਰੇ ਬਜ਼ੁਰਗ ਭੀ ਸਿੱਖ ਹੂਆ ਕਰਤੇ ਥੇ, ਯੇਹ ਉਨ ਕੀ ਨਿਸ਼ਾਨੀ ਹੈਂ, ਜੋ ਹਮ ਨੇ ਗਰਵ ਕੇ ਸਾਥ ਸੰਭਾਲ ਕਰ ਰੱਖੀ ਹੈ। ਤੂੰ ਖ਼ੁਦ ਹੀ ਸੋਚ ਅਤੇ ਫ਼ੈਸਲਾ ਕਰ ਕਿ ਕੀ ਇਸ ਦੀ ਸਾਰੀ ਜ਼ਿੰਮੇਵਾਰੀ ਤੇਰੇ 'ਤੇ ਨਹੀਂ ? ਕੀ ਇਹ ਹਾਲਤ ਤੈਨੂੰ ਮਨਜ਼ੂਰ ਹੈ ?

ਜੇਕਰ ਤੇਰਾ ਇਹ ਵਿਚਾਰ ਹੈ ਕਿ ਤੂੰ ਕੇਸ ਇਸ ਲਈ ਕਤਲ ਕਰਾਏ ਹਨ ਕਿ ਤੇਰੇ ਪਿਤਾ ਵੀ ਕੇਸਹੀਣ ਸਨ, ਤਾਂ ਤੂੰ ਇਹ ਕਿਉਂ ਨਹੀਂ ਮੰਨਦਾ ਕਿ ਤੇਰੇ

ਦਾਦਾ ਜੀ ਸਹੀ ਸਨ ਅਤੇ ਤੇਰੇ ਪਿਤਾ ਜੀ ਹੀ ਗ਼ਲਤ ਸਨ । ਤੂੰ ਆਪਣੇ ਪਿਤਾ ਦੀ ਗ਼ਲਤੀ ਸੁਧਾਰ ਕੇ ਉਹਨਾਂ ਦਾ ਵੀ ਉਧਾਰ ਕਿਉਂ ਨਹੀਂ ਕਰਦਾ ? ਕੀ ਹਰਨਾਖ਼ਸ਼ ਦੇ ਘਰ ਪ੍ਰਹਿਲਾਦ ਨੇ ਜਨਮ ਨਹੀਂ ਸੀ ਲਿਆ ?

ਕਈ ਵਾਰ ਤੂੰ ਕਿਸੇ ਨਾਮੀ ਗਿਰਾਮੀ ਹਸਤੀ ਦਾ ਨਾਮ ਲੈ ਕੇ ਬਹਾਨਾ ਲੱਭਦਾ ਹੈਂ ਕਿ ਦੇਖੋ ਇਸ ਆਗੂ ਦਾ ਚੇਹਰਾ-ਮੋਹਰਾ ਗੁਰਮੁਖਾਂ ਵਾਲਾ ਹੈ ਤੇ ਕਰਤੂਤਾਂ ਇਸ ਦੀਆਂ ਜੱਗ-ਜਾਹਿਰ ਹਨ । ਹੁਣ ਗੱਲ ਬੜੀ ਸਿੱਧੀ ਹੈ ਕਿ ਜਦ ਤੈਨੂੰ ਪਤਾ ਹੈ ਕਿ ਇਹ ਆਗੂ ਭੇਖੀ ਅਤੇ ਬੇਈਮਾਨ ਹੈ ਤਾਂ ਤੂੰ ਉਸ ਨੂੰ ਸਿੱਖੀ ਦਾ ਆਦਰਸ਼ ਕੇਵਲ ਇਸ ਲਈ ਮਿਥਨਾ ਚਾਹੁੰਦਾ ਹੈ ਕਿ ਇਸ ਨੇ ਪੰਥਕ ਅਹੁਦੇ 'ਤੇ ਕਬਜ਼ਾ ਕਰ ਲਿਆ ਹੈ ? ਤੂੰ ਆਪਣਾ ਆਦਰਸ਼ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਸਿੰਘਾਂ ਨੂੰ ਕਿਉਂ ਨਹੀਂ ਮਿਥਦਾ, ਜਿਹਨਾਂ ਦਾ ਨਾਮ ਲੈ ਕੇ ਤੂੰ ਰੋਜ਼ ਅਰਦਾਸ ਵਿਚ ਵਾਹਿਗੁਰੂ ਦਾ ਨਾਮ ਗਜਾਉਂਦਾ ਹੈਂ ?

ਇਕ ਬੜਾ ਹਾਸੋਹੀਣਾ ਜਿਹਾ ਸਵਾਲ ਤੇਰੇ ਵਰਗੇ ਕਰਦੇ ਹਨ ਕਿ ਨਾਮ ਚਾਹੀਦਾ ਹੈ ਕਿ ਕੇਸ ? ਇਸ ਦਾ ਜਵਾਬ ਦੇਣ ਦੀ ਬਜਾਇ ਮੈਂ ਤੈਨੂੰ ਹੀ ਇਕ ਪ੍ਰਸ਼ਨ ਕਰਦਾ ਹਾਂ ਕਿ ਮਾਂ ਚਾਹੀਦੀ ਹੈ ਕਿ ਪਿਉ, ਅੱਖਾਂ ਚਾਹੀਦੀਆਂ ਹਨ ਕਿ ਨੱਕ, ਬਾਹਵਾਂ ਚਾਹੀਦੀਆਂ ਹਨ ਕਿ ਲੱਤਾਂ । ਨਾਮ ਅਤੇ ਕੇਸ ਇਕ ਦੂਜੇ ਦੇ ਵਿਰੁੱਧ ਨਹੀਂ ਬਲਕਿ ਇਕ ਦੂਜੇ ਦੇ ਪੂਰਕ ਹਨ ।

ਫਿਰ ਕਈ ਵਾਰ ਤੂੰ ਦੱਸਣਾ ਚਾਹੁੰਦਾ ਹੈਂ ਕਿ ਦੇਖੋ ਫਲਾਣਾ ਪਤਿਤ ਹੈ ਪਰ ਕਿਤਨਾ ਧਨਾਢ ਹੈ । ਸ਼ੇਖ਼ ਸਾਅਦੀ ਨੇ ਇਕ ਬੜੀ ਪਿਆਰੀ ਗੱਲ ਕਹੀ ਹੈ ਕਿ ਜੇ ਰੱਬ ਨੇ ਦੌਲਤ ਦਾ ਤੱਲਕ ਅਕਲ ਨਾਲ ਰੱਖਿਆ ਹੁੰਦਾ ਤਾਂ ਸੰਸਾਰ ਦੇ ਮੂਰਖ ਸਾਰੇ ਹੀ ਭੁੱਖੇ ਮਰ ਜਾਂਦੇ । ਰੱਬ ਤਾਂ ਮੂਰਖਾਂ ਨੂੰ ਵੀ ਇਸ ਤਰ੍ਹਾਂ ਦਿੰਦਾ ਹੈ ਕਿ ਅਕਲਾਂ ਵਾਲੇ ਵੀ ਦੰਦਾਂ ਥੱਲੇ ਉਂਗਲੀਆਂ ਦੇਂਦੇ ਹਨ । ਬਾਹਰਲੀ ਦਿੱਖ ਨੂੰ ਹੀ ਵੇਖ ਕੇ ਤੂੰ ਕਿਸੇ ਨਤੀਜੇ 'ਤੇ ਪਹੁੰਚ । ਗੁਰੂ ਨਾਨਕ ਸਾਹਿਬ ਨੇ ਵੀ ਗੁਰੂ ਤੋਂ ਬੇਮੁੱਖ ਹੋਏ ਇਨਸਾਨਾਂ ਦੀ ਹਾਲਤ ਬਿਆਨ ਕਰਦਿਆਂ ਬਚਨ ਕੀਤੇ ਹਨ ਕਿ ਕਿਸਾਨ ਫ਼ਸਲ ਵਿੱਚੋਂ ਦਾਣੇ ਕੱਢਣ ਤੋਂ ਬਾਅਦ ਬੁਆੜ ਉੱਥੇ ਖੇਤਾਂ ਵਿਚ ਹੀ ਛੱਡ ਦਿੰਦਾ ਹੈ, ਇਸ ਦੇ ਸੌ ਖਸਮ ਹੋ ਜਾਂਦੇ ਹਨ । ਇਹ ਬਾਹਰੋਂ ਵੇਖਣ ਨੂੰ ਬਹੁਤ ਫਲੇ-ਫੁਲੇ ਸੁੰਦਰ ਸੁਨਹਿਰੀ ਰੰਗ ਦੇ ਹੁੰਦੇ ਹਨ ਪਰ ਇਹਨਾਂ ਦੇ ਵਿਚ ਸੁਆਹ ਹੀ ਹੁੰਦੀ ਹੈ :

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥ (ਪੰਨਾ ੪੬੩)

ਇਕ ਹੋਰ ਮੋਹਮਲ ਜਿਹੀ ਦਲੀਲ ਤੂੰ ਬਹਾਨੇ ਦੇ ਤੌਰ 'ਤੇ ਵਰਤਣਾ ਚਾਹੁੰਦਾ ਹੈਂ ਕਿ ਸਿੱਖੀ ਮਨ ਦੀ ਚਾਹੀਦੀ ਹੈ । ਇਹ ਤਾਂ ਇਸੇ ਤਰ੍ਹਾਂ ਦੀ ਬਚਕਾਨੀ ਦਲੀਲ ਹੈ । ਜਿਵੇਂ, ਬੱਚੇ ਸਕੂਲੋਂ ਛੁੱਟੀ ਲਈ ਬਹਾਨਾ ਘੜਦੇ ਹਨ ਕਿ 'ਸਾਡਾ ਢਿੱਡ ਦੁੱਖ

ਰਿਹਾ ਹੈ।' ਹੁਣ ਕੋਈ ਆਲਾ ਤਾਂ ਹੈ ਨਹੀਂ ਕਿ ਇਸ ਗੱਲ ਦੀ ਤਸਦੀਕ ਕਰ ਲਵੇ। ਤਾਂ ਕੀ ਤੂੰ ਕਹਿਣਾ ਚਾਹੁੰਦਾ ਹੈ ਕਿ ਤੇਰੇ ਅੰਦਰ ਸਿੱਖੀ ਦੇ ਸਾਰੇ ਗੁਣ ਆ ਢੁੱਕੇ ਹਨ, ਕੇਵਲ ਬਾਹਰਲੇ ਸਰੂਪ ਦੀ ਹੀ ਕਮੀ ਹੈ। ਇਹ ਕਹਿ ਕੇ ਤੂੰ ਆਪਣੇ ਆਪ ਨੂੰ ਹੀ ਭਰਮ ਭੁਲੇਖੇ ਵਿਚ ਪਾ ਰਿਹਾ ਹੈਂ। ਗੁਰੂ ਨਾਨਕ ਸਾਹਿਬ ਜੀ ਮਹਾਰਾਜ ਜਦੋਂ ਪ੍ਰੇਮੇ ਕੋੜ੍ਹੀ ਦੀ ਕੁਟੀ ਵਿਚ ਰਾਤ ਭਰ ਕੀਰਤਨ ਕਰਦੇ ਰਹੇ ਤਾਂ ਪ੍ਰੇਮੇ ਨੇ ਪੁੱਛਿਆ ਸੀ ਕਿ ਮੈਨੂੰ ਇਹ ਰੋਗ ਹੋਇਆ ਹੀ ਕਿਉਂ ਹੈ ? ਤਾਂ ਸਾਹਿਬਾਂ ਨੇ ਮਨ ਦੀ ਨਹੀਂ ਬਲਕਿ ਤਨ ਦੀ ਗੱਲ ਕਰਦਿਆਂ ਦੱਸਿਆ ਸੀ ਕਿ ਜਿਸ ਸਰੀਰ ਨੂੰ ਬਾਣੀ ਵਿਸਰ ਜਾਏ ਉਹ ਪੱਕੇ ਰੋਗੀ ਦੀ ਤਰ੍ਹਾਂ ਤੜਪਦਾ ਹੈ :

ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥

(ਪੰਨਾ 661)

ਸੋ ਸਿੱਖੀ ਕੇਵਲ ਮਨ ਦੀ ਹੀ ਨਹੀਂ ਤਨ ਦੀ ਵੀ ਚਾਹੀਦੀ ਹੈ। ਸਰੀਰ ਘੋੜਾ ਹੈ ਅਤੇ ਮਨ ਇਸ ਦਾ ਸਵਾਰ। ਜੇਕਰ ਸਵਾਰ ਕਮਜ਼ੋਰ ਹੈ, ਤਾਂ ਘੋੜਾ ਇਸ ਨੂੰ ਸੁੱਟ ਦੇਵੇਗਾ ਅਤੇ ਜੇਕਰ ਘੋੜਾ ਕਮਜ਼ੋਰ ਹੈ ਤਾਂ ਮੰਜ਼ਿਲ 'ਤੇ ਨਹੀਂ ਪਹੁੰਚਾਅ ਸਕੇਗਾ। ਇਸ ਲਈ ਮਨ ਅਤੇ ਤਨ ਦੇ ਸੁਡੋਲ ਸੁਮੇਲ ਦਾ ਮਾਰਗ ਹੀ ਗੁਰਮਤਿ ਦਾ ਮਾਰਗ ਹੈ :

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥ (ਪੰਨਾ 470)

ਕੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮਨ ਵਿਚ ਸਿੱਖੀ ਨਹੀਂ ਸੀ ਕਿ ਉਹਨਾਂ ਨੂੰ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਪਈ।

ਜ਼ਰਾ ਸੋਚ ਉਹ ਕੈਸਾ ਅਜ਼ਬ ਨਜ਼ਾਰਾ ਹੋਵੇਗਾ, ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਆਪਣੇ ਹੀ ਸਿਰਜੇ ਖਾਲਸੇ ਦੇ ਸਾਹਮਣੇ ਖ਼ੁਦ ਗੋਡਿਆਂ ਭਾਰ ਹੋਏ ਅਤੇ ਅੱਗੋਂ ਪੰਜ ਪਿਆਰਿਆਂ ਨੇ ਵੀ ਗੁਰੂ ਜੀ ਨੂੰ ਇਹ ਨਹੀਂ ਕਿਹਾ ਕਿ ਤੁਸੀਂ ਵੀ ਬੋਲੋ। ਬਲਕਿ ਵਾਰ ਵਾਰ ਗੁਰੂ ਸਾਹਿਬ ਨੂੰ ਕਿਹਾ, "ਬੋਲ ਵਾਹਿਗੁਰੂ ਜੀ ਕਾ ਖਾਲਸਾ।........" ਹੁਣ ਤੂੰ ਹੀ ਸੋਚ ਕਿ ਜਿਸ ਰਸਤੇ ਤੋਂ ਗੁਰੂ ਨੂੰ ਵੀ ਲੰਘਣਾ ਪਿਆ ਕੀ ਕਿਸੇ ਹੋਰ ਨੂੰ ਉਸ ਤੋਂ ਮਾਫ਼ੀ ਮਿਲ ਸਕਦੀ ਹੈ ? ਕੀ ਤੇਰੇ ਮਨ ਵਿਚ ਗੁਰੂ ਤੋਂ ਵੀ ਵੱਧ ਸਿੱਖੀ ਹੈ ? ਜਿਸ ਦੇ ਮਨ ਵਿਚ ਸਿੱਖੀ ਦਾ ਬੀਜ ਫੁੱਟ ਪਿਆ ਉਸ ਦੇ ਸਰੀਰ 'ਤੇ ਸਿੱਖੀ ਦੇ ਲੱਛਣ ਆਪ ਮੁਹਾਰੇ ਪ੍ਰਗਟ ਹੋ ਜਾਣਗੇ। ਇਸ ਦਿਨ ਤੋਂ ਬਾਅਦ ਗੁਰੂ ਜੀ ਨੂੰ ਵੀ ਪਿਆਰ ਨਾਲ ਕੇਸਾਧਾਰੀ ਦੀ ਉਪਾਧੀ ਨਾਲ ਯਾਦ ਕੀਤਾ ਜਾਣ ਲੱਗ ਪਿਆ :

ਭਯੋ ਜੈਕਾਰ ਤ੍ਰਈ ਲੋਕ ਚੌਦਹ ਭਵਨ
ਅਚਲ ਪ੍ਰਤਾਪ ਗੁਰੁ ਕੇਸਧਾਰੀ ॥੫੯॥ (ਗੁਰ ਸੋਭਾ ਅਧਿ 19)

ਇਸ ਮਹਾਨ ਇਤਿਹਾਸਕ ਦਿਨ ਦੇ ਇੱਕ ਮਹੀਨੇ ਬਾਅਦ ਹੀ ਕਾਬਲ ਦੀ ਸੰਗਤ ਨੂੰ ਭੇਜੇ ਆਪਣੇ ਇੱਕ ਉਚੇਰੇ ਹੁਕਮਨਾਮੇ ਵਿਚ ਕਲਗੀਧਰ ਪਿਤਾ ਨੇ ਕੇਸਾਂ ਲਈ ਖ਼ਾਸ ਦੋ ਹੁਕਮ ਜਾਰੀ ਕੀਤੇ, ਪਹਿਲਾ, "ਕੇਸ ਰੱਖਣੇ ਇਹ ਅਸਾਡੀ ਮੋਹਰ ਹੈ" ਅਤੇ ਦੂਜਾ, "ਦੋਨੋਂ ਵਕਤ ਕੇਸਾਂ ਦੀ ਪਾਲਨਾ ਕੰਘੇ ਸਉ ਕਰਨੀ।" ਰਤਨ ਸਿੰਘ ਭੰਗੂ

ਨੇ ਵੀ ਇਸ ਗੱਲ ਦਾ ਜ਼ਿਕਰ ਪੰਥ ਪ੍ਰਕਾਸ਼ ਵਿਚ ਕੀਤਾ ਹੈ :

ਕੇਸਨ ਕੀ ਕੀਜਹੁ ਪ੍ਰਿਤਪਾਲ ।
ਨ ਉਸਤਰਨ ਸੇ ਕਟਯੋ ਬਾਲ ।

ਗੁਰੂ ਗੋਬਿੰਦ ਸਿੰਘ ਜੀ ਸਾਹਿਬ ਜਦੋਂ ਜੋਤੀ-ਜੋਤਿ ਸਮਾਉਣ ਲੱਗੇ ਤਾਂ ਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਸੱਚੇ ਪਾਤਸ਼ਾਹ! ਅੱਜ ਤੱਕ ਤਾਂ ਨੌ ਪਾਤਸ਼ਾਹੀਆਂ ਦੇ ਰੂਪ ਵਿਚ ਆਪ ਜੀ ਦੇ ਪ੍ਰਤੱਖ ਦਰਸ਼ਨ ਦੀਦਾਰੇ ਹੁੰਦੇ ਰਹੇ ਹਨ, ਹੁਣ ਆਪ ਜੀ ਦੇ ਬਾਅਦ ਆਪ ਜੀ ਦੇ ਦਰਸ਼ਨ ਕਿਸ ਤਰ੍ਹਾਂ ਹੋਣਗੇ ? ਗੁਰੂ ਜੀ ਨੇ ਫ਼ੁਰਮਾਇਆ, "ਦੀਦਾਰ ਖਾਲਸੇ ਕਾ।" ਸਿੱਖਾਂ ਨੇ ਪ੍ਰਸ਼ਨ ਕੀਤਾ ਹਜ਼ੂਰ! ਕਿੰਨੇ ਸਿੱਖਾਂ ਦੇ ਦਰਸ਼ਨ ਵਿਚ ਆਪ ਜੀ ਦੇ ਦਰਸ਼ਨ ਹੋਣਗੇ ? ਜਵਾਬ ਮਿਲਿਆ, ਇੱਕੀ। ਸਿੱਖਾਂ ਨੇ ਫਿਰ ਪ੍ਰਸ਼ਨ ਕੀਤਾ ਕਿ ਜੇਕਰ ਇੱਕੀ ਸਿੱਖ ਨਾ ਹੋਣ। ਗੁਰੂ ਜੀ ਨੇ ਕਿਹਾ ਕਿ ਪੰਜ ਸਿੱਖਾਂ ਵਿਚ ਮੇਰਾ ਵਾਸਾ ਹੈ। ਫਿਰ ਪ੍ਰਸ਼ਨ ਹੋਇਆ ਕਿ ਜੇਕਰ ਪੰਜ ਵੀ ਨਾ ਹੋਣ। ਤਾਂ ਹਜ਼ੂਰ ਨੇ ਕਿਹਾ ਕਿ 'ਇੱਕ ਸਿੱਖ ਦੋਇ ਸਾਧ ਸੰਗਤ' ਘਰ ਵਿਚ ਪਤੀ ਪਤਨੀ ਹੁੰਦੇ ਹਨ, ਮੇਰਾ ਦਰਸ਼ਨ ਹੋ ਜਾਵੇਗਾ। ਸਿੱਖਾਂ ਨੇ ਫਿਰ ਪੁੱਛਿਆ, ਸੱਚੇ ਪਾਤਸ਼ਾਹ ਜੇਕਰ ਕੋਈ ਐਸੇ ਹਾਲਾਤ ਬਣਨ ਕਿ ਸਿੱਖ ਇੱਕਲਾ ਹੀ ਹੋਵੇ ਅਤੇ ਆਪ ਜੀ ਦੇ ਦਰਸ਼ਨ ਦੀ ਲੋਚਾ ਹੋਵੇ ਤਾਂ ਫਿਰ ਕੀ ਕਰੇ ? ਸਾਹਿਬ ਨੇ ਹੁਕਮ ਕੀਤਾ ਕਿ ਜੇਕਰ ਮੇਰੇ ਦੀਦਾਰ ਦੀ ਤਲਬ ਹੋਵੇ ਤਾਂ ਕੇਸੀ ਇਸ਼ਨਾਨ ਕਰਕੇ, ਦਸਤਾਰ ਸਜਾ ਕੇ ਨਿਤਨੇਮ ਕਰਕੇ ਸ਼ੀਸ਼ੇ ਦੇ ਵਿਚ ਆਪਣਾ ਚਿਹਰਾ ਵੇਖ ਲੈਣਾ ਮੇਰੇ ਦਰਸ਼ਨ ਹੋਣਗੇ। ਕਿਤਨਾ ਮਾਣ ਕੀਤਾ ਸੀ ਗੁਰੂ ਨੇ ਆਪਣੇ ਸਿੱਖਾਂ 'ਤੇ। ਕੀ ਤੂੰ ਸ਼ੀਸ਼ੇ ਵਿਚ ਆਪਣੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੁਰੂ ਨੂੰ ਲੱਭ ਸਕਦਾ ਹੈਂ ? ਪਰ ਇੱਕ ਗੱਲ ਯਾਦ ਰੱਖੀ ਕਿ ਸਿੱਖ ਗੁਰੂ ਦਾ ਰੂਪ ਹੈ, ਗੁਰੂ ਨਹੀਂ।

ਗੁਰੂ ਗੋਬਿੰਦ ਸਿੰਘ ਜੀ ਜਦੋਂ ਸਿੰਘਾਂ ਦੇ ਨਾਲ ਪੁਸ਼ਕਰ ਦੇ ਅਸਥਾਨ 'ਤੇ ਪੁੱਜੇ ਤਾਂ ਉਥੋਂ ਦੇ ਪੁਜਾਰੀ ਸ਼ਾਹੀ ਜਾਹੋ-ਜਲਾਲ ਅਤੇ ਅਸਤ੍ਰ-ਬਸਤ੍ਰ ਨਾਲ ਲੈਸ ਸਾਬਤ ਸੂਰਤ ਸੰਤ ਸਿਪਾਹੀ ਖਾਲਸੇ ਦੇ ਦਰਸ਼ਨ ਕਰਕੇ ਦੰਗ ਰਹਿ ਗਏ ਅਤੇ ਸਾਹਿਬਾਂ ਨੂੰ ਪੁੱਛਣ ਲੱਗੇ ਕਿ ਆਪ ਦੇ ਨਾਲ ਇਹ ਕੌਣ ਹਨ ? ਦਸ਼ਮੇਸ਼ ਪਿਤਾ ਨੇ ਉਹਨਾਂ ਨੂੰ, ਦੱਸਿਆ ਕਿ ਇਹ ਅਕਾਲ ਪੁਰਖ ਦੇ ਉਚੇਚੇ ਸੇਵਕ ਹਨ :

ਸੰਗ ਆਪ ਕੇ ਕੇਸਨਧਾਰੀ ।
ਕਹਾ ਇਨ ਕੀ ਦਿਹੁ ਜਾਤਿ ਉਚਾਰੀ ?
ਸੁਨਿ ਕਰਿ ਗੁਰ ਫੁਰਮਾਵਨਿ ਕੀਆ ।
ਭਯੋ ਖਾਲਸਾ ਜਗ ਮਹਿੰ ਤੀਆ ।
ਹਿੰਦੂ ਤੁਰਕ ਦੁਹਿਨ ਤੇ ਨਯਾਰੋ ।
ਸ਼੍ਰੀ ਅਕਾਲ ਕੋ ਦਾਸ ਬਿਚਾਰੋ ॥੪੪॥

(ਗੁਰੁ ਪ੍ਰਤਾਪ ਸੂਰਜ ਗ੍ਰੰਥ ਐਨ ੧, ਅੰਸੂ ੩੫)

ਇਹ ਸਹੀ ਹੈ ਕਿ ਕੇਸ ਸਿੱਖੀ ਦੇ ਚਿੰਨ੍ਹ ਹਨ ਸਿੱਖੀ ਨਹੀਂ ਪਰ ਕੀ ਅੱਛੇ ਤੋਂ

ਅੱਛੀ ਅਤੇ ਲਾਭਕਾਰੀ ਅਤੇ ਗੁਣਕਾਰੀ ਵਸਤੂ ਬਜ਼ਾਰ ਵਿਚ ਪੇਸ਼ ਕੀਤੀ ਜਾ ਸਕਦੀ ਹੈ, ਜਿਸ ਦਾ ਆਪਣਾ ਮਾਰਕਾ ਜਾਂ ਨਿਸ਼ਾਨ ਨਾ ਹੋਵੇ ? ਹੁਣ ਮਾਰਕਾ ਤਾਂ ਵਸਤੂ ਦਾ ਬਦਲ ਨਹੀਂ। ਮਾਰਕੇ ਦੇ ਬਿਨਾਂ ਵਸਤੂ, ਵਰਦੀ ਦੇ ਬਿਨਾਂ ਸਕੂਲ ਦੇ ਵਿਦਿਆਰਥੀ ਅਤੇ ਫ਼ੌਜੀ ਸੋਚੇ ਹੀ ਨਹੀਂ ਜਾ ਸਕਦੇ। ਹਰ ਵਿੱਦਿਆ ਜਿਵੇਂ ਹਿਸਾਬ, ਸਾਇਯਾਦ ਰੋਮਯਾਦ ਸਾਇੰਸ, ਫਿਜ਼ਿਕਸ, ਕੈਮਿਸਟਰੀ ਆਦਿ ਅਤੇ ਹਰ ਕਿੱਤੇ ਜਿਵੇਂ ਫ਼ੌਜ, ਡਾਕਟਰੀ, ਪੱਤਰਕਾਰੀ ਆਦਿ ਦੇ ਆਪਣੇ ਚਿੰਨ੍ਹ ਹੁੰਦੇ ਹਨ। ਜਿਸ ਤਰ੍ਹਾਂ ਕਿਸੇ ਮੁਲਕ ਦਾ ਝੰਡਾ ਮੁਲਕ ਨਹੀਂ ਹੁੰਦਾ ਬਲਕਿ ਉਸ ਮੁਲਕ ਦਾ ਚਿੰਨ੍ਹ ਹੀ ਹੁੰਦਾ ਹੈ ਪਰ ਮੁਲਕ ਨੂੰ ਪਿਆਰ ਕਰਨ ਵਾਲੇ ਇਸ ਚਿੰਨ੍ਹ ਉੱਤੇ ਮਰ ਮਿਟਦੇ ਹਨ। ਐਨ ਇਸੇ ਤਰ੍ਹਾਂ ਨਿਸ਼ਾਨ ਸਾਹਿਬ ਵੀ ਕੇਵਲ ਸਿੱਖੀ ਦਾ ਚਿੰਨ੍ਹ ਹੀ ਹੈ 'ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ' ਦੀ ਅਰਦਾਸ ਇਸੇ ਭਾਵਨਾ ਦਾ ਪ੍ਰਤੀਕ ਹੈ। ਸੋ ਜਿਸ ਦੇ ਅੰਦਰ ਵੀ ਸਿੱਖੀ ਦਾ ਪ੍ਰਕਾਸ਼ ਹੋਵੇਗਾ ਉਹ ਇਸ ਦੇ ਚਿੰਨ੍ਹਾਂ ਨੂੰ ਕਿਸੇ ਕੀਮਤ 'ਤੇ ਵੀ ਵੱਖ ਨਹੀਂ ਹੋਣ ਦੇਵੇਗਾ। ਉਹ ਹੁੱਜਤਾਂ ਕਰਨਾ ਤਾਂ ਦੂਰ ਕਦੀ ਪਤਿਤ ਹੋ ਹੀ ਨਹੀਂ ਸਕਦਾ। ਗੁਰੂ ਸਾਹਿਬਾਨ ਦੇ ਸਰੀਰਕ ਰੂਪ ਵਿਚ ਹਾਜ਼ਰ ਹੋਣ ਸਮੇਂ ਜਿਸ ਨੇ ਸਾਹਿਬਾਂ 'ਤੇ ਹਮਲਾ ਕਰਨਾ ਹੁੰਦਾ ਸੀ ਉਹ ਉਹਨਾਂ ਦੇ ਸਰੀਰ 'ਤੇ ਹਮਲਾ ਕਰਦਾ ਸੀ। ਅੱਜ ਜੇ ਕਿਸੇ ਨੇ ਗੁਰੂ 'ਤੇ ਹਮਲਾ ਕਰਨਾ ਹੈ ਤਾਂ ਉਹ ਉਹਨਾਂ ਦੀ ਮੋਹਰ 'ਤੇ, ਉਹਨਾਂ ਦੇ ਚਿੰਨ੍ਹਾਂ 'ਤੇ ਹਮਲਾ ਕਰੇਗਾ ਜਿਵੇਂ ਥਾਂ ਪਰ ਥਾਂ ਹੁੰਦਾ ਵੀ ਹੈ। ਗੁਰੂ ਦੇ ਇਸ ਚਿੰਨ੍ਹ ਨਾਲ ਪਕੜ ਹੀ ਇਕ ਪੈਮਾਨਾ ਹੈ ਜੋ ਇਹ ਦਰਸਾਏਗਾ ਕਿ ਕੌਮ ਵਿਚ ਅਜੇ ਕਿੰਨੀ ਸਿੱਖੀ ਬਾਕੀ ਹੈ। ਭਾਈ ਤਾਰੂ ਸਿੰਘ ਨੂੰ ਜਦੋਂ ਕਾਜ਼ੀ ਨੇ ਕਿਹਾ ਕਿ ਜੇ ਤੂੰ ਕੇਸ ਨਹੀਂ ਕਟਵਾਏਂਗਾ ਤਾਂ ਮਾਰ ਦਿੱਤਾ ਜਾਏਂਗਾ। ਭਾਈ ਸਾਹਿਬ ਨੇ ਇੱਕੋ ਸਵਾਲ ਹੀ ਪੁੱਛਿਆ ਸੀ, 'ਕਾਜ਼ੀ ਸਾਹਿਬ! ਜੇ ਕੇਸ ਕਟਵਾ ਲਵਾਂਗਾ ਤਾਂ ਕੀ ਆਪ ਮੌਤ ਤੋਂ ਬਚਾ ਲਓਗੇ, ਇਸ ਸਵਾਲ ਦਾ ਕਾਜ਼ੀ ਕੋਲ ਕੋਈ ਜਵਾਬ ਹੀ ਨਹੀਂ ਸੀ। ਭਾਈ ਸਾਹਿਬ ਦੀ ਖੋਪਰੀ ਤਾਂ ਉਤਰ ਗਈ ਪਰ ਕੇਸ ਨਹੀਂ ਕਟੀਣ ਹੋਏ। ਸਿੱਖ ਦੀ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਣ ਦੀ ਅਰਦਾਸ ਪੂਰੀ ਹੋ ਗਈ।

ਰੰਬੀਆਂ ਨਾਲ ਖੋਪਰ ਲਹਿੰਦੇ ਜਾਂ ਤਕਦੀਰ ਬਦਲਦੀ ਕੌਮਾਂ ਦੀ।

ਯੂਨਾਨੀ ਇਤਿਹਾਸਕਾਰ ਹੇਰੋਡੋਟਸ (Herodotus) ਨੇ ਵੀ ਲਿਖਿਆ ਹੈ ਕਿ ਪੁਰਾਣੇ ਸਮੇਂ ਵਿਚ ਉੱਤਰੀ ਅਮਰੀਕਾ, ਸਿਥੀਅਨ (Scythians) ਅਤੇ ਸਾਈਬੇਰੀਆ ਵਿਚ ਦੁਸ਼ਮਣ ਦੀ ਵਾਲਾਂ ਸਮੇਤ ਖੋਪਰੀ ਉਤਾਰ ਦੇਣਾ ਇਕ ਆਮ ਰਿਵਾਜ ਸੀ। ਸੋ ਇਸ ਮੁਤਾਬਿਕ ਹੀ ਭਾਈ ਤਾਰੂ ਸਿੰਘ ਨੂੰ ਸ਼ਹੀਦ ਕੀਤਾ ਗਿਆ ਸੀ।

ਤੇਰਾ ਇਕ ਸਾਥੀ ਬੜੀ ਹਾਸੋਹੀਣੀ ਦਲੀਲ ਦੇ ਰਿਹਾ ਸੀ ਕਿ ਭਾਈ ਤਾਰੂ ਸਿੰਘ ਜੀ ਉੱਥੇ ਮੰਨ ਕੇ ਆਪਣੀ ਜਾਨ ਬਚਾ ਲੈਂਦੇ ਅਤੇ ਬਾਅਦ ਵਿਚ ਫਿਰ ਕੇਸ ਰੱਖ ਲੈਂਦੇ। ਸਿੱਖੀ ਦਲੀਲ ਜਾਂ ਹੁੱਜਤ ਦਾ ਨਾਮ ਨਹੀਂ। ਇਹ ਤਾਂ ਹੈ ਹੀ ਸਿਦਕ ਦਾ ਨਾਮ। ਇਸੇ ਲਈ ਤਾਂ ਸਿੱਖ ਸਿਦਕ ਅਤੇ ਭਰੋਸੇ ਦੀ ਅਰਦਾਸ ਕਰਦਾ ਹੈ। ਜੇਕਰ ਐਸਾ ਹੁੰਦਾ ਤਾਂ ਫਿਰ ਉਹਨਾਂ ਦਾ ਨਾਮ ਕਿਸ ਨੇ ਲੈਣਾ ਸੀ। ਸ਼ਮ੍ਹਾ ਦੇ ਦਵਾਲੇ

ਸੈਂਕੜੇ ਪਰਵਾਨੇ ਘੁੰਮਦੇ ਹਨ ਪਰ ਦੁਨੀਆਂ ਇਹ ਵੇਖਦੀ ਹੈ ਕਿ ਇਹਨਾਂ ਚੋਂ ਸੜੇ ਕਿੰਨੇ ਅਤੇ ਅੜੇ ਕਿੰਨੇ ?

ਭਾਈ ਮਨੀ ਸਿੰਘ ਜੀ ਨਾਲ ਵੀ ਜਦੋਂ ਹਾਕਮ ਨੇ ਕੇਸਾਂ ਬਦਲੇ ਸਰੀਰ ਨੂੰ ਬੰਦ ਬੰਦ ਕੱਟਣ ਤੋਂ ਬਚਾਉਣ ਦਾ ਸੌਦਾ ਕਰਨ ਦੀ ਗੱਲ ਕੀਤੀ ਤਾਂ ਭਾਈ ਸਾਹਿਬ ਮੁਸਕਰਾ ਪਏ,

"ਸੁਣ ਕਾਤਲ ! ਅਸੀਂ ਰਲ ਮਿਲ ਦੋਵੇਂ ਅਜ਼ਬ ਤਮਾਸ਼ਾ ਲਾਵਾਂਗੇ।"

ਕੀ ਤੂੰ ਇਹ ਵੀ ਭੁੱਲ ਗਿਆ ਕਿ ਕਿਸ ਤਰ੍ਹਾਂ ਭਾਈ ਮਤੀ ਦਾਸ ਜੀ ਨੇ ਇਹਨਾਂ ਕੇਸਾਂ ਦੀ ਖ਼ਾਤਰ ਹੀ ਆਪਣੇ ਸਰੀਰ ਨੂੰ ਦੋਫਾੜ ਤਾਂ ਕਰਵਾ ਲਿਆ ਪਰ ਈਨ ਨਾ ਮੰਨੀ।

ਇਸੇ ਤਰ੍ਹਾਂ ਭਾਈ ਸਤੀ ਦਾਸ ਜੀ ਨੂੰ ਵੀ ਰੂੰ ਵਿਚ ਲਪੇਟ ਕੇ ਸਾੜ ਦਿੱਤਾ ਗਿਆ ਪਰ ਉਹਨਾਂ ਦੀ ਸਿੱਖੀ ਕੇਸਾਂ ਸਵਾਸਾਂ ਸੰਗ ਨਿਭ ਗਈ ।

ਭਾਈ ਦਿਆਲਾ ਜੀ ਨੂੰ ਵੀ ਜਦ ਇਹੋ ਗੱਲ ਦੁਹਰਾਈ ਗਈ ਤਾਂ ਹਾਕਮ ਨੇ ਝੁੰਜਲਾ ਕੇ ਉਹਨਾਂ ਨੂੰ ਤੇਲ ਦੀ ਦੇਗ਼ ਵਿਚ ਉਬਾਲਣ ਦਾ ਹੁਕਮ ਦੇ ਦਿੱਤਾ । ਭਾਈ ਸਾਹਿਬ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਮੁਖਾਤਿਬ ਹੋ ਕੇ ਕਿਹਾ, "ਹੇ ਗੁਰੂ ਅਰਜਨ ਦੇਵ ਜੀ ਮਹਾਰਾਜ! ਅੱਗੇ ਤੁਸੀਂ ਇੱਕ ਵਾਰ ਜਹਾਂਗੀਰ ਦੀ ਦੇਗ਼ ਵਿਚ ਉਬਲੇ ਸੀ, ਹੁਣ ਇੱਕ ਵਾਰ ਫਿਰ ਔਰੰਗਜ਼ੇਬ ਦੀ ਦੇਗ ਵਿਚ ਉਬਲ ਜਾਓ ।"

ਭਾਈ ਸੁਬੇਗ ਸਿੰਘ ਜੰਬਰ ਅਤੇ ਉਹਨਾਂ ਦੇ ਪੁੱਤਰ ਭਾਈ ਸ਼ਾਹਬਾਜ਼ ਸਿੰਘ ਬਾਰੇ ਵੀ ਸ਼ਾਇਦ ਤੂੰ ਸੁਣਿਆ ਹੋਵੇਗਾ । ਭਾਈ ਤਾਰੂ ਸਿੰਘ ਨੂੰ ਭੈਭੀਤ ਕਰਨ ਲਈ ਦੋਹਾਂ ਨੂੰ ਆਪ ਦੇ ਸਾਹਮਣੇ ਲਿਆਂਦਾ ਗਿਆ ਅਤੇ ਆਪਣੇ ਮੁਰਸ਼ਦ ਦੀ ਨਿਸ਼ਾਨੀ ਕੇਸਾਂ ਨੂੰ ਤਿਲਾਂਜਲੀ ਨਾ ਦੇਣ ਦੀ ਸਜ਼ਾ ਪਿਉ ਪੁੱਤਰ ਨੂੰ ਇਹ ਦਿੱਤੀ ਗਈ ਕਿ ਇਹਨਾਂ ਨੂੰ ਚਰਖੜੀ 'ਤੇ ਚਾਹੜ ਕੇ ਸ਼ਹੀਦ ਕਰ ਦਿੱਤਾ ਜਾਵੇ। ਅਖ਼ੀਰਲੇ ਹਥਿਆਰ ਦੇ ਤੌਰ 'ਤੇ ਭਾਈ ਸੁਬੇਗ ਸਿੰਘ ਨੂੰ ਕਿਹਾ ਗਿਆ ਕਿ ਤੇਰਾ ਇੱਕੋ ਇਕ ਬੇਟਾ ਹੈ, ਤੂੰ ਇਸ ਨੂੰ ਬਚਾ ਕੇ ਆਪਣੀ ਕੁਲ ਬਚਾ ਲੈ। ਭਾਈ ਸਾਹਿਬ ਨੇ ਦ੍ਰਿੜ੍ਹਤਾ ਭਰੀ ਮੁਸਕਰਾਹਟ ਨਾਲ ਕਿਹਾ ਕਿ ਜੇਕਰ ਕੁਲ ਬਚਾਣੀ ਹੀ ਬੜੀ ਵੱਡੀ ਗੱਲ ਹੈ ਤਾਂ ਫਿਰ ਕੀ ਸਾਡੇ ਨਾਲੋਂ ਗੁਰੂ ਗੋਬਿੰਦ ਸਿੰਘ ਜੀ ਦੀ ਕੁਲ ਨਹੀਂ ਸੀ ਬਚ ਜਾਣੀ ਚਾਹੀਦੀ ? ਗੁਰੂ ਸਾਹਿਬ ਨੇ ਤਾਂ ਸਾਨੂੰ ਆਪਣੇ ਪੁੱਤਰ ਬਣਾ ਕੇ ਸਾਡੀ ਖ਼ਾਤਿਰ ਆਪਣੀ ਕੁਲ ਕੁਰਬਾਨ ਕਰ ਦਿੱਤੀ। ਜੇਕਰ ਅਸੀਂ ਆਪਣੀ ਕੁਲ ਬਚਾ ਲਈਏ ਤਾਂ ਇਹ ਕਿਹੜੀ ਵਡਿਆਈ ਵਾਲੀ ਗੱਲ ਹੋਵੇਗੀ ? ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਹੁੰਦੇ ਹੋਏ ਭਾਈ ਸੁਬੇਗ ਸਿੰਘ ਨੇ ਬਚਨ ਕੀਤੇ :

ਹਮ ਕਾਰਨ ਗੁਰ ਕੁਲਹਿ ਗਵਾਈ ।
ਹਮ ਕੁਲ ਰਾਖਹਿ ਕਉਨ ਵਡਾਈ ।

ਅੰਗਰੇਜ਼ਾਂ ਦੇ ਦਿੱਲੀ 'ਤੇ ਪੂਰੀ ਤਰ੍ਹਾਂ ਕਾਬਜ਼ ਹੋ ਜਾਣ ਦੇ ਬਾਅਦ ਕੈਪਟਨ ਮਰੇ ਨੇ ਪ੍ਰਾਚੀਨ ਪੰਥ ਪ੍ਰਕਾਸ਼ ਦੇ ਲਿਖਾਰੀ ਰਤਨ ਸਿੰਘ ਭੰਗੂ ਨੂੰ ਪੁੱਛਿਆ ਸੀ ਕਿ ਕੀ ਕਾਰਨ ਹੈ ਕਿ ਹੋਰ ਸਾਰੇ ਅਵਤਾਰੀ ਪੁਰਸ਼ਾਂ ਦੀ ਰੀਤ ਦੇ ਉਲਟ ਗੁਰੂ ਗੋਬਿੰਦ ਸਿੰਘ

ਜੀ ਨੇ ਆਪਣੀ ਸੰਤਾਨ ਨੂੰ ਰਾਜ ਭਾਗ ਨਾ ਦਿੱਤਾ ? ਭੰਗੂ ਨੇ ਜਵਾਬ ਦਿੱਤਾ ਸੀ ਕਿ ਘਾਹ ਧਰਤੀ 'ਤੇ ਆਪੇ ਉੱਗਣ ਕਰਕੇ ਇਸ ਨੂੰ ਧਰਤੀ ਪੁੱਤਰ ਕਿਹਾ ਜਾਂਦਾ ਹੈ ਪਰ ਧਰਤੀ 'ਤੇ ਘਾਹ ਜਾਂ ਅੰਨ ਹੀ ਉੱਗ ਸਕਦਾ ਹੈ, ਦੋਵੇਂ ਇਕੱਠੇ ਨਹੀਂ। ਕਲਗੀਧਰ ਪਿਤਾ ਨੇ ਮਾਨਵਤਾ ਦੀ ਕਲਿਆਣ ਹਿੱਤ ਆਪਣੀ ਨਿੱਜ ਸੰਤਾਨ ਦੀ ਕੁਰਬਾਨੀ ਦੇ ਦਿੱਤੀ ਤਾਂ ਕਿ ਇਥੇ 'ਖਾਲਸਾ ਅਕਾਲ ਪੁਰਖ ਕੀ ਫ਼ੌਜ' ਰੂਪੀ ਅੰਨ ਸਦੀਵੀ ਤੌਰ 'ਤੇ ਪਨਪ ਸਕੇ :

ਸ੍ਰੀ ਰਾਮ ਕ੍ਰਿਸ਼ਨ ਸੁਤ ਨਿਜ ਰਖੇ ਦਯੋ ਰਾਜਕਨ ਪ੍ਰੀਤ।
ਸ੍ਰੀ ਸਤਿਗੁਰ ਸਿਖਨ ਦਯੋ, ਅਧਿਕ ਭਈ ਯਾ ਰੀਤ ॥੯॥
ਅਪਨੇ ਅੰਸਹਿ ਹੋਤਿ ਫਿਰੀ ਪਰ ਅੰਸਹਿ ਬਢਤਿ ਨ ਹੋਤ।
ਭੂਮ ਪੂਤੋ ਜਿਹ ਘਾਸ ਹ੍ਵੈ ਨਹਿ ਹੁਇ ਅੰਨ ਤਿਹ ਖੇਤ ॥੧੦॥

(ਪੰਥ ਪ੍ਰਕਾਸ਼-ਭੰਗੂ)

ਸਾਨੂੰ ਆਪਣੇ ਪੁੱਤਰ ਹੋਣ ਦਾ ਮਾਣ ਪ੍ਰਦਾਨ ਕਰਨ ਲਈ ਉਸ ਕਲਗੀਆਂ ਵਾਲੇ ਨੇ ਆਪਣਾ ਸਰਬੰਸ ਵਾਰ ਦਿੱਤਾ ਅਤੇ ਇਹੀ ਕਿਹਾ ਨਾ ਕਿ :

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੁਆ ਜੀਵਤ ਕਈ ਹਜ਼ਾਰ।

ਪਰ ਕੀ ਅਸੀਂ ਆਪਣੇ ਪੁੱਤਰ ਹੋਣ ਦਾ ਸਬੂਤ ਦਿੱਤਾ ਹੈ ?

ਕਲਗੀਧਰ ਪਿਤਾ ਦੇ ਹਜ਼ੂਰੀ ਸਿੱਖ ਭਾਈ ਗੁਰਦਾਸ ਦੂਜੇ ਨੇ ਦਸਮੇਸ਼ ਦੇ ਇਸ ਨਿਰਾਲੇ ਪੰਥ ਬਾਰੇ ਕਿੰਨੀ ਸੋਹਣੀ ਗਵਾਹੀ ਦਿੱਤੀ ਹੈ :

ਉਹੁ ਗੁਰੁ ਗੋਬਿੰਦ ਹੋਇ ਪ੍ਰਗਟਿਓ ਦਸਵਾਂ ਅਵਤਾਰਾ।
ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ।
ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ।
ਸਿਰ ਕੇਸ ਧਾਰਿ ਗਹਿ ਖੜਗ ਕੋ ਸਭ ਦੁਸਟ ਪਛਾਰਾ।..........
ਗਹਿ ਐਸੇ ਖੜਗ ਦਿਖਾਈਐ ਕੋ ਸਕੈ ਨ ਝੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧੫॥ (ਵਾਰ ੪੧)

ਕੀ ਤੈਨੂੰ ਪਤਾ ਹੈ ਕਿ ਆਪਣੇ ਸਿਰ ਧੜ ਦੀ ਬਾਜੀ ਲਗਾ ਕੇ ਭਾਈ ਜੈਤਾ ਗੁਰੂ ਤੇਗ਼ ਬਹਾਦਰ ਜੀ ਦਾ ਪਾਵਨ ਸੀਸ ਦਿੱਲੀ ਤੋਂ ਲੈ ਕੇ ਅਨੰਦਪੁਰ ਸਾਹਿਬ ਆਏ ਤਾਂ ਨੌਂ ਸਾਲ ਦੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਉਹ ਪਾਵਨ ਸੀਸ ਮਾਤਾ ਗੁਜਰੀ ਜੀ ਦੀ ਝੋਲੀ ਵਿਚ ਪਾਇਆ। ਮਾਤਾ ਗੁਜਰੀ ਜੀ ਨੇ ਸਾਹਿਬਾਂ ਦੇ ਸੀਸ ਨੂੰ ਨਮਸ਼ਕਾਰ ਕਰਕੇ ਕੇਵਲ ਇਹ ਬਚਨ ਕਹੇ, "ਸਵਾਮੀ। ਤੁਹਾਡੀ ਨਿਭ ਗਈ ਹੈ, ਬਖ਼ਸ਼ਿਸ਼ ਕਰੋ ਮੇਰੀ ਵੀ ਨਿਭ ਜਾਵੇ।" ਕੀ ਸਾਨੂੰ ਵੀ ਇਹ ਅਰਦਾਸ ਨਹੀਂ ਕਰਨੀ ਚਾਹੀਦੀ ?

ਕੀ ਤੂੰ ਚਮਕੌਰ ਦੀ ਕੱਚੀ ਗੜ੍ਹੀ ਦਾ ਉਹ ਖ਼ੂਨੀ ਸਾਕਾ ਵੀ ਭੁੱਲ ਚੁੱਕਾ ਹੈਂ ? ਚਮਕੌਰ ਦੀ ਜੰਗ ਤੋਂ ਪਹਿਲੀ ਰਾਤ ਦਾ ਨਕਸ਼ਾ ਕੌਮੀ ਸ਼ਾਇਰ ਹਕੀਮ ਮਿਰਜ਼ਾ ਅਲ੍ਹਾ

ਯਾਰ ਖਾਂ 'ਜੋਗੀ' ਰਹਿਮਾਨੀ ਨੇ ਖਿੱਚਿਆ ਹੈ ਕਿ ਸਾਰੀ ਰਾਤ ਪਿਤਾ ਗੁਰੂ ਵਾਹਿਗੁਰੂ ਦੇ ਸਿਮਰਨ ਵਿਚ ਜੁੜੇ ਰਹੇ ਅਤੇ ਅੱਧੀ ਰਾਤ ਨੂੰ ਆਪ ਜੀ ਆਪਣੇ ਤੰਬੂ 'ਚੋਂ ਬਾਹਰ ਨਿਕਲ ਆਏ। ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਅਤੇ ਚਾਲੀ ਹੋਰ ਸਿੱਖ ਬੇਖ਼ਬਰ ਸੁੱਤੇ ਪਏ ਸਨ ਪਰ ਪਿਤਾ ਨੂੰ ਤਾਂ ਕਲ੍ਹ ਬਾਰੇ ਪਤਾ ਸੀ ਕੱਲ ਤੋਂ ਬਾਅਦ ਇਹਨਾਂ ਵਿੱਚੋਂ ਕੋਈ ਵੀ ਨਾਲ ਨਹੀਂ ਹੋਏਗਾ :

ਰਿਹਾ ਗਿੱਠਾਂ ਨਾਲ ਪੁੱਤਾਂ ਦੀਆਂ ਮਿਣੇ ਪਿੰਨੀਆਂ,
ਚੋਜੀ ਅੱਖਾਂ ਸਾਹਵੇਂ ਨਕਸ਼ਾ ਦੀਵਾਰ ਦਾ ਰਿਹਾ। (ਕੁੰਦਨ)

ਸਾਹਿਬਾਂ ਨੇ ਸੁੱਤੇ ਪਏ ਸਿੰਘਾਂ ਦੇ ਕੇਸ ਠੀਕ ਕੀਤੇ, ਉਨ੍ਹਾਂ ਦੀਆਂ ਦਸਤਾਰਾਂ ਸਹੀ ਕੀਤੀਆਂ ਪਰ ਜਿਸ ਵੀ ਸਿੰਘ ਦੇ ਕੋਲ ਆਉਂਦੇ ਸਨ ਕਿਤਨਾ-ਕਿਤਨਾ ਚਿਰ ਉਸ ਦਾ ਚਿਹਰਾ ਵੇਖਦੇ ਸਨ ਫਿਰ ਉਸ ਦਾ ਮੂੰਹ, ਗਲਾ ਚੁੰਮਣ ਬਹਿ ਜਾਂਦੇ। ਇਤਨਾ ਹੀ ਨਹੀਂ ਜੇ ਕਿਸੇ ਸਿੰਘ ਦੇ ਪਵਾਂਦੀ ਆਉਂਦੇ ਤਾਂ ਉਸ ਦੇ ਪੈਰ ਹੀ ਚੁੰਮਣ ਬਹਿ ਜਾਂਦੇ। ਗੁਰੂ ਪਿਤਾ ਦੇ ਮਨ ਵਿਚ ਇਸ ਸਮੇਂ ਕੀ ਤੂਫ਼ਾਨ ਹੋਣਗੇ, ਕੀ ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ?

ਜਬ ਡੇਢ ਘੜੀ ਰਾਤ ਗਈ ਜ਼ਿਕਰਿ-ਖੁਦਾ ਮੇਂ।
ਖ਼ੇਮੇ ਸੇ ਨਿਕਲ ਆਏ ਸ੍ਰਕਾਰ ਹਵਾ ਮੇਂ।
ਸਾਫੇ ਕਬੀ ਸਿੰਘੋਂ ਕੇ ਉਠਾਤੇ ਥੇ ਜ਼ਮੀਂ ਸੇ।
ਕੇਸ ਇਸ ਕੇ ਜੋ ਝਾੜੇ ਤੋ ਲੀ ਖ਼ਾਕ ਉਸ ਕੀ ਜਬੀਂ ਸੇ।
ਜਿਨ ਸਿੰਘੋਂ ਨੇ ਕਲ ਮੌਤ ਕੇ ਸਾਹਿਲ ਥਾ ਉਤਰਨਾ।.....
ਮੁਸ਼ਕਲ ਹੁਆ ਇਸ ਜਾ ਸੇ ਕਦਮ ਆਗੇ ਕੋ ਧਰਨਾ।
ਚੂੰਮਾ ਕਭੀ ਹਲਕੂਮ ਦਹਨ ਚੂੰਮਨੇ ਬੈਠੇ।
ਜਬ ਪਾਇੰਤੀ ਆਏ ਤੋ ਚਰਨ ਚੂੰਮਨੇ ਬੈਠੇ।.....
ਉਲਫਤ ਕੇ ਯਿਹ ਜਜ਼ਬੇ ਨਹੀ ਦੇਖੇ ਕਹੀ ਹਮਨੇ।
ਹੈ ਦੇਖਨਾ ਇੱਕ ਬਾਤ, ਸੁਨੇ ਭੀ ਨਹੀਂ ਹਮਨੇ।
(ਅਲ੍ਹਾ ਯਾਰ ਖਾਂ ਜੋਗੀ ਰਹਿਮਾਨੀ)

ਇਸ ਜੰਗ ਦੀ ਇੱਕ ਅਹਿਮ ਗੱਲ ਇਹ ਵੀ ਸੀ ਕਿ ਇੱਥੇ ਦਸ ਲੱਖ ਦੀ ਫ਼ੌਜ ਦਾ ਮੁਕਾਬਲਾ ਕੇਵਲ ਚਾਲੀ ਸਿੱਖ ਹੀ ਕਰ ਰਹੇ ਸਨ। ਇਸ ਗੱਲ ਦੀ ਗਵਾਹੀ ਗੁਰੂ ਸਾਹਿਬ ਨੇ ਖ਼ੁਦ ਜ਼ਫ਼ਰਨਾਮੇ ਵਿਚ ਦਿੱਤੀ ਹੈ ਕਿ ਕਈ ਦਿਨ ਦੇ ਭੁੱਖੇ ਭਾਣੇ ਚਾਲੀ ਸਿੰਘ ਕੀ ਕਰ ਸਕਦੇ ਹਨ ਜੇ ਉਹਨਾਂ 'ਤੇ ਦਸ ਲੱਖ ਦੀ ਫ਼ੌਜ ਆ ਪਵੇ,

ਗੁਰਸਨਹ ਚਿਕਾਰੇ ਕੁਨਦ ਚਿਹਲ ਨਰ॥
ਕਿ ਦਹ ਲਖ ਬਰਾਯਦ ਬਰੋ ਬੇਖਬਰ॥ (ਦਸਮ ਗ੍ਰੰਥ, ਜ਼ਫ਼ਰਨਾਮਾ)

ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਦਾਅਵਾ ਕੀਤਾ ਸੀ :

ਸਵਾ ਲਾਖ ਸੇ ਏਕ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਅਤੇ ਇਹ ਦਾਅਵਾ ਕੋਈ ਕਾਵਿ-ਉਡਾਰੀ ਨਹੀਂ ਸੀ ਬਲਕਿ ਚਮਕੌਰ ਸਾਹਿਬ ਦੀ ਉਸ ਪਾਵਨ ਧਰਤੀ ਨੇ ਸਾਬਤ ਕਰ ਵਿਖਾਇਆ ਕਿ ਇੱਕ-ਇੱਕ ਸਿੱਖ ਕੱਚੀ ਗੜ੍ਹੀ ਵਿੱਚੋਂ ਬਾਹਰ ਨਿਕਲਦਾ ਸੀ ਅਤੇ ਦਸ ਲੱਖ ਦੀ ਫ਼ੌਜ ਨਾਲ ਜੂਝਦਿਆਂ ਹੋਇਆਂ ਸ਼ਹਾਦਤ ਦਾ ਜਾਮ ਪੀਂਦਾ ਸੀ। ਇਸ ਮੌਕੇ 'ਤੇ ਸਿੰਘਾਂ ਨੇ ਸਾਹਿਬਾਂ ਨੂੰ ਕਿਹਾ ਕਿ ਤੁਸੀਂ ਘੱਟੋ-ਘੱਟ ਆਪਣੇ ਸਾਹਿਬਜ਼ਾਦਿਆਂ ਨੂੰ ਤਾਂ ਬਚਾ ਲਉ। ਉਸ ਅਰਸ਼ੀ ਪਿਤਾ ਨੇ ਸਿੰਘਾਂ ਨੂੰ ਪੁੱਛਿਆ ਸੀ, ਕੀ ਤੁਸੀਂ ਮੇਰੇ ਪੁੱਤਰ ਨਹੀਂ ?

ਅੰਬਰ ਉਤੋਂ ਤਾਰੇ ਟੁੱਟੇ, ਸਮਾਂ ਏ ਨਾਜ਼ੁਕ ਆਵਣ ਲੱਗਾ।
ਸੁੱਤੇ ਸਿੰਘ ਹਜ਼ਾਰੀਆਂ ਤਾਈਂ, ਸਤਿਗੁਰ ਛੱਡ ਕੇ ਜਾਵਣ ਲੱਗਾ।
ਲੋਥਾਂ ਵਿੱਚੋਂ ਸੀਸ ਨੇ ਚੁੱਕੇ, ਸਾਹਿਬ ਸੀਨੇ ਲਾਵਣ ਲੱਗਾ।
ਅਜੀਤ ਸਿੰਘ ਦੀ ਲਿਬੜੀ ਦੇਹ ਨੂੰ, ਦਯਾ ਸਿੰਘ ਸੀਸ ਨਿਵਾਵਣ ਲੱਗਾ।
ਕਮਰ ਕੱਸਾ ਉਹ ਲਾਹ ਕੇ ਲੱਕ ਤੋਂ, ਉਸ ਦੇ ਉਤੇ ਪਾਵਣ ਲੱਗਾ।
ਹੱਥ ਪਕੜ ਕੇ ਸਾਹਿਬ ਮੇਰਾ, ਮੁੱਖੋਂ ਇੰਜ ਫ਼ੁਰਮਾਵਣ ਲੱਗਾ।
ਇੱਕੋ ਜਿਹੇ ਸ਼ਹੀਦ ਨੇ ਮੈਨੂੰ, ਕਹਿ ਕੇ ਰੂਹ ਤੜਫਾਵਣ ਲੱਗਾ।
ਕਫਨ ਪਾਉ ਜਾਂ ਸਭ ਦੇ ਉਤੇ, ਜਾਂ ਫਿਰ ਕਿਸੇ ਦੀ ਬਾਤ ਨਾ ਪੁੱਛੋ।
ਚਿੜੀਆਂ ਕਾਵਾਂ ਛਮ-ਛਮ ਰੋਏ, ਬੰਦੇ ਦੀ ਤਾਂ ਜ਼ਾਤ ਨਾ ਪੁੱਛੋ। (ਬਰਕਤ)

ਐਸੇ ਗੁਰੂ ਪਿਤਾ ਨੇ ਮਾਛੀਵਾੜੇ ਵਿਚ ਛੋਟੇ ਸਾਹਿਬਜ਼ਾਦਿਆਂ, ਬਾਬਾ ਜੁਝਾਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਦੀ ਸ਼ਹਾਦਤ ਦੀ ਖ਼ਬਰ ਕਿਸ ਢੰਗ ਨਾਲ ਸੁਣੀ ਇਹ ਤੇਰੇ ਇਤਿਹਾਸ ਦਾ ਸੁਨਹਿਰੀ ਅਧਿਆਇ ਹੈ :

ਸਰਹੰਦ 'ਚੋਂ ਸੁਨੇਹਾ ਮਿਲਿਆ ਕਿ ਲਾਲ ਟੁਰ ਗਏ।
ਦੋਵੇਂ ਸ਼ਹੀਦ ਹੋ ਗਏ ਨੇ ਨੌਨਿਹਾਲ ਟੁਰ ਗਏ।
ਸੂਬੇ ਨੇ ਕੰਧ ਅੰਦਰ ਦੋਵੇਂ ਨਪੀੜ ਦਿੱਤੇ।
ਕੋਮਲ ਸਰੀਰ ਇੱਟਾਂ ਦੇ ਵਿਚ ਪੀੜ ਦਿੱਤੇ।
ਸੁਣ ਕੇ ਇਹ ਗੱਲ ਸਾਰੀ ਉਹ ਮੁਸਕਰਾ ਕੇ ਉਠਿਆ।
ਉਸ ਬਾਦਸ਼ਾਹ ਨੇ ਨੂਰੇ ਦੇ ਕੋਲ ਆ ਕੇ ਪੁੱਛਿਆ।
ਤੂੰ ਰੂ-ਬ-ਰੂ ਸੈਂ ਉਥੋਂ ਕੋਈ ਗੱਲ ਨਾ ਲੁਕਾਈਂ।
ਤੇ ਸਾਫ ਸਾਫ ਦਸੀ ਕੋਈ ਕਹਿਰ ਨਾ ਕਮਾਈਂ।
ਕੋਈ ਹਿੰਝ ਤੇ ਨਾ ਕੇਰੀ ਕੋਈ ਆਹ ਤੇ ਨਾ ਕੱਢੀ।
ਲਾਲਾਂ ਨੇ ਕਿਧਰੇ ਉਚੀ ਕੋਈ ਸਾਹ ਤੇ ਨਾ ਕੱਢੀ।
ਤੇਸੀ ਦੇ ਨਾਲ ਲੱਗੀ ਜਦ ਸੱਟ ਸੀ ਕਰਾਰੀ।
ਮੇਰੇ ਫਤਿਹ ਨੇ ਉਚੀ ਕੋਈ ਚੀਖ ਤੇ ਨਾ ਮਾਰੀ।
ਇਹ ਕਹਿਣ ਦਾ ਵੀ ਅੰਦਾਜ਼ ਵੱਖਰਾ ਸੀ।
ਜੋ ਉਸ ਨੇ ਵਜਾਇਆ ਉਹ ਸਾਜ਼ ਵੱਖਰਾ ਸੀ।

(ਪ੍ਰਕਾਸ਼ ਸ਼ਿਮਲਵੀ)

ਕੀ ਤੂੰ ਕਦੀ ਸੋਚਿਆ ਹੈ ਕਿ ਕਲਗੀਧਰ ਪਿਤਾ ਨੂੰ ਆਪਣੇ ਗੁਰੂ ਪਿਤਾ ਗੁਰੂ ਤੇਗ਼ ਬਹਾਦਰ ਜੀ ਦਾ ਕੇਵਲ ਸੀਸ ਹੀ ਮਿਲਿਆ ਸੀ, ਧੜ ਨਹੀਂ ਮਿਲਿਆ ਉਪਰੰਤ ਚਮਕੌਰ ਦੀ ਗੜ੍ਹੀ ਦੀ ਜੰਗ ਤੋਂ ਬਾਅਦ ਸਾਹਿਬ ਆਪਣੇ ਸਾਹਿਬਜ਼ਾਦਿਆਂ ਦੀਆਂ ਲੋਥਾਂ ਦੇ ਦਰਸ਼ਨ ਦੂਰੋਂ ਹੀ ਕਰ ਸਕੇ, ਉਹਨਾਂ ਦਾ ਸਸਕਾਰ ਵੀ ਨਾ ਕਰ ਸਕੇ। ਪਰ ਬਚਿੱਤਰ ਨਾਟਕ ਦੇ ਇਸ ਅਗੰਮੀ ਪਾਤਰ ਨੂੰ ਆਪਣੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਕੇਵਲ ਖ਼ਬਰ ਹੀ ਮਿਲੀ। ਨਾ ਤਾਂ ਉਹਨਾਂ ਦੇ ਸਰੀਰ ਹੀ ਮਿਲੇ ਤੇ ਨਾ ਹੀ ਉਹਨਾਂ ਦਾ ਸਸਕਾਰ ਹੀ ਕਰ ਸਕੇ।

ਨਬੀ ਖਾਂ ਅਤੇ ਗਨੀ ਖਾਂ ਭਰਾਵਾਂ ਨੇ ਆਪਣੇ ਸਿਰ ਧੜ ਦੀ ਬਾਜ਼ੀ ਲੱਗਾ ਕੇ ਜਦੋਂ ਕਲਗੀਧਰ ਪਿਤਾ ਨੂੰ ਉੱਚ ਦੇ ਪੀਰ ਬਣਾ ਕੇ ਦੁਸ਼ਮਣ ਦੇ ਘੇਰੇ ਵਿੱਚੋਂ ਬਾਹਰ ਕੱਢਿਆ ਤਾਂ ਗੁਰੂ ਜੀ ਨੇ ਜੋ ਉਹਨਾਂ ਭਰਾਵਾਂ ਨੂੰ ਹੁਕਮਨਾਮਾ ਬਖ਼ਸ਼ਿਸ਼ ਕੀਤਾ ਸੀ, ਉਸ ਵਿਚ ਲਿਖਿਆ ਸੀ ਤੁਸੀਂ ਮੇਰੇ ਖਾਸ ਪੁੱਤਰ ਹੋ। ਨਬੀ ਖਾਂ ਦੀ ਛੋਟੀ ਜਿਹੀ ਬੇਟੀ ਆਪਣੇ ਪਿਤਾ ਨੂੰ ਪੁੱਛਣ ਲੱਗੀ ਕਿ ਜੇਕਰ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹੋ ਤਾਂ ਤੇ ਮੈਂ ਉਹਨਾਂ ਦੀ ਪੋਤੀ ਨਾ ਹੋਈ ? ਨਬੀ ਖਾਂ ਗਨੀ ਖਾਂ ਕਹਿਣ ਲੱਗੇ ਬਿਲਕੁਲ ਇਸੇ ਤਰ੍ਹਾਂ ਹੀ ਹੈ। ਇਸ ਤੋਂ ਬਾਅਦ ਉਹ ਬੱਚੀ ਕਿੰਨੀ ਦੇਰ ਉਸ ਪਾਵਨ ਹੁਕਮਨਾਮੇ ਨੂੰ ਚੁੰਮਦੀ ਰਹੀ ਅਤੇ ਘੁੰਮ-ਘੁੰਮ ਕੇ ਨੱਚਦੀ ਅਤੇ ਗਾਂਦੀ ਰਹੀ,

ਮੈਂ ਪੋਤੀ ਮੈਂ ਪੋਤੀ।
ਮੈਂ ਆਬਦਾਰ ਮੋਤੀ।
ਮੈਂ ਪ੍ਰੀਤ ਸੰਗ ਪ੍ਰੋਤੀ।
ਮੈਂ ਜੋਤ ਸੰਗ ਜੋਤੀ।
ਮੈਂ ਪੋਤੀ ਮੈਂ ਪੋਤੀ....................।

ਉਸ ਨਿੱਕੀ ਜਿਹੀ ਬੱਚੀ ਨੇ ਹਮੇਸ਼ਾਂ-ਹਮੇਸ਼ਾਂ ਲਈ ਪਿਤਾ ਗੁਰੂ ਨਾਲ ਆਪਣਾ ਰਿਸ਼ਤਾ ਜੋੜ ਲਿਆ ਪਰ ਕੀ ਤੂੰ ਇਸ ਰਿਸ਼ਤੇ ਨੂੰ ਤੋੜ ਨਹੀਂ ਦਿੱਤਾ ?

ਪਿਤਾ ਗੁਰੂ ਦੀ ਅਦੁੱਤੀ ਦਾਸਤਾਨ ਅਤੇ ਸ਼ਾਨ ਦਾ ਜ਼ਿਕਰ ਕਰਦਿਆਂ ਅੱਲਾਹ ਯਾਰ ਖਾਂ 'ਜੋਗੀ' ਰਹਿਮਾਨੀ ਨੇ ਬਿਆਨ ਕੀਤਾ ਹੈ :

'ਯਾਕੂਬ' ਕੋ 'ਯੂਸਫ' ਕੇ ਬਿਛੜਨੇ ਨੇ ਰੁਲਾਇਆ।
ਸਾਬਰ ਕੋਈ ਕਮ ਐਸਾ, ਰਸੂਲੋਂ ਮੇਂ ਹੈ ਆਇਆ।
ਕਟਵਾ ਕੇ ਪਿਸਰ ਚਾਰੇ, ਇੱਕ ਆਂਸੂ ਨ ਗਿਰਾਇਆ।
ਰੁਤਬਾ ਗੁਰੂ ਗੋਬਿੰਦ ਨੇ ਰਿਸ਼ੀਓਂ ਕਾ ਬੜ੍ਹਾਇਆ।...
ਕਟਵਾ ਦਿਯੇ ਸ਼ਿਸ਼ 'ਸ਼ਾਮ' ਨੇ ਗੀਤਾ ਕੋ ਸੁਨਾ ਕਰ।
ਰੂਹ ਫੂਕ ਦੀ ਗੋਬਿੰਦ ਨੇ ਔਲਾਦ ਕਟਾ ਕਰ।

ਕੀ ਗੁਰੂ ਅਰਜਨ ਸਾਹਿਬ ਜੀ ਨੇ ਵੀ ਤੈਨੂੰ ਜਗਤ-ਜਲੰਦੇ ਤੋਂ ਬਚਾਉਣ ਲਈ ਆਪਣੇ ਆਪ ਨੂੰ ਤੱਤੀ ਤਵੀ ਅਤੇ ਦੇਗ ਵਿਚ ਨਹੀਂ ਉਬਲਵਾ ਲਿਆ ? ਗੁਰੂ ਸਾਹਿਬ ਨੇ ਕੋਈ ਕੇਵਲ ਕਵਿਤਾ ਹੀ ਨਹੀਂ ਰਚੀ ਸੀ, ਜਦੋਂ ਆਪ ਜੀ ਨੇ ਬਚਨ ਕੀਤੇ ਸਨ ਕਿ :

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥
(ਪੰਨਾ ੭੫੭)

ਬਲਕਿ ਇਸ ਨੂੰ ਅਮਲੀ ਰੂਪ ਵਿਚ ਕਰ ਵਿਖਾਇਆ ਸੀ। ਕੀ ਦਾਤਾਰ ਪਿਤਾ ਨੇ ਇਹ ਸਭ ਕੁੱਝ ਇਸ ਲਈ ਕੀਤਾ ਸੀ ਕਿ ਉਸ ਦੇ ਵਾਰਿਸ਼ ਹੀ ਗੁਰੂ ਜੀ ਦੀ ਨਿਸ਼ਾਨੀ, ਉਸ ਦੇ ਚਿਹਰੇ, ਉਸ ਦੇ ਕੇਸਾਂ ਉੱਤੇ ਹੀ ਹਮਲਾ ਕਰਨ ? ਯਾਦ ਰੱਖ, ਉਸ ਪਿਤਾ ਨੇ ਆਪਣੇ ਕਰ-ਕਮਲਾਂ ਨਾਲ ਇਹਨਾਂ ਵਾਲਾਂ ਨੂੰ ਛੋਹ ਕੇ ਇਹਨਾਂ ਨੂੰ ਪਾਵਨ ਕੇਸਾਂ ਵਿਚ ਤਬਦੀਲ ਕੀਤਾ ਸੀ। ਤੇਰੇ ਵਰਗਿਆਂ ਨੂੰ ਗੁਰੂ ਨੇ ਤਾਂ ਆਪਣਾ ਵਾਰਿਸ਼ ਬਣਾਉਣਾ ਮੰਨ ਲਿਆ ਅਤੇ ਆਪ ਆਪਣਾ ਸਭ ਕੁਝ ਵਾਰਨ ਦੇ ਰਾਹ 'ਤੇ ਟੁਰ ਪਿਆ ਪਰ ਤੂੰ ਤਾਂ ਇਤਨਾਂ ਅਭਾਗਾ ਅਤੇ ਅਕਿਰਤਘਣ ਨਿਕਲਿਆ ਕਿ ਗੁਰੂ ਦੀ ਬਖ਼ਸ਼ਿਸ਼ ਅਤੇ ਅਮਾਨਤ ਵਿਚ ਹੀ ਖ਼ਿਆਨਤ ਕਰ ਬੈਠਾ ਹੈਂ। ਭਾਈ ਗੁਰਦਾਸ ਜੀ ਅਕਿਰਤਘਣ ਨੂੰ 'ਭਾਰੇ ਭੁਈ ਅਕਿਰਤਘਣ ਮੰਦੀ ਹੂ ਮੰਦੇ' ਕਹਿੰਦਿਆਂ ਹੋਇਆਂ ਲਿਖਦੇ ਹਨ :

ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ।
ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।
ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ।
ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।
ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ।
ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ ॥੯॥ (ਵਾਰ ੩੫)

ਕਲਗੀਧਰ ਪਿਤਾ ਦਾ ਹੁਕਮ ਹੈ ਕਿ ਜੇ ਤੂੰ ਮੈਨੂੰ ਮਿਲਣਾ ਹੈ ਤਾਂ ਸ਼ਸਤਰ ਅਤੇ ਕੇਸਾਂ ਸਣੇ ਦਰਸ਼ਨ ਦੇ। ਬਗ਼ੈਰ ਸ਼ਸਤ੍ਰ ਅਤੇ ਕੇਸਾਂ ਦੇ ਇਨਸਾਨ ਮੁੰਨੀ ਹੋਈ ਭੇਡ ਦੀ ਤਰ੍ਹਾਂ ਹੈ, ਜਿਸ ਨੂੰ ਕੰਨਾਂ ਤੋਂ ਪਕੜ ਕੇ ਬੁੱਚੜਖਾਨੇ ਲੈ ਜਾਇਆ ਜਾਂਦਾ ਹੈ :

ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ।
ਗਹੇ ਕਾਨ ਤਾਂ ਕੋ ਕਿਤੈ ਲੇ ਸਿਧਾਨੋ।
ਇਹੋ ਮੋਰ ਆਗਿਆ ਸੁਨੋ ਲੇ ਪਿਆਰੇ।
ਬਿਨਾ ਤੇਗ ਕੇਸੰ ਦਿਵੋ ਨਾ ਦੀਦਾਰੇ।

ਇੱਥੇ ਮੈਂ ਤੈਨੂੰ ਮਸੀਹੀ ਅਤੇ ਇਸਲਾਮੀ ਫ਼ਲਸਫ਼ੇ ਵਿੱਚੋਂ ਇੱਕ ਵਰਕਾ ਵਿਖਾਣਾ ਚਾਹੁੰਦਾ ਹਾਂ। ਇਹਨਾਂ ਦੇ ਮੁਤਾਬਿਕ ਰੱਬ ਨੇ ਸ਼ੁਰੂ-ਸ਼ੁਰੂ ਵਿਚ ਸ਼ੈਤਾਨ ਪੈਦਾ ਕੀਤਾ। ਇਸ ਨੇ ਹਜ਼ਾਰਾਂ ਸਾਲ ਰੱਬ ਦੀ ਬਹੁਤ ਹੀ ਵਫ਼ਾਦਾਰੀ ਅਤੇ ਫਰਮਾਬਰਦਾਰੀ ਨਾਲ ਸੇਵਾ ਕੀਤੀ ਅਤੇ ਰੱਬ ਦੇ ਕਿਸੇ ਵੀ ਹੁਕਮ ਨੂੰ ਮੋੜਿਆ ਨਹੀਂ ਪਰ ਰੱਬ ਨੇ ਜਦੋਂ

ਇਨਸਾਨ ਪੈਦਾ ਕੀਤਾ ਤਾਂ ਸ਼ੈਤਾਨ ਨੂੰ ਹੁਕਮ ਕੀਤਾ ਕਿ ਤੂੰ ਇਸ ਨੂੰ ਮੱਥਾ ਟੇਕ। ਸ਼ੈਤਾਨ ਇਹ ਬਰਦਾਸ਼ਤ ਨਾ ਕਰ ਸਕਿਆ ਅਤੇ ਬਾਗ਼ੀ ਹੋ ਗਿਆ। ਰੱਬ ਨੇ ਇਸ ਨੂੰ ਇਸ ਹੁਕਮ-ਅਦੂਲੀ ਦੀ ਸਜ਼ਾ ਇਹ ਦਿੱਤੀ ਕਿ ਇਸ ਨੂੰ ਧਰਤੀ 'ਤੇ ਸੁੱਟ ਦਿੱਤਾ। ਸ਼ੈਤਾਨ ਧਰਤੀ 'ਤੇ ਆ ਕੇ ਚੁੱਪ ਨਾ ਬੈਠਾ ਬਲਕਿ ਧਰਮ ਦਾ ਲਬਾਦਾ ਪਾ ਕੇ, ਧਾਰਮਿਕ ਕਿਤਾਬਾਂ ਦੇ ਹਵਾਲੇ ਦੇ ਦੇ ਕੇ ਲੋਕਾਂ ਨੂੰ ਗੁਮਰਾਹ ਕਰਨ ਲੱਗ ਪਿਆ। ਧਰਮ ਦਾ ਚੋਲਾ ਹਰ ਇਨਸਾਨ ਨੂੰ ਪਾਣਾ ਪੈਂਦਾ ਹੈ ਨਹੀਂ ਤਾਂ ਉਹ ਨੰਗਾ-ਨੰਗਾ ਜਿਹਾ ਲੱਗਦਾ ਹੈ। ਇਹ ਚੋਲਾ ਬੇਹਤਰੀਨ ਕਵਚ ਦੀ ਤਰ੍ਹਾਂ ਹਰ ਆਧੀ-ਬਿਆਧੀ-ਉਪਾਧੀ ਆਦਿ ਤੋਂ ਬਚਾਉਂਦਾ ਹੈ ਅਤੇ ਲੋਕ ਪ੍ਰਲੋਕ ਸਹਾਈ ਹੋ ਨਿਬੜਦਾ ਹੈ ਪਰ ਜੇ ਕਰ ਕੋਈ ਇਸ ਨੂੰ ਇਕ ਲਬਾਦੇ ਦੀ ਤਰ੍ਹਾਂ ਓਢੇ ਤਾਂ ਇਸ ਤੋਂ ਵੱਧ ਘਿਰਣਤ ਅਤੇ ਹਾਨੀਕਾਰਕ ਦਸ਼ਾ ਨਹੀਂ ਹੋ ਸਕਦੀ। ਕਿਸੇ ਵਿਦਵਾਨ ਦੇ ਵਚਨ ਬਹੁਤ ਹੀ ਭਾਵਪੂਰਤ ਹਨ ਕਿ Religion is the best armour but worst cloak. ਇਸ ਬਾਰੇ ਹੀ ਕਿਹਾ ਜਾਂਦਾ ਹੈ 'ਸ਼ਕਲ ਮੋਮਨਾਂ ਕਰਤੂਤ ਕਾਫਰਾਂ' ਜਾਂ 'ਸ਼ੈਤਾਨ ਕੁਰਾਨ ਦੀਆਂ ਆਇਤਾਂ ਪੜ੍ਹ ਰਿਹਾ ਹੈ।' ਇਸ ਸਿਲਸਿਲੇ ਵਿਚ ਜ਼ੌਕ ਨੇ ਬਹੁਤ ਸ਼ਾਨਦਾਰ ਹਵਾਲਾ ਦਿੱਤਾ ਹੈ ਕਿ ਕੁਸ਼ਤੇ ਵਗੈਰਾ ਬਨਾਣ ਲਈ ਪਾਰੇ ਨੂੰ ਇੱਕ ਲੱਖ ਤੋਂ ਵੀ ਵੱਧ ਵਾਰ ਖਰਲ ਵਿਚ ਰਘੜਨਾ ਪੈਂਦਾ ਹੈ ਤੇ ਜੇਕਰ ਕਿਸੇ ਵੈਦ ਨੇ ਪਾਰੇ ਨੂੰ ਵੀ ਮਾਰ ਲਿਆ ਤਾਂ ਕੀ ਵੱਡੀ ਗੱਲ ਹੈ ਜੇਕਰ ਉਸ ਨੇ ਆਪਣੀ ਨਾਸਤਿਕਤਾ ਅਤੇ ਹਉਮੈ ਨੂੰ ਨਹੀਂ ਮਾਰਿਆ। ਇਸੇ ਤਰ੍ਹਾਂ ਲੱਖਾਂ ਵਾਰ ਸਿਰ ਝੁਕਾਣ ਵਾਲਾ 'ਸ਼ੈਤਾਨ' ਰੱਬ ਦੇ ਇੱਕ ਹੁਕਮ ਨੂੰ ਨਾ ਮੰਨਣ ਕਰਕੇ ਰੱਬ ਦੀਆਂ ਨਜ਼ਰਾਂ ਤੋਂ ਗਿਰ ਗਿਆ:

ਗਯਾ ਸ਼ੈਤਾਨ ਮਾਰਾ ਏਕ ਸਜਦੇ ਕੇ ਨਾ ਕਰਨੇ ਸੇ।
ਅਗਰ ਲਾਖੋਂ ਬਰਸ ਸਜਦੇ ਮੇਂ ਸਰ ਮਾਰਾ ਤੋ ਕਿਆ ਮਾਰਾ।
ਨਾ ਮਾਰਾ ਨਫਸੇ ਅੱਮਾਰਾ ਕੋ।
ਜੋ ਮਾਰਾ ਪਾਰੇ ਕੋ ਐ ਅਕਸੀਰ ਗਰ ਮਾਰਾ ਤੋ ਕਿਆ ਮਾਰਾ।

ਸੋ ਯਾਦ ਰੱਖ ਕਲਗੀਧਰ ਪਿਤਾਂ ਨੇ ਨਾ ਤਾਂ ਬੇਨਤੀ ਹੀ ਕੀਤੀ ਅਤੇ ਨਾ ਹੀ ਕੋਈ ਢਿੱਲੀ ਮੱਠੀ ਜਿਹੀ ਰਾਇ ਹੀ ਦਿੱਤੀ ਹੈ ਕਿ ਚੱਲ ਤੇਰੀ ਮਰਜ਼ੀ ਕਰ ਜਾਂ ਨਾ ਕਰ। ਪਿਤਾ ਗੁਰੂ ਨੇ ਦੋ ਹੁਕਮ ਹਰ ਸਿੱਖ ਲਈ ਕੀਤੇ ਹਨ। ਪਹਿਲਾ 'ਬਿਨਾ ਤੇਗ ਕੇਸੰ ਦਿਵੋ ਨਾ ਦੀਦਾਰੇ' ਅਤੇ ਦੂਸਰਾ 'ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ' ਇਹਨਾਂ ਦੋਨੋਂ ਹੁਕਮਾਂ 'ਤੇ ਗੁਰੂ ਜੀ ਨੇ ਖ਼ੁਦ ਵੀ ਅਮਲ ਕੀਤਾ ਹੈ ਅਤੇ ਇਸ ਤੋਂ ਬਾਅਦ ਹੀ ਖਾਲਸੇ ਦੀ ਝੋਲੀ ਵਿਚ ਇਹ ਪਾਏ ਹਨ। ਇਸ ਸਪੱਸ਼ਟ ਹੁਕਮ ਤੋਂ ਕੀ ਕਿਸੇ ਵੀ ਹਾਲ ਵਿਚ ਮੁੱਨਕਰ ਹੋਇਆ ਜਾ ਸਕਦਾ ਹੈ ? ਜਿਹੜਾ ਗੁਰੂ ਗ੍ਰੰਥ ਅਤੇ ਗੁਰੂ ਗ੍ਰੰਥ ਦੇ ਸਿਧਾਂਤ ਨੂੰ ਨਹੀਂ ਮੰਨਦਾ ਅਤੇ ਕੇਸਧਾਰੀ ਨਹੀਂ ਉਹ ਭਾਵੇਂ ਹੋਰ ਜੋ ਮਰਜ਼ੀ ਹੋਈ ਜਾਵੇ, ਗੁਰੂ ਦੀਆਂ ਨਜ਼ਰਾਂ ਵਿਚ ਸਿੱਖ ਬਿਲਕੁਲ ਨਹੀਂ ਹੈ। ਗੁਰਮਤਿ ਇੱਕ ਗਾਡੀ ਰਾਹ ਹੈ। ਜੇਕਰ ਰੇਲ ਆਪਣੀ ਲਾਇਨ 'ਤੇ ਚਲਦੀ ਰਹੇ ਤਾਂ ਰੇਲ ਹੈ ਪਰ ਜੇ ਆਪਣੀ ਲਾਈਨ ਤੋਂ ਜਰਾ ਜਿਹੀ ਵੀ ਲਾਂਭੇ ਹੋਈ ਨਹੀਂ ਕਿ

'ਖੁੱਡੇ ਲਾਈਨ' ਹੈ। ਮੌਲਾਨਾ ਰੂਮ ਦੀ ਨਸੀਹਤ ਚੇਤੇ ਰੱਖ 'ਗਾਹੇ ਰਾਸਤ ਬਿਗੋ ਅਗਰ ਚਿ ਦੂਰ ਅਸਤ' ਰਸਤਾ ਸਿੱਧਾ ਹੀ ਪਕੜ ਭਾਵੇਂ ਲੰਬਾ ਹੀ ਕਿਉਂ ਨਾ ਹੋਵੇ। ਬਾਬਾ ਜੀ ਵੀ ਨਸੀਹਤ ਬਖ਼ਸ਼ਦੇ ਹਨ :

ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈਹੈ ਰੇ ॥ (ਪੰਨਾ ੮੫੫)

ਜਿਓਮੈਟਰੀ ਵਿਚ ਦੋ ਬਿੰਦੂਆਂ ਨੂੰ ਘੱਟ ਤੋਂ ਘੱਟ ਦੂਰੀ 'ਤੇ ਮਿਲਾਣ ਵਾਲੀ ਲਕੀਰ ਨੂੰ ਹੀ ਸਿੱਧੀ ਲਕੀਰ Straight line ਕਿਹਾ ਜਾਂਦਾ ਹੈ। ਜਿਹੜੀ ਲਕੀਰ ਇਹਨਾਂ ਦੋਨੋਂ ਨਿਸ਼ਾਨਾਂ ਨੂੰ ਸਿੱਧੀ ਨਾ ਮਿਲਾ ਕੇ ਆਸੇ ਪਾਸੇ ਹੋ ਜਾਏ, ਉਹ ਸਿੱਧੀ ਲਕੀਰ ਨਹੀਂ ਕਹਾ ਸਕਦੀ। ਹਰ ਇਨਸਾਨ ਅਤੇ ਉਸ ਦੀ ਮੰਜ਼ਿਲੇ-ਮਕਸੂਦ ਰੱਬ ਨੂੰ ਮਿਲਾਣ ਲਈ ਵੀ ਸਿੱਧਾ ਰਸਤਾ ਹੀ ਅਖ਼ਤਿਆਰ ਕਰਨਾ ਚਾਹੀਦਾ ਹੈ। ਇਹ ਰਸਤਾ ਹੈ ਗੁਰੂ ਦੀ ਸਹਾਇਤਾ, ਗੁਰ ਪ੍ਰਸਾਦਿ ਪ੍ਰਾਪਤ ਕਰ ਕੇ ਇਕ ਰੱਬ ਵੱਲ ਲਿਜਾਂਦੀ ਸਿੱਧੀ ਲਾਈਨ, ਸਿੱਧੇ ਮਾਰਗ 'ਤੇ ਤੁਰਨਾ। ਗੁਰੂ ਇਸ ਮਾਰਗ ਦੇ ਪਾਂਧੀ ਦਾ ਹਮਸਫ਼ਰ ਬਣਨ ਨੂੰ ਤਿਆਰ ਹੈ। ਮਹਾਤਮਾ ਬੁੱਧ, ਹਜ਼ਰਤ ਈਸਾ, ਹਜ਼ਰਤ ਮੁਹੰਮਦ, ਸ੍ਰੀ ਵਿਸ਼ਨੂੰ ਦੇ ਮੰਨਣ ਵਾਲੇ ਕ੍ਰਮਵਾਰ ਬੋਧੀ, ਈਸਾਈ, ਮੌਹਮਡੱਨ ਜਾਂ ਵੈਸ਼ਣਵ ਕਹਾਏ ਪਰ ਬਾਬਾ ਜੀ ਕਿਸੇ ਨੂੰ ਨਾਨਕੀਏ ਜਾਂ ਗੋਬਿੰਦੀਏ ਬਣਾਣ ਨਹੀਂ ਸੀ ਆਏ ਬਲਕਿ ਹਰ ਇਨਸਾਨ ਨੂੰ ਕੇਵਲ ਰੱਬ ਨਾਲ ਜੋੜਨ ਆਏ ਸਨ ਕਿ ਇਨਸਾਨ ਅਤੇ ਰੱਬ ਦੇ ਵਿਚਕਾਰ ਕੇਵਲ ਉਸ ਦੇ ਅਮਲ ਹੋਣ।

ਇਥੇ ਮੈਂ ਤੈਨੂੰ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਦੇ ਹਵਾਲੇ ਨਾਲ ਤੇਰਾ ਭੁਲੇਖਾ ਦੂਰ ਕਰ ਦਿਆਂ। ਸਿੱਖ ਰਹਿਤ ਮਰਯਾਦਾ ਅਨੁਸਾਰ ਕੇਸ ਕੱਟਣ ਵਾਲਾ 'ਪਤਿਤ' ਹੈ ਅਤੇ ਕੇਸ ਰੰਗਣ ਵਾਲਾ ਜਾਂ 'ਸਿਰ-ਗੁੰਮ ਨਾਲ ਵਰਤਣ ਵਾਲਾ' 'ਤਨਖਾਹੀਆ' ਹੈ। 'ਵਰਤਣ' ਦਾ ਭਾਵ ਰੋਟੀ-ਬੇਟੀ ਦੀ ਸਾਂਝ ਯਾਨਿ ਕਿ ਰਿਸ਼ਤੇ-ਨਾਤੇ ਜੋੜਨਾ ਹੁੰਦਾ ਹੈ। ਗੁਰਮਤਿ ਅਨੁਸਾਰ ਕੇਸਾਂ ਅਤੇ ਦਾਹੜੇ ਦੀ ਸੰਭਾਲ ਦਾ ਆਦੇਸ਼ ਹੈ ਪਰ ਤੇਰੇ ਕਈ ਸਾਥੀ ਆਪਣੇ ਪਤਿਤ-ਪੁਣੇ ਨੂੰ ਛੁਪਾਣ ਲਈ ਆਪਣੀ ਮੁਨੀ ਹੋਈ ਦਾਹੜੀ ਦੀ ਤੁਲਨਾ ਬੱਧੀ ਹੋਈ ਦਾਹੜੀ ਨਾਲ ਕਰਦਿਆਂ ਕਹਿੰਦੇ ਹਨ 'ਜਿਹੀ ਮੁੰਨੀ ਤਿਹੀ ਤੁੰਨੀ' ਇਹ ਹੱਕ ਕਿਸੇ ਨੂੰ ਵੀ ਹਾਸਲ ਨਹੀਂ ਕਿ ਆਪਣੀ ਮਰਜ਼ੀ ਨਾਲ ਹੀ ਰਹਿਤਾਂ, ਕੁਰਹਿਤਾਂ ਜਾਂ ਕਕਾਰਾਂ ਵਿਚ ਤਬਦੀਲੀ ਕਰੀ ਜਾਵੇ। ਇਹ ਕਰਨਾ ਆਪਣੀ ਹਉਮੈ ਗ੍ਰਸਤ ਨਿੱਜੀ ਸੋਚ ਨੂੰ ਗੁਰੂ ਪੰਥ ਦੀ ਸਾਂਝੀ ਸੋਚ ਨਾਲੋਂ ਉੱਤਮ ਜਾਣਨ ਦਾ ਯਤਨ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤੀ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਤੋਂ ਮੁਨੱਕਰ ਹੋਣਾ ਹੈ :

ਜੇ ਕੋਈ ਹੋਤ ਭਯੋ ਜਗਿ ਗਿਆਨਾ ॥
ਤਿਨ ਤਿਨ ਅਪਨੋ ਪੰਥੁ ਚਲਾਨਾ ॥੧੪॥ (ਦਸਮ ਗ੍ਰੰਥ, ਪੰਨਾ ੫੫)

ਇਸ ਵਿਚ ਕੋਈ ਸ਼ੱਕ ਨਹੀਂ ਕਿ ਖੁੱਲ੍ਹਾ ਦਾੜ੍ਹਾ ਖਾਲਸਈ ਸ਼ਾਨ ਹੈ। ਪੁਰਾਤਨ ਸਿੰਘਾਂ ਦੇ ਦਾੜ੍ਹੇ ਵਾਲੇ ਸਰੂਪ ਬਾਰੇ ਪੰਥ ਪ੍ਰਕਾਸ਼ ਵਿਚ ਅੰਕਤ ਹੈ, 'ਕੁੰਢੀ ਮੁੱਛਾਂ ਸਿੱਧੇ ਦਾੜ੍ਹੇ, ਬਾਣੀ ਪੜਤ ਦੁਵਖਤੇ' ਇਸ ਲਈ ਕੇਸ ਦਾੜ੍ਹੇ ਨੂੰ ਸੰਭਾਲਣ ਦੇ ਵੱਖ-ਵੱਖ

ਢੰਗ ਤਾਂ ਹੋ ਸਕਦੇ ਹਨ, ਪਰ ਇਸ ਨੂੰ ਕਿਸੇ ਵੀ ਕਿਸਮ ਨਾਲ ਰੰਗਣ ਜਾਂ ਕੱਟਣ ਵਾਲਾ ਤਨਖਾਹੀਆ ਜਾਂ ਪਤਿਤ ਹੈ। ਜੇਕਰ ਕੋਈ ਪਤਿਤ ਹੋ ਜਾਏ ਤਾਂ ਉਸ ਦਾ ਹੱਲ ਮੁੜ ਅੰਮ੍ਰਿਤ ਛਕਣਾ ਹੈ ਅਤੇ ਜੇ ਤਨਖਾਹੀਆ ਹੈ ਤਾਂ ਉਸ ਨੂੰ ਸੰਗਤ ਵਿਚ ਪੇਸ਼ ਹੋ ਕੇ ਆਪਣੀ ਭੁੱਲ ਮੰਨ ਕੇ ਸਜ਼ਾ ਲਵਾਣੀ ਪਵੇਗੀ। ਸਿੱਖ ਰਹਿਤ ਮਰਿਆਦਾ ਵਿਚ ਕਿੰਨਾ ਸਪੱਸ਼ਟ ਲਿਖਿਆ ਹੈ ਕਿ "ਤਖ਼ਤਾਂ ਉੱਤੇ ਪਤਿਤ ਤੇ ਤਨਖਾਹੀਏ ਸਿੱਖ ਤੋਂ ਬਿਨਾਂ ਹਰ ਇੱਕ ਪ੍ਰਾਣੀ ਮਾਤਰ, ਸਿੱਖ, ਗ਼ੈਰ-ਸਿੱਖ ਦੀ ਅਰਦਾਸ ਹੋ ਸਕਦੀ ਹੈ।" ਯਾਨਿ ਕਿ ਕਿਸੇ ਵੀ ਤਖ਼ਤ ਸਾਹਿਬ 'ਤੇ ਇੱਕ ਹਿੰਦੂ, ਮੁਸਲਮਾਨ, ਪਾਰਸੀ, ਬੋਧੀ ਜਾਂ ਨਾਸਤਿਕ ਦੀ ਵੀ ਅਰਦਾਸ ਤਾਂ ਹੋ ਸਕਦੀ ਹੈ ਪਰ ਕਿਸੇ ਪਤਿਤ ਜਾਂ ਤਨਖਾਹੀਏ ਸਿੱਖ ਦੀ ਅਰਦਾਸ ਹੀ ਨਹੀਂ ਹੋ ਸਕਦੀ। ਹੁਣ ਤੂੰ ਧੋਖੇ ਨਾਲ ਤਾਂ ਆਪਣੀ ਭੇਟਾ ਗੋਲਕ ਵਿਚ ਪਾ ਸਕਦਾ ਹੈਂ ਪਰ ਜ਼ਾਹਿਰਾ ਤੌਰ 'ਤੇ ਪ੍ਰਵਾਨ ਨਹੀਂ। ਜੇ ਕੋਈ ਕੂੜੇ ਸੰਸਾਰ ਤੋਂ ਝੂਠੀ ਸੋਭਾ ਭਾਵੇਂ ਕਰਵਾ ਲਵੇ ਪਰ ਜੇ ਗੁਰੂ ਘਰ ਤੋਂ ਹੀ ਦੁਰਕਾਰਿਆ ਗਿਆ ਤਾਂ ਆਪਣੇ ਆਪ ਨੂੰ ਗੁਰੂ ਦਾ ਸਿੱਖ ਅਖਵਾਣ ਵਾਲੇ ਲਈ ਇਸ ਤੋਂ ਵੱਡੀ ਬਦਕਿਸਮਤੀ ਕੀ ਕੋਈ ਹੋਰ ਹੋ ਸਕਦੀ ਹੈ ?

ਗੁਰਿ ਬਾਬੈ ਫਿਟਕੇ ਸੇ ਫਿਟੇ...॥ (ਪੰਨਾ ੩੦੭)

ਗੁਰੂ ਸਾਹਿਬ ਨੇ ਵੀ ਤਾਂ ਕਿਤਨਾ ਸਪੱਸ਼ਟ ਹੁਕਮ ਜਾਰੀ ਕੀਤਾ ਸੀ,

ਰਹਿਤ ਪਿਆਰੀ ਮੋਹਿ ਕੋ ਸਿੱਖ ਪਿਆਰਾ ਨਾਹਿ,

ਸਰਬ ਲੋਹ ਗ੍ਰੰਥ ਅਤੇ ਹੋਰ ਰਹਿਤਨਾਮਿਆਂ ਵਿਚ ਤ੍ਰੈ ਮੁਦ੍ਰਾ, ਕਛ, ਕੇਸ, ਕਿਰਪਾਨ ਦਾ ਵਰਣਨ ਕੀਤਾ ਹੈ। ਮੁਦਰਾ ਦਾ ਅਰਥ ਵੀ ਸਰਕਾਰੀ ਮੋਹਰ ਜਾਂ ਟਕਸਾਲੀ ਸਿੱਕਾ ਹੁੰਦਾ ਹੈ :

ਕਛ ਕੇਸ ਕਰਦ ਸ ਗੁਰੂ
ਤੀਨ ਮੁਦ੍ਰਾ ਯਹਿ ਪਾਸ ਤੇ ਨ ਦੂਰ ਕਰੋ।
ਸਦਾ ਅੰਗ ਸੰਗ ਧਰ।

ਇੱਥੇ ਇੱਕ ਗੱਲ ਧਿਆਨ ਦੇਣ ਵਾਲੀ ਹੈ ਕਿ ਸਾਹਿਬਾਂ ਨੇ ਕੇਸਾਂ ਨੂੰ ਆਪਣੀ ਮੋਹਰ ਜਾਂ ਮੁਦਰਾ ਕਿਹਾ ਹੈ। ਕੀ ਇਸ ਗੱਲ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਹੈ ਕਿ ਕਿਸੇ ਸਰਕਾਰੀ ਮੋਹਰ ਦੇ ਸਰੂਪ, ਰੰਗ ਰੂਪ, ਡਿਜ਼ਾਈਨ ਆਦਿ ਵਿਚ ਕਿਸੇ ਵੀ ਕਿਸਮ ਦੀ ਛੇੜ-ਛਾੜ ਕਰਨੀ ਇੱਕ ਸੰਗੀਨ ਕਾਨੂੰਨੀ ਜੁਰਮ ਹੁੰਦਾ ਹੈ ਅਤੇ ਜਿਸ ਦੀ ਉਲੰਘਣਾ ਕਰਨ ਵਾਲਾ ਸਖ਼ਤ ਸਜ਼ਾ ਦਾ ਪਾਤਰ ਹੁੰਦਾ ਹੈ। ਹੁਣ ਜੇਕਰ ਕਲਗੀਧਰ ਪਿਤਾ ਖ਼ੁਦ ਆਪਣੇ ਮੁਖਾਰਬਿੰਦ ਤੋਂ ਫਰਮਾ ਰਹੇ ਹਨ ਕਿ 'ਕੇਸ ਰੱਖਣੇ ਇਹ ਅਸਾਡੀ ਮੋਹਰ ਹੈ।' ਸੋ ਸੱਚੀ ਸਰਕਾਰ ਦੇ ਇਸ ਆਦੇਸ਼ ਦੀ ਹੁਕਮ-ਅਦੂਲੀ ਕਰਦਿਆਂ ਗੁਰੂ ਦੀ ਮੋਹਰ, ਇਹਨਾਂ ਕੇਸਾਂ ਦੀ ਬੇਅਦਬੀ ਕਰਕੇ ਜਾਂ ਫਿਰ ਇਹਨਾਂ ਨੂੰ ਰੰਗ ਕੇ ਕੀ ਕਲਗੀਧਰ ਪਿਤਾ ਤੋਂ ਸਿਧੇ ਤੌਰ 'ਤੇ ਹੀ ਬੇਮੁੱਖ ਹੋਣਾ ਨਹੀਂ ? ਜੇਕਰ ਕੌਮੀ ਝੰਡੇ ਨੂੰ ਕਤਰ ਕੇ ਲਹਿਰਾਣ ਵਾਲਾ ਦੰਡ ਦਾ ਭਾਗੀ ਹੁੰਦਾ ਹੈ ਤਾਂ ਗੁਰੂ ਦੇ ਇਸ ਚਿੰਨ੍ਹ ਨੂੰ ਕੁਤਰਣ ਵਾਲਾ ਦੋਸ਼ੀ ਨਹੀਂ ? ਸੋ ਮੁੱਦਾ ਬਹੁਤ ਹੀ ਸਪੱਸ਼ਟ ਹੈ ਕਿ

ਇਨਸਾਨ ਕਪਟ ਜਾਂ ਪਖੰਡ ਨਾ ਕਰੇ, ਆਪਣਾ ਅਸਲ ਨਾ ਛੁਪਾਵੇ। ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਜਿੰਨੇ ਮਰਜ਼ੀ ਉਪਰਾਲੇ ਕਰ ਲਉ ਜਰ (ਬੁਢਾਪਾ) ਤਾਂ ਐਸੀ ਸ਼ੈਅ ਹੈ ਕਿ ਪਤਾ ਹੀ ਨਹੀਂ ਲੱਗਦਾ ਤੇ ਭੇਸ ਵਟਾ ਕੇ ਪਹੁੰਚ ਜਾਂਦਾ ਹੈ :

...ਜਰੁ ਵੇਸ ਕਰੇਦੀ ਆਈਐ ॥ (ਪੰਨਾ ੪੬੫)

ਪਰ ਸਾਹਿਬ ਨਾਲ ਹੀ ਫ਼ੁਰਮਾਉਂਦੇ ਹਨ ਕਿ ਜੇ ਇਸ਼ਕ ਸੱਚਾ ਹੋਵੇ ਤਾਂ ਜਵਾਨੀ ਜਾਂ ਬੁਢਾਪੇ ਦਾ ਕੀ ਫ਼ਰਕ ਹੈ?

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ॥ (ਪੰਨਾ ੧੩੭੯)

ਕੇਸਾਂ ਦਾ ਆਪਣੇ ਆਪ ਰੰਗ ਤਬਦੀਲ ਕਰਨਾ ਰੱਬੀ ਨਿਜ਼ਾਮ ਦਾ ਇਕ ਬਿਹਤਰੀਨ ਚਿਤਾਵਨੀ ਸਿਸਟਮ ਹੈ ਜੋ ਇਨਸਾਨ ਨੂੰ ਯਾਦ ਦਿਵਾਂਦਾ ਹੈ :

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥ (ਪੰਨਾ ੧੩੭੮)

ਵੈਸੇ ਪੁਰਾਤਨ ਰਹਿਤਨਾਮਿਆਂ ਵਿਚ ਸਫ਼ੈਦ ਵਾਲਾਂ ਨੂੰ 'ਹੀਰੇ' ਕਿਹਾ ਗਿਆ ਹੈ। ਤਾਹੀਉਂ ਤਾਂ ਰਹਿਤਨਾਮਾ ਭਾਈ ਦਯਾ ਸਿੰਘ ਜੀ ਵਿਚ ਵੀ ਜ਼ਿਕਰ ਹੈ :

ਕਰੇ ਕੇਸ ਕੋ ਕਲਫ ਨਾ, ਕਾਮ ਕ੍ਰੋਧ ਦੇ ਤਯਾਗ.....................।

ਕਲਫ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੁੰਦਾ ਹੈ 'ਸਿਆਹੀ ਦਾ ਪੋਚਾ'। ਭਾਈ ਚਉਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਵੀ ਸਾਫ ਜ਼ਿਕਰ ਹੈ :

ਜੋ ਚਿਟੇ ਚੁਣਾਏ, ਸੋ ਤਨਖਾਹੀਆ।
ਜੋ ਕੇਸਾਧਾਰੀ ਕਲਫ ਲਾਏ, ਸੋ ਤਨਖਾਹੀਆ।

ਤੇਰੀ ਇਹ ਗੱਲ ਬਿਲਕੁਲ ਸਹੀ ਹੈ ਕਿ ਸਿੱਖ ਲਈ ਦਾਹੜੀ ਕੱਟਣਾ ਭਰਵੱਟੇ ਕੱਟਣ ਤੋਂ ਘੱਟ ਪਾਪ ਨਹੀਂ ਪਰ ਯਾਦ ਰੱਖ ਕੇਸ ਰੰਗਣੇ ਪਤਿਤਪੁਣੇ ਵੱਲ ਪਹਿਲਾ ਕਦਮ ਹੈ। ਇਸ ਬਾਰੇ ਜ਼ੌਕ ਨੇ ਕਿਹਾ ਹੈ ਕਿ ਜਾਪਦਾ ਹੈ ਮੌਲਵੀ ਦੇ ਮਨ ਵਿਚ ਅਜੇ ਗੁਨਾਹ ਦੀ ਹਸਰਤ ਬਾਕੀ ਹੈ। ਇਹ ਆਪਣੀ ਚਿੱਟੀ ਦਾਹੜੀ ਨੂੰ ਕਾਲਾ ਕਰਕੇ ਆਇਆ ਹੈ, ਕੀ ਹੁਣ ਮੂੰਹ ਕਾਲਾ ਕਰਨਾ ਬਾਕੀ ਹੈ?

ਬਾਕੀ ਹੈ ਦਿਲ ਮੇਂ ਸੇਖ ਕੋ ਹਸਰਤ ਗੁਨਾਹ ਕੀ।
ਕਾਲਾ ਕਰੇਗਾ ਮੂੰਹ ਭੀ ਜੋ ਦਾੜ੍ਹੀ ਸਯਾਹ ਕੀ।

ਕੇਸਾਂ ਨੂੰ ਰੰਗਣ ਦੀ ਅਲਾਮਤ ਦੇ ਵਾਧੇ ਬਾਰੇ ਮਸ਼ਹੂਰ ਹੈ ਕਿ ਕਈ ਕਿਸਮ ਦੇ ਤੇਲ ਆਦਿ ਲਗਾ ਕੇ ਕਿਸੇ ਗੰਜੇ ਨੇ ਸ਼ੀਸ਼ੇ ਵਿਚ ਵੇਖਿਆ ਕਿ ਉਸ ਦੇ ਸਿਰ 'ਤੇ ਦੋ ਵਾਲ ਉੱਗ ਆਏ ਹਨ। ਉਹ ਸੈਲੂਨ ਵੱਲ ਭੱਜਿਆ। ਸੈਲੂਨ ਵਾਲੇ ਨੇ ਪੁੱਛਿਆ ਕਿ ਕੀ ਕਰਨਾ ਹੈ? ਉਹ ਗੰਜਾ ਬੋਲਿਆ ਕਿ ਇਹਨਾਂ ਵਾਲਾਂ ਨੂੰ ਰੰਗ ਦੇ।

ਇਕ ਵਾਰਤਾ ਜੋ ਕਈ ਵਾਰ ਮਹਾਰਾਜਾ ਰਣਜੀਤ ਸਿੰਘ—ਫ਼ਕੀਰ ਅਜ਼ੀਜ਼ੁੱਦੀਨ

ਜਾਂ ਬੁੱਲੇ ਸ਼ਾਹ—ਵਾਰਸ ਸ਼ਾਹ ਦੇ ਵਿਚਕਾਰ ਹੋਏ ਵਾਰਤਾਲਾਪ ਬਾਰੇ ਦੱਸੀ ਜਾਂਦੀ ਹੈ, ਪੰਜਾਬੀ ਦੇ ਅਮੀਰ ਲੋਕ ਸਾਹਿਤ ਵਿਰਸੇ ਵਿਚ ਸਾਂਭੀ ਪਈ ਹੈ :

ਜਾ ਆਖੀਂ ਓਸ ਬੁੱਢੇ ਢੱਗੇ ਨੂੰ ।
ਕਿਓਂ ਕਾਲਾ ਕਰਨੈ ਬੱਗੇ ਨੂੰ ।
ਜੇ ਅੱਜ ਮਰਨਾ ਜਾਂ ਕਲ੍ਹ ਮਰਨਾ ।
ਤਾਂ ਮੂੰਹ ਕਾਲਾ ਫਿਰ ਕਿਉਂ ਕਰਨਾ ?

ਸੋ ਜਿਨ੍ਹਾਂ ਨੇ ਕੁਦਰਤ ਦੀ ਦੇਣ ਇਨ੍ਹਾਂ ਹੀਰਿਆਂ ਨੂੰ ਆਪਣੇ ਚਿਹਰੇ 'ਤੇ ਸੁਸ਼ੋਭਿਤ ਹੋਣੋਂ ਰੋਕਿਆ ਹੋਇਆ ਹੈ, ਉਹਨਾਂ ਲਈ ਤਾਂ ਬਹੁਤ ਹੀ ਆਸਾਨ ਹੈ ਕਿ ਸ੍ਰੀ ਹਰਿ-ਮੰਦਰ ਸਾਹਿਬ ਆ ਕੇ ਇਸ਼ਨਾਨ ਕਰਨ ਅਤੇ ਮਨ ਰੂਪੀ ਕਾਂ ਨੂੰ ਹੰਸ ਵਿਚ ਤਬਦੀਲ ਕਰ ਲੈਣ। ਜੇਕਰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਕੇ ਕਾਂ ਹੰਸ ਵਿਚ ਤਬਦੀਲ ਹੋ ਸਕਦੇ ਹਨ ਤਾਂ ਕੀ ਹੈਰਾਨੀ ਹੈ ਕਿ ਚਿਹਰੇ 'ਤੇ ਲੱਗੀ ਕਾਲਖ ਨਾ ਧੋਤੀ ਜਾਵੇ :

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ
ਜਿਤੁ ਨਾਤੈ ਕਊਆ ਹੰਸੁ ਹੋਹੈ ॥
ਨਾਨਕ ਧਨੁ ਧੰਨੁ ਵਡੇ ਵਡਭਾਗੀ
ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥੫॥

(ਗੁਰੂ ਗ੍ਰੰਥ ਸਾਹਿਬ, ਪੰਨਾ ੪੯੩)

ਤੈਨੂੰ ਆਪਣੇ ਵਿਰਸੇ ਤੋਂ ਤੋੜਨ ਲਈ ਕਈ ਇਹ ਵੀ ਕਹਿੰਦੇ ਸੁਣੇ ਹਨ ਕਿ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਕੇਸਾਧਾਰੀ ਸਨ ਬਾਕੀ ਗੁਰੂ ਸਾਹਿਬਾਨ ਨਹੀਂ ਪਰ ਇਹ ਗੱਲ ਜਾਂ ਤਾਂ ਅਣਗਹਿਲੀ ਵਿਚ ਕਹੀ ਜਾ ਸਕਦੀ ਹੈ ਤੇ ਜਾਂ ਸ਼ਰਾਰਤ ਵਸ। ਇਹ ਕਹਿਣ ਵਾਲੇ ਭੁੱਲ ਜਾਂਦੇ ਹਨ ਕਿ ਸਾਹਿਬਾਂ ਨੇ ਕਈ ਥਾਵਾਂ 'ਤੇ ਆਪਣਾ ਆਸ਼ਾ ਸਪੱਸ਼ਟ ਕੀਤਾ ਹੈ ਕਿ ਅਕਾਲ ਪੁਰਖ ਦਾ ਸਰਗੁਣ ਸਰੂਪ ਵੀ ਸਾਬਤ ਸੂਰਤ ਹੈ ਅਤੇ ਮੈਂ ਆਪਣੇ ਕੇਸਾਂ ਨਾਲ ਆਪਣੇ ਇਸ਼ਟ ਅਤੇ ਮਹਾਂਪੁਰਸ਼ਾਂ ਦੇ ਚਰਨ ਝਾੜਾਂ, ਜਿਵੇਂ ਪਾਵਨ ਗੁਰਵਾਕ ਹਨ। ਗੁਰੂ ਨਾਨਕ ਸਾਹਿਬ ਜੀ :

ਸੋਹਣੇ ਨਕ ਜਿਨ ਲੰਮੜੇ ਵਾਲਾ ॥ (ਪੰਨਾ ੫੬੭)

ਗੁਰੂ ਰਾਮ ਦਾਸ ਜੀ :

ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ
ਗੁਰ ਪਗ ਝਾਰਹ ਹਮ ਬਾਲ ॥ (ਪੰਨਾ ੧੩੩੫)

ਗੁਰੂ ਅਰਜਨ ਸਾਹਿਬ ਜੀ :

ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥ (ਪੰਨਾ ੭੪੫)
ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥ (ਪੰਨਾ ੭੪੯)
ਸਤਿਗੁਰੁ ਅਪਨਾ ਸਦ ਸਦਾ ਸਮ੍ਹਾਰੇ ॥
ਗੁਰ ਕੇ ਚਰਨ ਕੇਸ ਸੰਗਿ ਝਾਰੇ ॥ (ਪੰਨਾ ੩੮੭)
ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ ॥ (ਪੰਨਾ ੫੦੦)

ਸਾਬਤ ਸੂਰਤਿ ਦਸਤਾਰ ਸਿਰਾ...॥ (ਪੰਨਾ ੧੦੮੪)

ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਸਿਰੀ ਰਾਗ ਵਿਚ ਆਪਣੀ ਜਾਣ-ਪਛਾਣ ਕਰਾਂਦਿਆਂ ਦਸਦੇ ਹਨ ਕਿ ਮੈਂ ਤਾਂ ਅਕਾਲ ਪੁਰਖ ਦਾ ਪਹਿਲਵਾਨ ਹਾਂ, ਜਿਸ ਨੂੰ ਮੇਰੇ ਮਾਲਕ ਨੇ ਦੁਮਾਲਾ ਬਖ਼ਸ਼ਿਆ ਹੈ :

ਹਉ ਗੋਸਾਈ ਦਾ ਪਹਿਲਵਾਨੜਾ ॥
ਮੈ ਗੁਰ ਮਿਲਿ ਉਚ ਦੁਮਾਲੜਾ ॥ (ਪੰਨਾ ੭੪)

ਗੁਰੂ ਸਾਹਿਬਾਨ ਤੋਂ ਇਲਾਵਾ ਕਬੀਰ ਸਾਹਿਬ ਨੇ ਵੀ ਬਚਨ ਕੀਤਾ ਹੈ :

ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥
ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥ (ਪੰਨਾ ੯੬੯)

ਇਤਨੇ ਸਪੱਸ਼ਟ ਪ੍ਰਮਾਣ ਅਤੇ ਸਾਹਿਬ ਗੁਰੂ ਗ੍ਰੰਥ ਸਾਹਿਬ ਦੇ ਬਚਨਾਂ ਦੇ ਬਾਅਦ ਕੀ ਕਿਸੇ ਹੋਰ ਦਲੀਲ, ਹਵਾਲੇ ਜਾਂ ਵਿਆਖਿਆ ਦੀ ਲੋੜ ਬਾਕੀ ਹੈ ਜਾਂ ਸਾਹਿਬਾਂ ਦੇ ਸਰੂਪ ਬਾਰੇ ਸ਼ੱਕ ਦੀ ਗੁੰਜਾਇਸ਼ ਰਹਿ ਜਾਂਦੀ ਹੈ ? ਸੋ ਜੇਕਰ ਹਾਲੇ ਵੀ ਕੋਈ ਇਹ ਕਹੀ ਜਾਵੇ ਕਿ ਕੇਸ ਰੱਖਣ ਦਾ ਹੁਕਮ ਗੁਰੂ ਗੋਬਿੰਦ ਸਿੰਘ ਜੀ ਨੇ ਵਕਤ ਦੇ ਮੁਤਾਬਿਕ ਦਿੱਤਾ ਸੀ, ਹੁਣ ਇਸ ਦੀ ਲੋੜ ਨਹੀਂ, ਤਾਂ ਇਸ ਹੁੱਜਤ ਦਾ ਕੀ ਜਵਾਬ ਦਿੱਤਾ ਜਾ ਸਕਦਾ ਹੈ ? ਕੀ ਕੋਈ ਜੈਨੀ, ਸੰਨਿਆਸੀ, ਮੁੰਡੀਯਾ (ਘੋਨ-ਮੋਨ) ਜਾਂ ਜਟਾਧਾਰੀ ਇਹੋ ਜਿਹਾ ਉਪਦੇਸ਼ ਕਰ ਸਕਦਾ ਹੈ ? ਨਾਲੇ ਯਾਦ ਰੱਖ ਬੋਦੀ ਦੀ ਕੂਚੀ ਜਾਂ ਬੁਰਸ਼ ਤਾਂ ਬਣ ਸਕਦਾ ਹੈ ਪਰ ਚੰਵਰ ਤਾਂ ਪੂਰੇ ਕੇਸਾਂ ਦਾ ਹੀ ਬਣੇਗਾ।

ਗੁਰੂ ਗ੍ਰੰਥ ਸਾਹਿਬ ਤੋਂ ਮੁਨੱਕਰ ਅਤੇ ਦੇਹਧਾਰੀ ਨੂੰ ਮੰਨਣ ਵਾਲੇ ਕਈ ਪੰਥ ਵਿਰੋਧੀ ਟੋਲੇ ਅਤੇ ਫ਼ਿਰਕੇ ਹਨ ਜੋ ਕੇਸਾਧਾਰੀ ਹਨ ਪਰ ਰਹਿਤ-ਵਿਹੀਨ ਕੇਸਾਂ ਦੀ ਗੁਰੂ ਘਰ ਵਿਚ ਕੋਈ ਮਹੱਤਤਾ ਨਹੀਂ। ਇਸ ਲਈ ਭਾਈ ਦੇਸਾ ਸਿੰਘ ਜੀ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਜੇਕਰ ਰਹਿਤ ਨਹੀਂ ਹੈ ਤਾਂ ਕੇਸ ਰੱਖਣੇ ਇਸੇ ਤਰ੍ਹਾਂ ਹੈ, ਜਿਸ ਤਰ੍ਹਾਂ ਕਿਸੇ ਖੋਤੇ ਨੂੰ ਨਵ੍ਹਾ ਧੁਆ ਕੇ ਉਸ ਦੇ ਸਿਰ 'ਤੇ ਫੁੱਲਾਂ ਦਾ ਹਾਰ ਸਜਾ ਦਿੱਤਾ ਜਾਵੇ। ਇਹ ਉਲਟਾ ਉਸ ਦੀ ਹਾਸੀ ਦਾ ਕਾਰਨ ਹੀ ਬਣੇਗਾ :

ਜਿਉਂ ਕਾਹੂ ਲੈ ਗਧਾ ਨੁਵਾਇਓ।
ਫੂਲਮਾਲ ਤਿਹ ਮੂੰਡ ਧਰਾਇਓ।
ਤਿਹ ਕਰ ਤਾਂ ਕੀ ਸੋਭਾ ਨਾਹੀ।
ਹਾਸੀ ਜੋਗ ਹੋਇ ਜਗ ਮਾਹੀ।
ਤਿਮ ਕੁਰਹਿਤੀਏ ਕੇਸ ਰਖਾਏ।
ਕਹਹੁ ਸੋ ਕੈਸੇ ਸ਼ੋਭਾ ਪਾਏ।

ਕਲਗੀਧਰ ਪਿਤਾ ਦੇ ਖਜ਼ਾਨਚੀ ਭਾਈ ਧਰਮ ਚੰਦ ਦੇ ਦੋਹਤੇ ਤੇ ਗੁਰੂ ਜੀ ਦੇ ਸਮਕਾਲੀ ਭਾਈ ਕੇਸਰ ਸਿੰਘ ਛਿੱਬਰ ਨੇ 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿਚ ਇਹੋ ਗੱਲ ਆਪਣੇ ਹੀ ਅੰਦਾਜ਼ ਵਿਚ ਲਿਖੀ ਹੈ :

ਖਾਵੰਦ ਤਾਂ ਏਹ ਗਲਿ ਛਡੀ ਹੈ ਆਖ ।

ਬਚਨ ਸਤਿਗੁਰ ਦੇ ਹਿਰਦੇ ਕਰਿ ਪਕੇ ਰਾਖ।
"ਸਿਖਯ ਉਬਾਰਿ ਅਸਿਖਯ ਸੰਘਾਰੇ।"
ਸੁਣੋ ਅਸਿਖ ਮਨ ਪਕੀ ਧਰੇ ॥੭੨੬॥
ਭੇਖ ਸਿਖੀ ਦਾ ਅਤੇ ਕਰਮੁ ਹੋਰੁ।
ਓਹੁ ਤਾਂ ਬਣਿਆ ਗੁਰੂ ਕਾ ਚੋਰ।
ਓਹੁ ਗੁਰੂ ਕੇ ਦਰਬਾਰ ਮੁਹੁ ਲੈ ਕੇ ਕੀਕੂ ਜਾਸੀ।
ਓਹੁ ਜਾਣੇ ਅਪਨਾ ਕੀਤਾ ਆਪੇ ਪਾਸੀ ॥੭੨੭॥

ਗੁਰੂ ਗੋਬਿੰਦ ਸਿੰਘ ਜੀ ਦੀ ਹਿਦਾਇਤ 'ਤੇ ਭਾਈ ਨੰਦ ਲਾਲ ਵੱਲੋਂ ਜਾਰੀ ਕੀਤੇ ਰਹਿਤਨਾਮੇ ਵਿਚ ਫ਼ੁਰਮਾਇਆ ਹੈ :

ਕੰਘਾ ਦੋਵੇਂ ਵਕਤ ਕਰ ਪਾਗ ਚੁਣੈ ਕਰ ਬਾਂਧਈ।
ਦਾਤਨ ਕਰੇ ਨੀਤ ਨਾ ਦੁਖ ਪਾਵੇ ਲਾਲ ਜੀ ॥੨੩॥

ਜਿਹੜਾ ਸਿੱਖ ਗੁਰੂ ਜੀ ਦੇ ਇਸ ਅਮਲੀ ਹੁਕਮਨਾਮੇ ਦੀ ਪਾਲਨਾ ਕਰਦਿਆਂ ਦੋਨੋਂ ਸਮੇਂ ਕੰਘਾ ਕਰੇਗਾ, ਨਾ ਤਾਂ ਉਹ ਜਟਾਧਾਰੀ ਸਾਧੂ ਹੀ ਹੋ ਸਕਦਾ ਹੈ ਅਤੇ ਨਾ ਹੀ ਘਰੜ-ਮਰੜ ਹੋਇਆ ਜੋਗੀ ਜਾਂ ਸਰੇਵੜਾ। ਗੁਰਮਤਿ ਦਾ ਆਸ਼ਾ ਬਿਲਕੁਲ ਸਪੱਸ਼ਟ ਹੈ ਕਿ ਬੋਹੜ ਦਾ ਦੁੱਧ ਅਤੇ ਸੁਆਹ ਪਾ-ਪਾ ਕੇ ਕੇਸ ਲੰਬੇ ਕਰ ਲੈਣ ਨਾਲ ਜਾਂ ਘਰੜ-ਮਰੜ ਕਰ ਲੈਣ ਨਾਲ ਵੀ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋ ਸਕਦੀ :

ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ॥
ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ ॥ (ਪੰਨਾ ੧੩੬੫)

ਇਸੇ ਤਰ੍ਹਾਂ ਕਲਗੀਧਰ ਪਿਤਾ ਵੀ ਸਮਝਾਂਦੇ ਹਨ ਕੇਵਲ ਜਟਾਵਾਂ ਵਧਾ ਕੇ ਤਪੋਧਨ (ਤਪਸਵੀ) ਰੂਪ ਧਾਰ ਕੇ ਦੇਸ ਦੇਸਾਂਤਰਾਂ ਦਾ ਭ੍ਰਮਣ ਕਰ ਲੈਣ ਨਾਲ ਹੀ ਮਕਸਦ ਪੂਰਾ ਨਹੀਂ ਹੋ ਸਕਦਾ। ਇਹ ਸਾਰੇ ਕੇਵਲ ਕਰਮ-ਕਾਂਡ ਹੀ ਰਹਿ ਜਾਣਗੇ ਜਦ ਤਕ ਕਿ ਅਕਾਲ ਪੁਰਖ ਦਾ ਸਿਮਰਨ ਨਾ ਕੀਤਾ ਜਾਵੇ :

ਤੀਰਥ ਕੋਟ ਕੀਏ ਇਸਨਾਨ ਦੀਏ ਬਹੁ ਦਾਨ ਮਹਾ ਬ੍ਰਤ ਧਾਰੇ॥
ਦੇਸ ਫਿਰਿਓ ਕਰ ਭੇਸ ਤਪੋਧਨ ਕੇਸ ਧਰੇ ਨ ਮਿਲੇ ਹਰਿ ਪਿਆਰੇ॥
ਆਸਨ ਕੋਟ ਕਰੇ ਅਸਟਾਂਗ ਧਰੇ ਬਹੁ ਨਿਆਸ ਕਰੇ ਮੁਖ ਕਾਰੇ॥
ਦੀਨ ਦਇਆਲ ਅਕਾਲ ਭਜੇ ਬਿਨੁ ਅੰਤ ਕੋ ਅੰਤ ਕੇ ਧਾਮ ਸਿਧਾਰੇ॥੧੦॥
(ਦਸਮ ਗ੍ਰੰਥ)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਇਹ ਪਾਵਨ ਹੁਕਮਾਨਾਮਾ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦੀਆਂ ਉਪਰਲੀਆਂ ਹਿਦਾਇਤਾਂ ਨੂੰ ਅਮਲੀ ਰੂਪ ਦਿੰਦਾ ਹੈ। ਕਲਗੀਧਰ ਪਿਤਾ ਇੱਕ ਦਮ ਆਪਣਾ ਆਸ਼ਾ ਸਪੱਸ਼ਟ ਕਰਦਿਆਂ ਬਚਨ ਕਰਦੇ ਹਨ ਕਿ ਮੈਂ ਨਾ ਤਾਂ ਜਟਾਵਾਂ ਵਧਾਵਾਂਗਾ, ਨਾ ਕੰਨਾਂ ਵਿਚ ਮੁੰਦਰਾਂ ਪਾਵਾਂਗਾ, ਨਾ ਹੀ ਅੱਖਾਂ ਮਟਕਾਵਾਂਗਾ, ਨਾ ਪਖੰਡ ਕਰਮ ਕਰਾਂਗਾ ਅਤੇ ਨਾ ਹੀ ਭੇਖੀ ਹੋਵਾਂਗਾ। ਜੋ ਮੈਂ ਹਾਂ ਉਹ ਸਪੱਸ਼ਟ ਤੌਰ 'ਤੇ ਰਵਾਂਗਾ :

ਨ ਜਟਾ ਮੂੰਡ ਧਾਰੌਂ ॥ ਨ ਮੁੰਦ੍ਰਕਾ ਸਵਾਰੌਂ ॥
ਜਪੋ ਤਾਸ ਨਾਮੰ ॥ ਸਰੈ ਸਰਬ ਕਾਮੰ ॥੫੧॥
ਨ ਨੈਨੰ ਮਿਚਾਊਂ ॥ ਨ ਡਿੰਭੰ ਦਿਖਾਊਂ ॥
ਨ ਕੁਕਰਮੰ ਕਮਾਊਂ ॥ ਨ ਭੇਖੀ ਕਹਾਊਂ ॥

(ਪੰਨਾ ੫੮)

ਗੁਰੂ ਸਾਹਿਬ ਦੇ ਹੁਕਮ ਨੂੰ ਗੁਰ ਸੋਭਾ ਵਿਚ ਇਸ ਤਰ੍ਹਾਂ ਅੰਕਤ ਕੀਤਾ ਗਿਆ ਹੈ :

ਬਚਨ ਕਿਯੋ ਕਰਨਹਾਰ, ਸੰਤਨ ਕਿਯੋ ਬਿਚਾਰ
ਸੁਪਨੋ ਸੰਸਾਰੁ ਜਾਨ, ਕਾਹੇ ਲਪਟਾਈਐ।
ਬਿਖਿਅਨ ਸੋ ਤਜਿ ਸਨੇਹ, ਸਤਿਗੁਰੁ ਕੀ ਸਿਖ ਲੇਹਿ
ਬਿਨਸੈ ਛਿਨ ਮਾਹਿ ਦੇਹਿ, ਜਮਪੁਰਿ ਨ ਜਾਈਐ।
ਸੀਸ ਨ ਮੁੰਡਾਵ ਮੀਤ, ਹੁਕਾ ਤਜਿ, ਭਲੀ ਰੀਤਿ
ਮਨ ਮੈ ਕਰਿ ਪ੍ਰੇਮ ਪ੍ਰੀਤਿ, ਸੰਗਤਿ ਮੈਂ ਜਾਈਐ।
ਜੀਵਨ ਦਿਨ ਚਾਰ ਸਮਝ, ਦੇਖਿ, ਬੂਝਿ, ਮਨ ਬਿਚਾਰ
ਵਾਹਗੁਰੂ ਗੁਰੂ ਜੀ ਕਾ ਖਾਲਸਾ ਕਹਾਈਐ ॥੧॥੧੯੭॥ (ਗੁਰ ਸੋਭਾ)

ਸ਼ਾਹਿ ਸ਼ਹਿਨਸ਼ਾਹ, ਸੱਚੇ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਬਾਰੇ ਤਾਂ ਤੂੰ ਸੁਣ ਲਿਆ ਹੈ। ਆ ਮੈਂ ਤੈਨੂੰ ਹੁਣ ਵਕਤ ਦੇ ਸ਼ਹਿਨਸ਼ਾਹਾਂ ਦੇ ਹੁਕਮਾਂ ਬਾਰੇ ਵੀ ਦਸ ਦਵਾਂ। ਮੁਗ਼ਲ ਰਾਜ ਸਮੇਂ ਗੈਰ ਮੁਸਲਿਮ ਨੂੰ ਤਾਂ ਦਾਹੜੀ ਰੱਖਣ ਦੀ ਇਜਾਜ਼ਤ ਹੀ ਨਹੀਂ ਸੀ ਅਤੇ ਮੁਸਲਮਾਨਾਂ ਲਈ ਵੀ ਕਈ ਤਰ੍ਹਾਂ ਦੀਆਂ ਬੰਦਸ਼ਾਂ ਲਾਗੂ ਸਨ। ਐਸੇ ਇੱਕ ਸ਼ਾਹੀ ਫ਼ੁਰਮਾਨ ਦਾ ਜ਼ਿਕਰ ਨਿਕੋਲਾਉ ਮਾਨੁਚੀ (Nicolao Manucchi) ਨੇ ਆਪਣੀ ਪੁਸਤਕ ਸਟੋਰੀਆ ਡੂ ਮੋਗੋਰ (Mogul India or Storia Do Mogor) ਦੀ ਦੂਸਰੀ ਜਿਲਦ ਦੇ ਪੰਨਾ ੫ 'ਤੇ ਕਰਦਿਆਂ ਦੱਸਿਆ ਹੈ ਕਿ ਔਰੰਗਜ਼ੇਬ ਨੇ ਇੱਕ ਸ਼ਾਹੀ ਹੁਕਮ ਜਾਰੀ ਕੀਤਾ ਕਿ ਕੋਈ ਮੁਸਲਮਾਨ ਵੀ ਚਾਰ ਉਂਗਲਾਂ ਤੋਂ ਵੱਧ ਲੰਮੀ ਦਾਹੜੀ ਨਹੀਂ ਰੱਖੇਗਾ। ਇਸ ਕੰਮ ਲਈ ਔਰੰਗਜ਼ੇਬ ਨੇ ਖ਼ਾਸ ਅਫ਼ਸਰ ਨੀਯਤ ਕੀਤੇ ਜੋ ਕਿ ਬਜ਼ਾਰਾਂ ਵਿਚ ਘੁੰਮਦੇ ਰਹਿੰਦੇ ਸਨ। ਕਿਸੇ ਦੀ ਵੀ ਲੰਮੀ ਦਾਹੜੀ ਵੇਖ ਕੇ ਉਸ ਨੂੰ ਆਪਣੀ ਮੁੱਠ ਨਾਲ ਫੜ ਲੈਂਦੇ ਸਨ ਅਤੇ ਮੁੱਠ ਤੋਂ ਥੱਲੇ ਦੀ ਦਾਹੜੀ ਨੂੰ ਕਤਰ ਦਿੰਦੇ ਸਨ। ਇਸ ਨੌਰੰਗੇ ਤੁਰਕੜੇ ਦੇ ਜਾਣ ਦੇ ਬਾਅਦ ਉਸ ਦੇ ਪੁੱਤਰ ਬਹਾਦਰ ਸ਼ਾਹ ਨੇ ੭ ਦਸੰਬਰ, ੧੭੦੭ ਨੂੰ ਸ਼ਾਹੀ ਫਰਮਾਨ ਜਾਰੀ ਕੀਤਾ, ਜੋ ਦਰਬਾਰ ਦੇ ਸ਼ਾਹੀ ਸਰਕਾਰੀ ਰਿਕਾਰਡ ਅਖ਼ਬਾਰਿ-ਦਰਬਾਰਿ-ਮੁਅੱਲਾ ਵਿਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਸੀ, "ਸ਼ਹਿਨਸ਼ਾਹ ਦਾ ਫ਼ੁਰਮਾਨ ਜਾਰੀ ਕੀਤਾ ਗਿਆ ਕਿ ਸ਼ਹਿਨਸ਼ਾਹ ਦੇ ਕੋਤਵਾਲ ਸਰਫ਼ਰਾਜ ਖ਼ਾਨ ਨੂੰ ਹੁਕਮ ਦਿੱਤਾ ਜਾਵੇ ਕਿ ਕਿਸੇ ਵੀ ਹਿੰਦੂ ਨੂੰ ਪਾਲਕੀ, ਅਰਬੀ ਜਾਂ ਇਰਾਕੀ ਘੋੜੇ ਦੀ ਸਵਾਰੀ ਦੀ ਇਜਾਜ਼ਤ ਨਾ ਦਿੱਤੀ ਜਾਵੇ। ਦਰਬਾਰ ਵਿਚ ਪੇਸ਼ ਹੋਣ ਸਮੇਂ ਉਹਨਾਂ ਨੇ ਹੀਰੇ

ਆਦਿ ਦੇ ਮੁੰਦੇ ਨਾ ਪਾਏ ਹੋਣ। ਉਹ ਆਪਣੀ ਦਾਹੜੀ ਮੁਨਾ ਕੇ ਰੱਖਣ।" ਇਸ ਦੇ ਕੁਝ ਸਮਾਂ ਬਾਅਦ ਹੀ ੧੦ ਦਸੰਬਰ, ੧੭੧੦ ਨੂੰ ਬਹਾਦਰ ਸ਼ਾਹ ਨੇ ਸ਼ਾਹੀ ਫ਼ੁਰਮਾਨ ਜਾਰੀ ਕਰ ਦਿੱਤਾ ਕਿ

'ਨਾਨਕ ਪ੍ਰਸਤਾਂ ਰਾ ਹਰ ਕੁਜਾ ਕਿ ਬਯਾ ਬੰਦ,
ਬਾ ਕਤਲ ਰਸਾ ਨੰਦ ?'

ਯਾਨਿ ਕਿ ਜਿਥੇ ਵੀ ਨਾਨਕ ਪ੍ਰਸਤ ਨਜ਼ਰ ਆ ਜਾਵੇ ਕਤਲ ਕਰ ਦਿੱਤੇ ਜਾਣ ਪਰ ਇਸ ਬਿਖੜੇ ਸਮੇਂ ਵਿਚ ਕੌਮ ਦਾ ਮਾਣ ਸਨਮਾਨ ਅਤੇ ਖਾਲਸਾ ਜੀ ਦੀ ਪੰਜਾਬ ਵਿਚ ਪ੍ਰਭੂਸੱਤਾ ਬਹਾਲ ਕੀਤੀ, ਜਥੇਦਾਰ ਬਾਬਾ ਬੰਦਾ ਸਿੰਘ ਬਹਾਦਰ ਨੇ। ਅਖ਼ੀਰ ਵਿਚ ਇਹ ਸੂਰਮਾ ਅਤੇ ਜਰਨੈਲ ਫ਼ਰੁਖਸੀਯਰ ਦੇ ਕਬਜ਼ੇ ਵਿਚ ਆ ਗਿਆ। ਬੰਦਾ ਬਹਾਦਰ ਨੂੰ ਵੀ ਇਸਲਾਮ ਜਾਂ ਮੌਤ ਵਿੱਚੋਂ ਇੱਕ ਨੂੰ ਕਬੂਲਣ ਲਈ ਕਿਹਾ ਗਿਆ। ਗੁਰੂ ਗੋਬਿੰਦ ਸਿੰਘ ਜੀ ਦੇ ਹੱਥੀਂ ਵਰੋਸਾਏ ਹੋਏ ਸੂਰਮੇ ਨਾਲ ਕੀ ਬੀਤੀ ਇਹ ਤੇਰੇ ਇਤਿਹਾਸ ਦਾ ਗੌਰਵਮਈ ਕਾਂਡ ਹੈ ਅਤੇ ੯ ਅਤੇ ੧੦ ਜੂਨ ੧੭੧੬ ਦੇ ਅਖ਼ਬਾਰਿ-ਦਰਬਾਰਿ-ਮੁਅੱਲਾ ਵਿਚ ਇਸ ਤਰ੍ਹਾਂ ਲਿਖਿਆ ਹੈ—

੨੯ ਜਮਾਦੀ-ਉਲ-ਸਾਨੀ, ਪਵਾਂ ਫ਼ਰੁਖਸਿਯਾਰੀ, ਅਲ ਹਿਜਰੀ ੧੧੨੮: ਸ਼ਹਿਨਸ਼ਾਹ ਨੇ ਹੁਕਮ ਜਾਰੀ ਕੀਤਾ ਕਿ ਇਬਰਾਹੀਮ-ਉਦ-ਦੀਨ ਮੀਰ-ਇ-ਆਤਿਸ਼ ਅਤੇ ਕੋਤਵਾਲ ਸਰਬਰਾਹ ਖ਼ਾਨ ਬਾਗੀ ਰਹਿਬਰ (ਬੰਦਾ ਬਹਾਦਰ) ਨੂੰ ਤ੍ਰਿਪੋਲੀਆ ਦੇ ਕਿਲ੍ਹੇ ਤੋਂ ਖਵਾਜਾ ਕੁਤਬ-ਉਦ-ਦੀਨ ਦੀ ਮਜ਼ਾਰ, ਜੋ ਕਿ ਸ਼ਹਿਨਸ਼ਾਹ ਬਹਾਦਰ ਸ਼ਾਹ ਦੇ ਮਕਬਰੇ ਦੇ ਸਾਹਮਣੇ ਹੈ, ਲੈ ਜਾਣ। ਉਸ ਦੀਆਂ ਅੱਖਾਂ ਕੱਢ ਲਈਆਂ ਜਾਣ ਅਤੇ ਜ਼ਬਾਨ ਖਿੱਚ ਲਈ ਜਾਏ। ਉਸ ਦੀ ਖੱਲ ਉਸ ਦੇ ਸਰੀਰ ਤੋਂ ਵੱਖ ਕਰ ਦਿੱਤੀ ਜਾਏ। ਉਸ ਦਾ ਪੁੱਤਰ ਵੀ ਕਤਲ ਕਰ ਦਿੱਤਾ ਜਾਏ।

੧ ਰਜਬ, ਪਵਾਂ ਫ਼ਰੂਖਸਿਯਾਰੀ, ਅਲ ਹਿਜਰੀ ੧੧੨੮: ਸ਼ਹਿਨਸ਼ਾਹ ਨੂੰ ਦੱਸਿਆ ਗਿਆ ਕਿ ਉਹਨਾਂ ਦੇ ਹੁਕਮ ਮੁਤਾਬਿਕ ਇਬਰਾਹੀਮ-ਉਦ-ਦੀਨ ਮੀਰ-ਇ-ਆਤਿਸ਼ ਅਤੇ ਕੋਤਵਾਲ ਸਰਬਰਾਹ ਖ਼ਾਨ ਬਾਗੀ ਆਗੂ (ਬੰਦਾ ਬਹਾਦਰ) ਨੂੰ ਉਸ ਦੇ ਪੁੱਤਰ ਅਤੇ ਅਠ੍ਹਾਰਾਂ ਸਾਥੀਆਂ ਸਮੇਤ ਖੋਜਾ ਫੱਤੂ ਦੇ ਛੱਪੜ ਨੇੜੇ ਖਵਾਜਾ ਕੁਤਬ-ਉਦ-ਦੀਨ ਦੀ ਮਜ਼ਾਰ ਵੱਲ ਲੈ ਗਏ। ਬਾਗੀ ਦੀਆਂ ਅੱਖਾਂ ਦੇ ਸਾਹਮਣੇ ਉਸ ਦੇ ਪੁੱਤਰ ਨੂੰ ਮਾਰਿਆ ਗਿਆ। ਇਸ ਦੇ ਬਾਅਦ ਬਾਗੀ ਨੂੰ ਬਹੁਤ ਜ਼ਿਆਦਾ ਤਸੀਹੇ ਦੇ ਕੇ ਕਤਲ ਕੀਤਾ ਗਿਆ ਅਤੇ ਉਸ ਦੇ ਟੁਕੜੇ-ਟੁਕੜੇ ਕਰਕੇ ਖਲੇਰ ਦਿੱਤੇ ਗਏ। ਉਸ ਦੇ ਸਾਰੇ ਸਾਥੀ ਵੀ ਕਤਲ ਕਰ ਦਿੱਤੇ ਗਏ।

ਕੀ ਤੇਰੇ ਬਜ਼ੁਰਗਾਂ ਦੀਆਂ ਇਹ ਸਾਰੀਆਂ ਕੁਰਬਾਨੀਆਂ ਤੈਨੂੰ ਬਿਲਕੁਲ ਬੇ-ਮਾਅਨੀ ਦਿਸਦੀਆਂ ਹਨ ? ਕੀ ਇਸ ਵਿਚ ਉਹਨਾਂ ਦਾ ਕੋਈ ਨਿੱਜੀ ਲਾਭ ਸੀ ? ਕੀ ਉਹਨਾਂ ਦਾ ਆਪਣਾ ਅਤੇ ਆਪਣੀ ਅੰਸ ਦਾ ਨਾਮੋ-ਨਿਸ਼ਾਨ ਮਿਟਾ ਦੇਣਾ ਤੇਰੇ ਸਿਰ ਦੀ ਪਗੜੀ ਬਚਾਉਂਣ ਲਈ ਨਹੀਂ ਸੀ ? ਉਹਨਾਂ ਨੇ ਤਾਂ ਤੇਰੇ ਵਾਂਗ ਸਵਾਲ ਨਹੀਂ ਕੀਤਾ ਕਿ ਕੇਸਾਂ ਦਾ ਫ਼ਾਇਦਾ ਕੀ ਹੈ ? ਕੀ ਤੈਨੂੰ ਪਤਾ ਹੈ ਕਿ ਇਸੇ ਸਮੇਂ

ਦੌਰਾਨ ਖਵਾਜਾ ਅਬਦੁਲ ਰਹੀਮ ਅਬਦੁੱਸਮਦ ਖ਼ਾਨ ਲਾਹੌਰ ਦਾ ਸੂਬੇਦਾਰ ਬਣਿਆ ਅਤੇ ਤੇਰੇ ਬਜ਼ੁਰਗਾਂ ਨੂੰ ਕਿਹੜੀਆਂ ਤਕਲੀਫ਼ਾਂ ਨਹੀਂ ਸਹਾਰਨੀਆਂ ਪਈਆਂ। ਇਸ ਦਾ ਕੁਝ ਕੁ ਜ਼ਿਕਰ ਅਬਦੁੱਸਮਦ ਖ਼ਾਨ ਦੇ ਆਪਣੇ ਲਿਖਾਰੀ ਨੇ ਅਸਰਾਰਿ ਸਮਦੀ ਵਿਚ ਕਰਦਿਆਂ ਇਸ ਤਰ੍ਹਾਂ ਲਿਖਿਆ ਹੈ—

ਉਹ (ਸਿੱਖ ਮੁਸੀਬਤ ਵਿਚ ਇਉਂ ਜਕੜੇ ਗਏ ਕਿ ਫਾਕਿਆਂ ਨਾਲ ਸੁੱਕ-ਸੁੱਕ ਕੇ ਪਹਿਲੇ ਦਿਨ ਦੇ ਚੰਦ ਵਾਂਗ ਹੋ ਗਏ। ਰੁੱਖ, ਪੱਤਿਆਂ ਤੋਂ ਖਾਲੀ ਹੋ ਗਏ। ਉਹ ਮਿੱਟੀ ਵੀ ਗੁੜ ਵਾਂਗ ਖਾਂਦੇ ਸਨ। ਲਾਹਨਤ ਦੇ ਮਾਰੇ ਸਿੰਘਾਂ ਦੇ ਪੈਰ ਛਾਲਿਆਂ ਨਾਲ ਭਰਪੂਰ ਸਨ। ਉਨ੍ਹਾਂ ਦੇ ਹੱਥ ਰਾਸ਼ਨ ਤੇ ਸਫ਼ਰ ਖਰਚ ਤੋਂ ਖਾਲੀ ਸਨ। ਫਿਰ ਵੀ ਉਹ ਕਿਹੜੀਆਂ ਦਲੇਰੀਆਂ ਹਨ ਜੋ ਉਨ੍ਹਾਂ ਨੇ ਵਰਤੋਂ ਵਿਚ ਨਹੀਂ ਲਿਆਂਦੀਆਂ ਅਤੇ ਉਹ ਕਿਹੜੀਆਂ ਨਿਡਰਤਾਂਵਾਂ ਹਨ ਜੋ ਉਨ੍ਹਾਂ ਨੇ ਪ੍ਰਗਟ ਨਹੀਂ ਕੀਤੀਆਂ। ਉਹ ਹਾਥੀਆਂ ਉੱਤੇ ਸ਼ੇਰਾਂ ਵਾਂਗੂੰ ਛਾਲਾਂ ਮਾਰਦੇ ਸਨ ਤੇ ਹੌਦਿਆਂ ਵਿਚ ਬੈਠਿਆਂ ਨੂੰ ਹੇਠਾਂ ਸੁੱਟ ਲੈਂਦੇ ਸਨ। ਜਿਹੜੀ ਥਾਂ 'ਤੇ ਤੇਜ ਘੋੜਾ ਵੀ ਜਾਣ ਤੋਂ ਘਬਰਾਉਂਦਾ ਹੈ, ਉਥੇ ਉਹ ਚੀਤੇ ਵਾਂਗੂੰ ਪੈਦਲ ਹੀ ਪੁੱਜ ਜਾਂਦੇ ਸਨ।

ਸਿੱਖੀ ਕੇਸਾਂ-ਸਵਾਸਾਂ ਸੰਗ ਨਿਬਾਹੁਣ ਦੀ ਇਸ ਇੱਕ ਸੱਚੀ ਘਟਨਾ ਨੂੰ ਜ਼ਰੂਰ ਵਿਚਾਰ ਕਰੀਂ। ਜਦੋਂ ਇੱਕ ਮਾਤਾ ਆਪਣੇ ਮਾਸੂਮ ਜਿਹੇ ਬੱਚੇ ਨੂੰ ਹਿੱਕ ਨਾਲ ਲਾਈ ਵਾਹੋਦਾਹੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆ ਰਹੀ ਸੀ ਤਾਂ ਪੰਥ ਦੇ ਮਹਾਨ ਸੇਵਕ ਦੀਵਾਨ ਕੌੜਾ ਮੱਲ ਜੀ, ਜੋ ਭਾਈ ਵੀਰ ਸਿੰਘ ਜੀ ਦੇ ਬਜ਼ੁਰਗ ਸਨ, ਨੇ ਉਸ ਨੂੰ ਖ਼ਬਰ ਦਿੱਤੀ ਕਿ ਹਰਿਮੰਦਰ ਸਾਹਿਬ ਨੂੰ ਤਾਂ ਘੇਰਾ ਪਿਆ ਹੋਇਆ ਹੈ ਅਤੇ ਜਾਨ ਦੀ ਬਾਜੀ ਲੱਗਾ ਕੇ ਹੀ ਉੱਥੇ ਪਹੁੰਚਿਆ ਜਾ ਸਕਦਾ ਹੈ। ਉਸ ਮਾਤਾ ਨੇ ਜਵਾਬ ਦਿੱਤਾ ਕਿ ਜੇ ਇਹ ਸਰੀਰ ਲੇਖੇ ਲੱਗ ਜਾਏ ਤਾਂ ਇਸ ਤੋਂ ਵੱਧ ਵੱਡੇ ਭਾਗ ਹੋਰ ਕੀ ਹੋ ਸਕਦੇ ਹਨ ? ਹੈਰਾਨ ਪਰੇਸ਼ਾਨ ਹੋਏ ਦੀਵਾਨ ਕੌੜਾ ਮੱਲ ਜੀ ਨੇ ਫਿਰ ਕਿਹਾ ਕਿ ਮਾਈ! ਜੇ ਤੈਨੂੰ ਆਪਣੇ 'ਤੇ ਤਰਸ ਨਹੀਂ ਤਾਂ ਘੱਟੋ ਘੱਟ ਆਪਣੇ ਇਸ ਮਾਸੂਮ ਬੱਚੇ 'ਤੇ ਤਾਂ ਤਰਸ ਕਰ। ਮਾਤਾ ਦਾ ਦ੍ਰਿੜ੍ਹਤਾ ਭਰਿਆ ਜਵਾਬ ਸੁਣ ਕੇ ਕੌਣ ਨਤਮਸਤਕ ਨਹੀਂ ਹੋਵੇਗਾ, ਜਦੋਂ ਉਸ ਨੇ ਜਵਾਬ ਦਿੱਤਾ, "ਵੀਰਾ! ਮੈਂ ਇਸ ਆਪਣੇ ਬੱਚੇ ਨੂੰ ਜਾਨੋਂ ਵੱਧ ਪਿਆਰ ਕਰਦੀ ਹਾਂ, ਤਾਹੀਉਂ ਤਾਂ ਇਸ ਨੂੰ ਨਾਲ ਲੈ ਕੇ ਆਈ ਹਾਂ ਕਿ ਸ਼ਾਇਦ ਗੁਰੂ ਕਿਰਪਾ ਕਰੇ, ਇਹ ਵੀ ਲੇਖੇ ਲੱਗ ਜਾਏ!" ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਇਹੋ ਜਿਹੀਆਂ ਮਹਾਨ ਪਾਵਨ ਰੂਹਾਂ 'ਤੇ ਹੀ ਤਾਂ ਮਾਣ ਕਰਕੇ ਦਾਅਵਾ ਕੀਤਾ ਸੀ ਕਿ

"ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋ ਸੇ ਗਰੀਬ ਕਰੋ ਪਰੇ।"

"ਕਤਲੇ ਹੁਸੈਨ ਦਰਅਸਲ ਮਰਗੇ ਯਜ਼ੀਦ ਹੈ।
ਇਸਲਾਮ ਜ਼ਿੰਦਾ ਹੋਤਾ ਹੈ ਹਰ ਕਰਬਲਾ ਕੇ ਬਾਅਦ।"

ਤੇਰੀ ਗਿਆਤ ਲਈ ਇਕ ਹੋਰ ਸੱਚੀ ਘਟਨਾ ਦੱਸਣੀ ਚਾਹੁੰਦਾ ਹਾਂ। ਸਚਖੰਡ ਹਰਿਮੰਦਰ ਸਾਹਿਬ ਨੂੰ ਬਾਰ-ਬਾਰ ਢਹਾਉਣ ਅਤੇ ਇਸ ਦੀ ਬੇਹੁਰਮਤੀ ਕਰਨ ਅਤੇ

ਜ਼ੁਲਮ ਦੀ ਇੰਤਹਾ ਕਰਨ ਦੇ ਬਾਵਜੂਦ ਵੀ ਵਕਤੀ ਹਾਕਮ ਗੁਰੂ ਕੇ ਸਿੱਖਾਂ ਨੂੰ ਇਸ ਤੋਂ ਦੂਰ ਨਾ ਕਰ ਸਕੇ। ਸੋ ਆਖ਼ਿਰ ਵਿਚ ਉਹਨਾਂ ਨੇ ਫ਼ੈਸਲਾ ਕੀਤਾ ਕਿ ਹੁਣ ਹਰਿਮੰਦਰ ਸਾਹਿਬ ਨੂੰ ਢਾਇਆ ਨਾ ਜਾਵੇ ਬਲਕਿ ਇਸ ਨੂੰ ਇੱਕ ਮਸੀਤ ਵਿਚ ਤਬਦੀਲ ਕਰ ਦਿੱਤਾ ਜਾਏ। ਇਸ ਮਕਸਦ ਲਈ ਇਸਲਾਮਿਕ ਇਮਾਰਤਸਾਜੀ ਦੇ ਮਾਹਿਰ ਸੱਦੇ ਗਏ ਪਰ ਉਹਨਾਂ ਨੇ ਕਿਹਾ ਕਿ ਇਸ ਇਮਾਰਤ ਵਿਚ ਇੰਨੀਆਂ ਜ਼ਿਆਦਾ ਖਿੜਕੀਆਂ ਅਤੇ ਦਰਵਾਜ਼ੇ ਹਨ ਅਤੇ ਇਹ ਕਿਸੇ ਨਿਰਧਾਰਤ ਦਿਸ਼ਾ ਵੱਲ ਨਾ ਹੋਣ ਕਰਕੇ ਮਸੀਤ ਕਿਸੇ ਵੀ ਕੀਮਤ 'ਤੇ ਬਣ ਹੀ ਨਹੀਂ ਸਕਦੀ। ਠੀਕ ਹੀ ਤਾਂ ਹੈ ਕਿ ਇਹ ਹਰੀ ਦਾ ਮੰਦਿਰ ਹੈ, ਮਸੀਤ ਕਿਸ ਤਰ੍ਹਾਂ ਬਣ ਸਕਦੀ ਹੈ ? ਬਿਲਕੁਲ ਨਹੀਂ ਬਣ ਸਕਦੀ। ਸੋ ਤੂੰ ਸੋਚ ਕਿ ਜੇਕਰ ਹਰਿਮੰਦਰ ਸਾਹਿਬ ਕੇਵਲ ਇੱਕ ਇਮਾਰਤ ਹੋ ਕੇ ਆਪਣੇ ਧਰਮ 'ਤੇ ਅਡਿੱਗ ਰਹਿ ਸਕਦੀ ਹੈ ਤਾਂ ਤੂੰ ਕਿਉਂ ਨਹੀਂ ਰਹਿ ਸਕਿਆ।

੧੭੩੯ ਦੇ ਅਖ਼ੀਰ ਵਿਚ ਅਫ਼ਗਾਨਿਸਤਾਨ ਦਾ ਬਾਦਸ਼ਾਹ ਨਾਦਿਰ ਸ਼ਾਹ ਦੁੱਰਾਨੀ ਜਦੋਂ ਦਿੱਲੀ ਦੀ ਬੇਮਿਸਾਲ ਲੁਟਮਾਰ, ਜਿਸ ਵਿਚ ਬੇਸ਼ੁਮਾਰ ਦੌਲਤ, ਕੋਹਿਨੂਰ ਹੀਰਾ, ਤਖ਼ਤੇ ਤਾਊਸ ਅਤੇ ਹਿੰਦ ਦੀ ਇੱਜ਼ਤ ਹਿੱਕ ਦੇ ਜ਼ੋਰ ਹੱਕ ਕੇ ਵਾਪਿਸ ਕਾਬਲ ਲਈ ਮੁੜਿਆ ਤਾਂ ਰਾਹ ਵਿਚ ਹੀ ਤੇਰੇ ਬਜ਼ੁਰਗਾਂ ਨੇ ਉਸ ਦਾ ਭਾਰ ਹੌਲਾ ਕਰ ਦਿੱਤਾ। ਝੁੰਜਲਾਏ ਹੋਏ ਨਾਦਰ ਨੇ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੂੰ ਇਸ ਮੁਸੀਬਤ ਬਾਰੇ ਪੁੱਛਿਆ :

ਉਨ ਕਾ ਦਿਹੁ ਮੁਹਿ ਦੇਸ ਬਡਾਈ।
ਲੂਟਿਓ ਜਿਨੈ ਹਮਾਰਾ ਰਸਤਾ।
ਮੈ ਕਾਟੋਂ ਅਬ ਉਨ ਕਾ ਫਸਤਾ।
ਦੇਸ ਉਨ ਕੇ ਕੀ ਧੂੜ ਉਡਾਊਂ।
ਜਿਤਕ ਲੂਟਿਓ ਧਨ ਦੂਗਨ ਕਢਾਊਂ।

ਜ਼ਕਰੀਆ ਖ਼ਾਨ ਨੇ ਸਿੱਖ ਕਿਰਦਾਰ, ਇਖ਼ਲਾਕ, ਰਹਿਤ-ਬਹਿਤ ਬਾਰੇ ਵਿਸਥਾਰ ਨਾਲ ਉਸ ਨੂੰ ਸਹੀ-ਸਹੀ ਦੱਸਿਆ। ਇੱਕ ਦੁਸ਼ਮਣ ਵੱਲੋਂ ਤੇਰੇ ਬਜ਼ੁਰਗਾਂ ਬਾਰੇ ਕੀਤਾ ਬਿਆਨ ਕਾਫ਼ੀ ਮਹੱਤਤਾ ਰੱਖਦਾ ਹੈ ਅਤੇ ਇਸ ਦੀ ਭਾਵਨਾ ਅਤੇ ਤੱਤ ਨੂੰ ਸੰਭਾਲਣ ਦੀ ਕੋਸ਼ਿਸ਼ ਜ਼ਰੂਰ ਕਰਨੀ :

ਚਾਰੋ ਵਰਣਾ ਮੈ ਸੇ ਕੋਈ।
ਆਵਤ ਹੋਤ ਖਾਲਸਾ ਸੋਈ।
ਆਬ ਹਿਯਾਤ ਪਿਲਾਵਤ ਤਾਹੂੰ।
ਪਿਛਲਾ ਭੇਸ ਦੇਤ ਉਤਰੈਹੈ।
ਕਛ ਕ੍ਰਿਪਾਨ ਕੇਸ ਰਖਵੈਹੈ।
ਤਿਸ ਦਿਨ ਤੇ ਨਹਿ ਬਾਲ ਮੁੰਡੈ ਹੈ।
ਕਿਸੀ ਠੌਰ ਤਨ ਨਿਜ ਪਰ ਤੈਹੈ।

(ਪੰਥ ਪ੍ਰਕਾਸ਼, ਪੰਨਾ ੬੫੧)

ਹਾਂ ਤੂੰ ਫਿਲਮਾਂ ਵਿਚ ਲਾਲ ਰੰਗ ਲਾ ਕੇ ਬਣੇ ਬਹੁਰੂਪੀਆਂ ਦੀਆਂ ਅਰਥਹੀਣ ਅਤੇ ਯਥਾਰਥਹੀਣ ਕਲਾਬਾਜ਼ੀਆਂ ਨੂੰ ਵੇਖ-ਵੇਖ ਕੇ ਉਹਨਾਂ ਨੂੰ ਹੀਰੋ ਮੰਨੀ ਬੈਠਾ ਹੈਂ ? ਇਸ ਨੂੰ ਤੂੰ ਆਪਣਾ ਇਸ਼ਟ ਅਤੇ ਨਿਸ਼ਾਨਾ ਬਣਾਣਾ ਚਾਹੁੰਨਾਂ ਹੈਂ ? ਤੂੰ ਨਕਲੀ ਮਜ਼ਨੂੰਆਂ ਵਰਗਾ ਬਣਨ ਲਈ ਆਪਣੇ ਸਰੂਪ, ਦਸਤਾਰ ਅਤੇ ਵਿਰਸੇ ਤੋਂ ਹੀ ਕੋਰਾ ਹੋਈ ਜਾਨੈਂ ? ਤੂੰ ਫਿਲਮਾਂ ਵਿੱਚੋਂ ਆਪਣੇ ਭਵਿੱਖ ਨੂੰ ਲੱਭ ਰਿਹਾ ਹੈਂ ? ਫਿਲਮਾਂ ਦੇ ਪ੍ਰਭਾਵ ਬਾਰੇ ਜੱਲ੍ਹਣ ਜੱਟ ਦੀ ਸ਼ੈਲੀ ਦੇ ਇਕ ਕਥਾਕਾਰ ਦੇ ਵਿਚਾਰ ਯਾਦ ਆਂਦੇ ਹਨ, "ਮੈਂ ਤੈਨੂੰ ਸੌ ਮੁੰਡਾ ਕੁੜੀ ਵਿਖਾ ਸਕਦਾ ਹਾਂ, ਜਿਹਨਾਂ ਨੇ ਬਿਆਨ ਦਿੱਤਾ ਹੈ ਕਿ ਫਲਾਣੀ ਬਦਮਾਸ਼ੀ, ਫਲਾਣੀ ਚੋਰੀ, ਫਲਾਣਾ ਡਾਕਾ ਜਾਂ ਫਲਾਣੀ ਲੁੱਟ ਅਸੀਂ ਫਲਾਣੀ ਫਿਲਮ ਵੇਖ ਕੇ ਕੀਤੀ ਹੈ। ਤੂੰ ਮੈਨੂੰ ਇੱਕ ਵੀ ਬੰਦਾ ਪੇਸ਼ ਕਰ ਦੇ ਕਿ ਇਹ ਸੰਤ ਜਾਂ ਮਹਾਂਪੁਰਸ਼ ਬਣਿਆ ਹੈ ਫਲਾਣੀ ਫਿਲਮ ਵੇਖ ਕੇ।" ਗਿਆਨੀ ਜੀ ਅੱਗੇ ਦੱਸਦੇ ਹਨ, "ਮੈਂ 'ਮਦਰ ਇੰਡੀਆ' ਖੇਲ ਵੇਖਿਆ ਤਾਂ ਨਹੀਂ ਪਰ ਉਸ ਬਾਰੇ ਪੜ੍ਹਿਆ ਜ਼ਰੂਰ ਹੈ ਕਿ ਇਸ ਵਿਚ ਹੀਰੋ ਨੇ ਸੌ ਵਾਰ ਹੀਰੋਈਨ ਨੂੰ ਕਿਹਾ, 'ਮਾਂ', 'ਮਾਂ' ਅਤੇ ਹੀਰੋਇਨ ਨੇ ਸੌ ਵਾਰ ਉਸ ਨੂੰ ਕਿਹਾ, 'ਪੁੱਤ', 'ਪੁੱਤ'। ਖਸਮਾਂ ਖਾਣਾ ਖੇਲ ਖ਼ਤਮ ਹੋਇਆ। ਦੋਨਾਂ ਨੇ ਨਿਕਾਹ ਕਰਾ ਲਿਆ।" ਤੂੰ ਇਸ ਨਵੀਂ ਤਹਜ਼ੀਬ ਨੂੰ ਹੀ ਆਪਣੀ ਤਰੱਕੀ ਮੰਨੀ ਬੈਠਾ ਹੈਂ। ਇਸ ਬਾਰੇ ਅਕਬਰ ਅਲਾਹਾਬਾਦੀ ਨੇ ਕਿਹਾ ਸੀ:

ਨਈ ਤਹਜ਼ੀਬ ਸੇ ਹੁਏ ਇਸ ਕਦਰ ਮੁਹਜ਼ੱਬ,  
ਕਟੀ ਉਮਰ ਹੋਟਲੋਂ ਮੇ, ਮਰੇ ਅਸਪਤਾਲ ਜਾਕਰ।

ਤੈਨੂੰ ਅਸਲੀ ਹੀਰੋ ਬਾਰੇ ਦੱਸਣ ਤੋਂ ਪਹਿਲਾਂ ਤੇਰੇ ਨਾਲ ਪਾਪ ਅਤੇ ਅਪਰਾਧ ਦੀ ਗੱਲ ਕਰਨੀ ਜ਼ਰੂਰੀ ਸਮਝਦਾ ਹਾਂ। ਦਰਅਸਲ ਨਵੀਂ ਤਹਜ਼ੀਬ ਅਪਰਾਧ ਨੂੰ ਤਾਂ ਮਾੜਾ ਮੰਨਦੀ ਹੈ ਪਰ ਪਾਪ ਨੂੰ ਨਹੀਂ ਪਰ ਅਪਰਾਧ ਦੀ ਪਹਿਲੀ ਅਵੱਸਥਾ ਪਾਪ ਹੁੰਦੀ ਹੈ। ਮਨ ਹੀ ਮਨ ਕਿਸੇ ਬੁਰਿਆਈ ਨੂੰ ਚਿਤਵਣਾ, ਆਪਣੇ ਖ਼ਿਆਲਾਂ ਵਿਚ ਹੀ ਕਿਸੇ ਦਾ ਕਤਲ ਕਰੀ ਜਾਣਾ, ਕਿਸੇ ਦੇ ਘਰ ਨੂੰ ਅੱਗ ਲਾਈ ਜਾਣਾ, ਕਿਸੇ ਦੀ ਇੱਜ਼ਤ ਲੁੱਟੀ ਜਾਣਾ ਪਾਪ ਹੈ ਅਪਰਾਧ ਨਹੀਂ ਪਰ ਇਹਨਾਂ ਨੂੰ ਅਮਲੀ ਰੂਪ ਦੇ ਦੇਣਾ ਅਪਰਾਧ ਹੈ। ਸੋ ਜੋ ਪਾਪੀ ਨਹੀਂ ਹੈ, ਉਹ ਅਪਰਾਧੀ ਹੋ ਹੀ ਨਹੀਂ ਸਕਦਾ। ਸਰਕਾਰ ਅਤੇ ਕਾਨੂੰਨ ਨਾ ਤਾਂ ਪਾਪ ਰੋਕ ਸਕਦੇ ਹਨ ਅਤੇ ਨਾ ਹੀ ਇਹਨਾਂ ਦੀ ਇਸ ਵੱਲ ਕੋਈ ਦਿਲਚਸਪੀ ਹੀ ਹੁੰਦੀ ਹੈ। ਅਪਰਾਧ-ਰਹਿਤ ਸਮਾਜ ਦੀ ਸਿਰਜਣਾ, ਲਈ ਪਾਪ ਰੋਕਣਾ ਜ਼ਰੂਰੀ ਹੈ ਅਤੇ ਇਸ ਨੂੰ ਤਾਂ ਕੇਵਲ ਅਤੇ ਕੇਵਲ ਇਖਲਾਕੀ ਕਦਰਾਂ-ਕੀਮਤਾਂ, ਧਰਮ ਅਤੇ ਧਾਰਮਿਕ ਸਿੱਖਿਆ ਹੀ ਕਾਬੂ ਕਰ ਸਕਦੀ ਹੈ ਪਰ ਸਰਕਾਰੀ ਅਤੇ ਨਾਮਨਿਹਾਦ ਤਹਜ਼ੀਬ ਦਾ ਮੀਡੀਆ ਤਾਂ ਸਗੋਂ ਪਾਪ ਦੇ ਵਾਧੇ ਵਿਚ ਪੂਰਾ-ਪੂਰਾ ਸਹਾਈ ਹੁੰਦਾ ਹੈ। ਇਸੇ ਲਈ ਸੱਚੀ ਸਰਕਾਰ ਨੇ ਵਾਹਿਗੁਰੂ ਨਾਲ ਪ੍ਰਣਾਏ ਜਾਣ ਦੀ ਪਹਿਲੀ ਸ਼ਰਤ ਹੀ ਰੱਖੀ ਹੈ :

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ

ਪਾਪ ਤਜਾਇਆ ਬਲਿ ਰਾਮ ਜੀਉ ॥

(ਪੰਨਾ ੭੭੩)

ਦੁਨੀਆਂ ਨੇ ਤਾਂ ਭਰਮ ਨੂੰ ਹੀ ਧਰਮ ਸਮਝ ਲਿਆ ਹੈ, ਜਿਸ ਲਈ ਲੋਕ ਧਰਮ ਤੋਂ ਮੁਨੱਕਰ ਹੁੰਦੇ ਹਨ। ਜੇਕਰ ਅੰਗੂਰਾਂ ਦਾ ਤਰੱਕਿਆ ਅਤੇ ਵਿਗੜਿਆ ਹੋਇਆ ਰੂਪ ਨੁਕਸਾਨਦੇਹ ਹੈ ਤਾਂ ਫਿਰ ਧਰਮ ਦਾ ਵਿਗੜਿਆ ਹੋਇਆ ਰੂਪ ਵੀ ਹਾਨੀਕਾਰਕ ਹੈ। ਸਹੀ ਧਰਮ ਦੀ ਵਿਆਖਿਆ ਗੁਰੂ ਅਰਜਨ ਦੇਵ ਜੀ ਨੇ ਕੀਤੀ ਹੈ :

- ਸਰਬ ਧਰਮ ਮਹਿ ਸ੍ਰੇਸਟ ਧਰਮੁ ॥
  ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (ਪੰਨਾ ੨੬੬)

ਸੋ ਸਹੀ ਧਰਮ ਉਹ ਹੈ, ਜੋ ਕਿਰਤਮ (Creation) ਨੂੰ ਛੱਡ ਕੇ ਕੇਵਲ ਕਰਤੇ (Crrator) ਦੀ ਉਸਤਤ ਕਰੇ ਅਤੇ ਨਿਰਮਲ ਕਰਮਾਂ ਦੀ ਪ੍ਰੇਰਨਾ ਕਰੇ। ਕੇਸ ਕਟਾਉਣ ਨੂੰ ਸਿੱਖ ਸ਼ਬਦਾਵਲੀ ਵਿਚ 'ਕੇਸ ਕਤਲ' ਕਰਨੇ ਕਿਹਾ ਜਾਂਦਾ ਹੈ। ਸੋ ਜੋ ਸਜ਼ਾ 'ਅਪਰਾਧ' ਦੀ ਦੁਨੀਆਂ ਵਿਚ ਕਾਤਲ ਦੀ ਹੈ ਕੀ ਉਹੀ ਸਜ਼ਾ 'ਪਾਪ' ਦੀ ਦੁਨੀਆਂ ਵਿਚ ਕੇਸ ਦੇ ਕਾਤਲ ਦੀ ਨਹੀਂ ਹੋਵੇਗੀ ?

ਪਰ ਨਹੀਂ, ਆ ਮੈਂ ਤੈਨੂੰ ਤੇਰਾ ਅਸਲੀ ਹੀਰੋ ਵਾਲਾ ਚਿਹਰਾ ਵਿਖਾਵਾਂ। ੧੪ ਜਨਵਰੀ, ੧੭੬੧ ਨੂੰ ਪਾਨੀਪਤ ਦੇ ਮੁਕਾਮ 'ਤੇ ਮਰਾਠੇ, ਅਹਿਮਦ ਸ਼ਾਹ ਅਬਦਾਲੀ ਕੋਲੋਂ ਹਾਰ ਖਾ ਗਏ। ਅਬਦਾਲੀ ਨੇ ਹਜ਼ਾਰਾਂ ਲੜਕੀਆਂ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਸਾਰੇ ਹਿੰਦੁਸਤਾਨ 'ਚੋਂ ਕੋਈ ਵੀ ਉਸ ਦੇ ਸਾਹਮਣੇ ਨਾ ਅੜਿਆ ਅਤੇ ਨਾ ਹੀ ਕਿਸੇ ਨੇ ਉਹਨਾਂ ਦੀ ਬਹੁੜੀ ਕੀਤੀ। ਮੁੜਦਿਆਂ ਹੋਇਆਂ ਅਬਦਾਲੀ ਹਜ਼ਾਰਾਂ ਲੜਕੀਆਂ ਵੀ ਆਪਣੇ ਨਾਲ ਲੈ ਤੁਰਿਆ ਤਾਂ ਕਿ ਇਹਨਾਂ ਨੂੰ ਬਸਰੇ ਅਤੇ ਗਜ਼ਨੀ ਦੇ ਬਜ਼ਾਰਾਂ ਵਿਚ ਟਕੇ ਟਕੇ ਵੇਚ ਸਕੇ ਪਰ ਤੂੰ ਫ਼ਖਰ ਕਰ ਕਿ ਬੰਦੀ-ਛੋੜ ਗੁਰੂ ਹਰਿ ਗੋਬਿੰਦ ਸਾਹਿਬ ਦੇ ਜਾਨਸ਼ੀਨ, ਤੇਰੇ ਬਜ਼ੁਰਗਾਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹਨਾਂ ਨੇ ਅਕਾਲ ਪੁਰਖ ਦੀ ਫ਼ੌਜ ਹੋਣ ਦਾ ਆਪਣਾ ਰੱਬੀ ਫ਼ਰਜ਼ ਪਛਾਣਿਆ। ਗੋਇੰਦਵਾਲ ਸਾਹਿਬ ਦੇ ਬਿਆਸ ਪੱਤਣ ਤੋਂ ਸ਼ੁਰੂ ਹੋ ਕੇ ਜਿਹਲਮ ਤਕ ਇਸ 'ਪਾਪ ਕੀ ਜੰਞ' ਤੋਂ ਇਹਨਾਂ ਆਪਣੀਆਂ ਹਮ ਵਤਨ ਭੈਣਾਂ ਨੂੰ ਅਬਦਾਲੀ ਦੇ ਚੁੰਗਲ ਤੋਂ ਛੁਡਾਇਆ ਗਿਆ ਅਤੇ ਹਰ ਇਕ ਨੂੰ ਸੈਂਕੜੇ ਮੀਲ ਦੂਰ ਮਹਾਰਾਸ਼ਟਰ ਵਿਚ ਉਹਨਾਂ ਦੇ ਪਿੰਡਾਂ ਵਿਚ ਛੱਡ ਕੇ ਆਏ। ਇਸ ਘਟਨਾ ਨੇ ਆਮ ਲੋਕਾਂ ਦੀ ਜਬਾਨ 'ਤੇ ਇੱਕ ਲੋਕ ਗੀਤ ਲੈ ਆਂਦਾ, "ਛਈ ਰੰਨ ਗਈ ਬਸਰੇ, ਮੋੜੀਂ ਬਾਬਾ ਕੱਛ ਵਾਲਿਆ ਸਰਦਾਰਾ।" ਅਤੇ "ਭਾਗੇ ਜਾ ਰਹੇ ਦੁੱਰਾਨੀ ਕੀ ਸਲਵਾਰ ਜਹਾਂ ਉਲਝਾਨੀ ਥੀ।" ਇਸੇ ਲਈ ਤਾਂ ਸਾਰੇ ਹੀ ਇਤਿਹਾਸਕਾਰ ਸਣੇ ਖ਼ੁਸ਼ਵਖਤ ਰਾਇ, ਕਨ੍ਹੈਯਾ ਲਾਲ, ਬਰਾਊਨ, ਕਲਾਸਵਾਲੀਆ, ਡਾ. ਗਾਂਧੀ ਅਤੇ ਡਾ. ਗੰਡਾ ਸਿੰਘ ਯੱਕਜਬਾਨ ਹੋ ਕੇ ਇਸ ਮਹਾਨ ਕਾਰਨਾਮੇ ਨੂੰ ਮਾਨਵਤਾ ਦੇ ਇਤਿਹਾਸ ਦੀ ਇੱਕ ਅਦੁੱਤੀ ਮਿਸਾਲ ਲਿਖਦੇ ਹਨ ਪਰ ਸਿੱਖ ਇਤਿਹਾਸ ਵਿਚ ਇਹ ਕੋਈ ਇਸ ਤਰ੍ਹਾਂ ਦੀ ਇਕੱਲੀ ਵਾਰਤਾ ਨਹੀਂ ਹੈ। ਇਸੇ ਤਰ੍ਹਾਂ ਜਲਾਲਾਬਾਦ ਲੁਹਾਰੀ ਅਤੇ ਕਸੂਰ ਦੇ ਹਾਕਮਾਂ ਨੂੰ ਸੋਧਣ

ਲਈ ਸਿੰਘਾਂ ਨੇ ਆਪਣੀਆਂ ਕੁਰਬਾਨੀਆਂ ਦਿੱਤੀਆਂ। ਬੋਤਾ ਸਿੰਘ, ਗਰਜਾ ਸਿੰਘ, ਸੁੱਖਾ ਸਿੰਘ, ਮਹਿਤਾਬ ਸਿੰਘ, ਬਾਬਾ ਦੀਪ ਸਿੰਘ, ਅਕਾਲੀ ਫੂਲਾ ਸਿੰਘ, ਬਾਬਾ ਗੁਰਬਖ਼ਸ਼ ਸਿੰਘ ਨਿਹੰਗ, 'ਚੁਪ ਸੈ ਹਰੀਆ ਰਾਗਲਾ' ਵਾਲਾ ਹਰੀ ਸਿੰਘ ਨਲੂਆ, ਸ਼ਾਮ ਸਿੰਘ ਅਟਾਰੀ, ਸਾਰਾ ਗੜ੍ਹੀ ਦੇ ਸੂਰਮੇ ਆਦਿ, ਆਦਿ ਤੇਰੀ ਹੀਰੋ ਦੀ ਪਰਿਭਾਸ਼ਾ 'ਤੇ ਸ਼ਾਇਦ ਪੂਰੇ ਨਹੀਂ ਉਤਰਦੇ। ਤੂੰ ਇਹਨਾਂ ਬਾਰੇ ਕਦੀ ਪੜ੍ਹਨ, ਸੁਣਨ, ਜਾਨਣ ਦੀ ਕਦੀ ਕੋਸ਼ਿਸ਼ ਵੀ ਨਹੀਂ ਕੀਤੀ।

ਪਰ ਤੇਰੇ ਬਜ਼ੁਰਗਾਂ ਦੀ ਅਣਖ ਅਤੇ ਗ਼ੈਰਤ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਬਾਰੇ ਉਸ ਵੇਲੇ ਦਾ ਸਮਕਾਲੀਨ ਮੁਗ਼ਲ ਇਤਿਹਾਸਕਾਰ ਦਿਲਸਾਦ ਮੁਹੰਮਦ ਪਸਰੂਰੀ ਹਾਲ-ਦੁਹਾਈ ਪਾਂਦਿਆਂ ਰਾਇ ਦਿੰਦਾ ਹੈ ਕਿ ਅੱਜ ਤੋਂ ਨਵਾਂ ਸੰਮਤ "ਜਹਾਨੇ ਖਰਾਬਸ਼ੁਦਹ" (ਮੁਲਕ ਬਰਬਾਦ ਹੋ ਗਿਆ) ਸ਼ੁਰੂ ਕੀਤਾ ਜਾਵੇ। ਇਹ ਇਤਿਹਾਸਕਾਰ ਅੱਗੇ ਜਾ ਕੇ ਲਿਖਦਾ ਹੈ 'ਇਹ ਕੌਮ ਰਾਹਜਨੀ ਤੇ ਲੁੱਟ-ਮਾਰ ਤੋਂ ਬਣੀ ਹੈ, ਮੁੱਦਤਾਂ ਤਕ ਮਾਰ ਧਾੜ ਅਤੇ ਵਾਟ-ਮਾਰੀ ਇਨ੍ਹਾਂ ਦਾ ਪੇਸ਼ਾ ਰਿਹਾ। ਮੁਗ਼ਲਾਂ ਦੇ ਜ਼ਵਾਲ ਤੇ ਅਹਿਮਦਸ਼ਾਹ (ਅਬਦਾਲੀ) ਦੇ ਧਾਵਿਆਂ ਨੇ ਇਨ੍ਹਾਂ ਨੂੰ ਸਿਰ ਚੁੱਕਣ ਦਾ ਮੌਕਾ ਦਿੱਤਾ। ਅਖ਼ੀਰ ਸਿੱਖਾਂ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ:

ਫਗਾਂ ਜ ਆਮਦੋਰਫਤ ਕਸ਼ੂਨ ਅਬਦਾਲੀ।
ਬਿਲੱਾ ਹੋਰ ਸਿਕੇ ਬਸ਼ਉਰ ਯਾ ਕਿਸਮਤ।
ਇਲਾਹੀ ਕਤਾ ਹਸਤੀ ਕੁਨ ਸਕਾਂ ਗਰਗ ਤਾਜਾ ਰਾ।
ਜਲਾ ਮਕਰਾਜ ਮੈਨ ਗੋਦਾਂ ਸਰਇਸ ਮੋਦਰਾਜਾਂ ਰਾ।
ਹਵਾਸਮ ਆਬਸ਼ੁਦ ਅਜ ਆਤਿਸ਼ੇ ਦੂਦੇ ਸਿਆ ਕਾਰਾਂ।
ਬਕੁੰਨ ਬੈਰੋਂ ਜ਼ ਪੰਜਾਬ ਈ ਸ਼ਰਾਰਿ ਫਿਤਨਾ ਸਾਜ਼ਾ ਰਾ।
ਜਹਾਂ ਦਰ ਚੁੰਗਲੇ ਮੁਰਦਾਰ ਖੋਰਾਂ ਨੇ ਸੀਯਾ ਆਮਦ।
ਖੁਦਾ ਵੰਦਿ ਬਗੀਂ ਅਜ਼ ਜ਼ਾਗਾਂ ਰਹਾਕੁਨ ਸ਼ਾਹ ਬਾਜ਼ਾ ਰਾ।
ਸਬੱਜਾ ਬਰ ਸੰਗ ਨਰਵੀਦ ਚੋ ਗੁਨਾਹ ਬਾਰਾਂ ਰਾ।

(ਅਬਦਾਲੀ ਦੇ ਲਸ਼ਕਰ ਦੀ ਆਵਾਜਾਈ ਤੋਂ ਰੱਬ ਬਚਾਵੇ। ਲਾਹੌਰ ਵਿਚ ਬੇਅਕਲ ਸਿੱਖ ਭਾਗਵਾਨ ਹੋ ਗਏ ਹਨ ਹੇ ਰੱਬ, ਬਘਿਆੜਾਂ ਨੂੰ ਨਸਾਉਣ ਵਾਲੇ ਇਨ੍ਹਾਂ ਕੁੱਤਿਆਂ ਦੀ ਹੋਂਦ ਖ਼ਤਮ ਕਰ ਦੇ। ਇਨ੍ਹਾਂ ਲੰਬੇ-ਵਾਲਾਂ ਵਾਲਿਆਂ ਦਾ ਸਿਰ ਕੈਂਚੀ ਨਾਲ ਨੇਸਤ ਕਰ ਦੇ। ਇਨ੍ਹਾਂ ਕਾਲੀ ਕਰਤੂਤ ਵਾਲਿਆਂ ਦੇ ਧੂੰ ਤੇ ਅੱਗ ਤੋਂ ਮੇਰੇ ਹਵਾਸ ਪਾਣੀ-ਪਾਣੀ ਹੋ ਗਏ ਹਨ। ਇਨ੍ਹਾਂ ਫ਼ਸਾਦੀ ਚਿੰਗਾੜੀਆਂ ਨੂੰ ਪੰਜਾਬ ਵਿੱਚੋਂ ਬਾਹਰ ਕਰ ਦੇ। ਜਹਾਨ ਕਾਲੇ ਮੁਰਦਾਰ ਖਾਣਿਆਂ ਦੇ ਹੱਥ ਆ ਗਿਆ ਹੈ। ਹੇ ਖੁਦਾਵੰਦ! ਇਨ੍ਹਾਂ ਕਾਵਾਂ ਕੋਲੋਂ ਸ਼ਾਹਬਾਜ਼ਾਂ ਨੂੰ ਛੁਟਕਾਰਾ ਦਿਵਾ ਦੇ।)

ਅੱਜ ਯਾਹੀਯਾ ਖ਼ਾਨ, ਬਹਾਦੁਰ ਸ਼ਾਹ, ਫਰੁਖਸੀਯਰ, ਜਹਾਂਦਾਰ ਖ਼ਾਨ, ਮੱਸਾ ਰੰਘੜ, ਮੀਰ ਮੰਨੂ ਜਾਂ ਲਖਪਤ ਤੇ ਜਸਪਤ ਭਰਾਵਾਂ ਦਾ ਡਰ ਵੀ ਨਹੀਂ। ਅੱਜ ਔਰਗਜ਼ੇਬ ਜਾਂ ਉਸ ਦੇ ਵਾਰਸਾਂ ਦੀ ਹਕੂਮਤ ਵੀ ਨਹੀਂ ਹੈ ਪਰ ਫਿਰ ਵੀ ਉਸ ਦੇ

ਦਿੱਤੇ ਹੁਕਮਾਂ ਦੀ ਤਾਮੀਲ ਕਰਕੇ ਆਪਣੇ ਹੀ ਚਿਹਰੇ ਨੂੰ ਮੁੰਨਣ ਵਾਲਾ ਕੀ ਗੁਰੂ ਦਾ ਸਿੱਖ ਹੈ ਜਾਂ ਫਿਰ ਔਰੰਗਜ਼ੇਬ ਦੀ ਰੂਹ ਦਾ ਵਾਰਸ ? ਇਸ ਗੱਲ ਦਾ ਫ਼ੈਸਲਾ ਤੈਨੂੰ ਕਰਨਾ ਪੈਣਾ ਹੈ। ਸਿੱਖ ਦਾ ਚਿਹਰਾ ਗੁਰੂ ਦੀ ਖਾਸ ਮੂਰਤ ਹੈ। ਸ਼ੀਸ਼ੇ ਵਿਚ ਦਿੱਸਣ ਵਾਲਾ ਚਿਹਰਾ ਗੁਰੂ ਦਾ ਹੈ ਤੇ ਤੂੰ ਗੁਰੂ ਤੋਂ ਬੇਮੁਖ ਹੋ ਕੇ ਨਾਈ ਦੇ ਸਨਮੁਖ ਹੋ ਗਿਆ ਹੈਂ। ਇਸ ਦੀ ਨਿਰਾਦਰੀ ਕਰਨ ਵਾਲੇ ਇਹ ਹੱਥ ਕਿਸ ਦੇ ਹਨ ? ਭਾਈ ਕੇਸਰ ਸਿੰਘ ਛਿੱਬਰ ਬੰਸਾਵਲੀ ਨਾਮਾ ਵਿਚ ਲਿਖਦੇ ਹਨ "ਨਾਈ ਦਾ ਹਥ ਸੀਸ ਚਿਹਰੇ ਨ ਲਗਣਾ ਪਾਵੇ, ਕੇਸਾਧਾਰੀ ਗੁਰੂ ਦਾ ਪਥ ਕਹਾਵੈ" ਸੁਟ ਦੇ ਸਾਹਿਬਾਂ ਦੇ ਕੜੇ ਵਾਲੇ ਹੱਥ ਵਿਚ ਫੜੀ ਕੈਂਚੀ, ਉਸਤਰ੍ਹਾਂ ਜਾਂ ਮੋਚਨਾ। ਭਾਈ ਨੰਦ ਲਾਲ ਜੀ ਫ਼ੁਰਮਾਂਦੇ ਹਨ, "ਮੰਰ ਜਾਣਾ ਹੈ ਸਦਾ ਨਹੀਂ ਰਹਣਾ। ਗੁਰੂ ਤੇ ਬੇਮੁਖ ਨਹੀਂ ਹੋਵਣਾ ਜਿਉਂ ਕਿਉਂ ਗੁਰੂ ਕੇ ਸਨਮੁਖ ਹੋਵਣਾ।" ਬਾਬੇ ਕਿਆਂ ਅਤੇ ਬਾਬਰ ਕਿਆਂ ਦੀ ਸ਼ੁਰੂ ਹੋਈ ਕਹਾਣੀ ਸਦੀਵੀਂ ਹੈ। ਤੈਨੂੰ ਦੋਨਾਂ 'ਚੋਂ ਇਕ ਪਾਸੇ ਹੋਣਾ ਪੈਣਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਚਨ ਯਾਦ ਰੱਖੀਂ:

ਜੇ ਅਪਨੇ ਗੁਰ ਤੇ ਮੁਖ ਫਿਰਹੈਂ॥
ਈਹਾਂ ਊਹਾਂ ਤਿਨ ਕੇ ਗ੍ਰਿਹ ਗਿਰ ਹੈਂ॥
ਇਹਾਂ ਉਪਹਾਸ ਨ ਸੁਰ ਪੁਰ ਬਾਸਾ॥
ਸਭ ਬਾਤਨ ਤੇ ਰਹੇ ਨਿਰਾਸਾ ॥੫॥...
ਬਾਬੇ ਕੇ ਬਾਬਰ ਕੇ ਦੋਊ॥
ਆਪ ਕਰੇ ਪਰਮੇਸਰ ਸੋਊ ॥...
ਜੋ ਬਾਬੇ ਕੋ ਦਾਮ ਨ ਦੈਹੈਂ॥
ਤਿਨ ਤੇ ਗਹਿ ਬਾਬਰ ਕੇ ਲੈਹੈਂ॥

(ਦਸਮ ਗ੍ਰੰਥ, ਪੰਨਾ ੭੧)

ਸਿੱਖ ਇਤਿਹਾਸ ਦਾ ਇਕ ਹੋਰ ਵਰਕਾ ਮੈਂ ਤੈਨੂੰ ਵਿਖਾਉਣਾ ਚਾਹੁੰਦਾ ਹਾਂ। ਅਬਦਾਲੀ ਦੇ ਹਮਲੇ ਸਮੇਂ ਹਾਲਾਤ ਐਸੇ ਬਣੇ ਕਿ ਪਟਿਆਲਾਪਤੀ ਮਹਾਰਾਜਾ ਆਲ੍ਹਾ ਸਿੰਘ ਅਬਦਾਲੀ ਦਾ ਮੁਕਾਬਲਾ ਨਾ ਕਰ ਸਕੇ ਅਤੇ ਅਬਦਾਲੀ ਨੇ ਆਲਾ ਸਿੰਘ ਨੂੰ ਕੇਸ ਕਟ ਕੇ ਪੇਸ਼ ਕਰਨ ਦਾ ਹੁਕਮ ਦਿੱਤਾ ਯਾ ਫਿਰ ਇਸ ਦੇ ਬਦਲੇ ਸਵਾ ਲੱਖ ਰੁਪਏ ਦਾ ਜੁਰਮਾਨਾ ਅਦਾ ਕਰਨ ਲਈ ਕਿਹਾ। ਬਾਬਾ ਆਲ੍ਹਾ ਸਿੰਘ ਨੇ ਕੇਸਾਂ ਦੇ ਬਦਲੇ ਅਬਦਾਲੀ ਨੂੰ ਅੱਜ ਤੋਂ ਢਾਈ ਸੋ ਸਾਲ ਪਹਿਲੇ ਸਵਾ ਲੱਖ ਰੁਪਏ ਜੁਰਮਾਨਾ ਅਦਾ ਕੀਤਾ, ਗੁਰੂ ਦੀ ਇਸ ਮੋਹਰ ਨੂੰ ਆਪਣੇ ਤੋਂ ਵੱਖ ਨਾ ਹੋਣ ਦਿੱਤਾ। ਤੇ ਤੂੰ ਹਜਾਮਤ ਕਰਵਾਉਣ ਲਈ ਪਲਿਊਂ ਨਾਈ ਨੂੰ ਸਵਾ ਰੁਪਿਆ ਦੇ ਕੇ ਉਸ ਦੀ ਚਿਰਮਚੀ ਵਿਚ ਆਪਣੀ ਅਸਲੀਅਤ ਲੱਭ ਰਿਹਾ ਹੈਂ। ਪਰ ਕੀ ਇਹ ਵੀ ਤ੍ਰਾਸਦੀ ਨਹੀਂ ਕਿ ਸਿੱਖ ਰਿਆਸਤਾਂ, ਜਿਨ੍ਹਾਂ ਦੇ ਵੱਡੇਰਿਆਂ ਨੇ ਸਿੱਖੀ ਕੇਸਾਂ-ਸਵਾਸਾਂ ਸੰਗ ਨਿਭਾਉਣ ਹਿਤ ਅਦੁੱਤੀ ਕੁਰਬਾਨੀਆਂ ਕੀਤੀਆਂ ਅਤੇ ਇਤਿਹਾਸ ਦੀ ਸਿਰਜਨਾ ਕੀਤੀ, ਅੱਜ ਉਹ ਆਪਣੇ ਇਤਿਹਾਸਕ ਫ਼ਰਜ਼ ਨੂੰ ਭੁੱਲ ਚੁੱਕੇ ਹਨ। ਸੋ ਦਰਹਕੀਕਤ ਇਹ ਖ਼ਤ

ਨਾਭਾ, ਪਟਿਆਲਾ, ਫ਼ਰੀਦਕੋਟ, ਜੀਂਦ, ਕਪੂਰਥਲਾ ਆਦਿ ਸਿੱਖ ਰਿਆਸਤਾਂ ਦੇ ਵਾਰਿਸ਼ਾਂ ਨੂੰ ਵੀ ਮੁਖਾਤਬ ਹੈ ਜੋ ਕਿ ਭਾਈ ਤਾਰੂ ਸਿੰਘ ਦੇ ਵੀ ਅਸਲੀ ਵਾਰਿਸ਼ ਹਨ। ਜੇਕਰ ਕੋਈ ਇਹ ਖ਼ਤ ਉਹਨਾਂ ਤਕ ਪੁਚਾ ਸਕੇ ਤਾਂ ਇਕ ਬਹੁਤ ਵੱਡੀ ਸੇਵਾ ਹੋਵੇਗੀ।

ਕਿਸੇ ਨੇ ਭਾਈ ਜੋਧ ਸਿੰਘ ਨੂੰ ਪੁੱਛਿਆ ਸੀ ਕਿ ਬੱਚੇ ਨੂੰ ਧਰਮ ਦੀ ਸਿੱਖਿਆ ਕਿਸ ਉਮਰ ਵਿਚ ਦੇਣੀ ਚਾਹੀਦੀ ਹੈ ? ਭਾਈ ਸਾਹਿਬ ਨੇ ਬਹੁਤ ਸੁੰਦਰ ਜਵਾਬ ਦਿੱਤਾ ਸੀ ਕਿ ਬੱਚੇ ਦੇ ਜਨਮ ਤੋਂ ਵੀਹ ਸਾਲ ਪਹਿਲੇ। ਇਹ ਗੱਲ ਬਿਲਕੁਲ ਦਰੁਸਤ ਹੈ ਕਿ ਜਿਸ ਬੱਚੇ ਨੂੰ ਉਸ ਦੀ ਮਾਂ, ਨਾਨੀ ਜਾਂ ਦਾਦੀ ਸ਼ਹੀਦਾਂ ਦੀਆਂ ਸਾਖੀਆਂ ਸੁਣਾਏਗੀ, ਅਪਵਾਦ ਛੱਡ ਉਸ ਦੀ ਆਉਣ ਵਾਲੀ ਪੀੜ੍ਹੀ ਸੁਰੱਖਿਅਤ ਹੋਵੇਗੀ। ਹੁਣ ਦੀ ਤਾਂ ਗੱਲ ਹੀ ਛੱਡ ਦਈਏ, ਅੱਜ ਤੋਂ ਤਕਰੀਬਨ ਸੱਤਰ ਸਾਲ ਪਹਿਲਾਂ ਅਕਬਰ ਅਲਾਹਬਾਦੀ ਨੇ ਅਫ਼ਸੋਸ ਪ੍ਰਗਟ ਕੀਤਾ ਸੀ :

ਤਿਫਲ ਮੇਂ ਬੂ ਆਏ ਕਹਾਂ ਮਾਂ ਬਾਪ ਕੇ ਕਿਰਦਾਰ ਕੀ।
ਦੂਧ ਡੱਬੇ ਕਾ ਮਿਲਾ ਤਾਲੀਮ ਹੈ ਸਰਕਾਰ ਕੀ।

ਚੱਲ ਤੂੰ ਗੁਰੂ ਦੀ ਗੱਲ ਨਹੀਂ ਮੰਨਦਾ ਤਾਂ ਤੇਰੇ ਭਾਗ ਪਰ ਕੀ ਤੂੰ ਕਦੀ ਸੋਚਿਆ ਹੈ ਕਿ ਏਡਜ਼ ਦੇ ਨਾਮ ਤੋਂ ਤਰਾਹੀ ਹੋਈ ਸਾਰੀ ਦੁਨੀਆਂ ਟੀਕੇ ਲਵਾਣ ਲਈ ਨਵੇਂ ਸਰਿੰਜ ਮੰਗਦੀ ਹੈ ਅਤੇ ਤੂੰ ਆਪਣਾ ਹੀ ਦੁਸ਼ਮਣ ਬਣਿਆ ਹੋਇਆ ਆਪਣਾ ਮੂੰਹ-ਸਿਰ ਨਾਈ ਦੇ ਉਸ ਇਨਫੈਕਸ਼ਨ ਭਰੇ ਉਸਤਰ ਥੱਲੇ ਕਰ ਦਿੰਦਾ ਹੈਂ ਜੋ ਕਈਆਂ ਦੇ ਫੋੜੇ-ਫਿਨਸੀਆਂ, ਮਾਸ, ਮਿੱਝ ਅਤੇ ਖ਼ੂਨ ਵਿਚ ਤਰ ਹੋਇਆ ਹੁੰਦਾ ਹੈ। ਤੂੰ ਉਸ ਨਾਈ ਦੀ ਚਿਰਮਚੀ ਵਿਚ ਆਪਣਾ ਅਸਲ ਚਿਹਰਾ ਲੱਭਣਾ ਚਾਹੁੰਦਾ ਹੈਂ ?

ਇਕ ਹੋਰ ਮਸਲੇ ਬਾਰੇ ਅੱਜ ਸਾਰਾ ਸੰਸਾਰ ਧਿਆਨ ਕੇਂਦ੍ਰਿਤ ਕਰ ਰਿਹਾ ਹੈ ਕਿ ਕਾਨੂੰਨ-ਇ-ਕੁਦਰਤ ਦੇ ਨਿਜ਼ਾਮ ਦਾ ਤਵਾਜਨ ਕਾਇਮ ਰੱਖਿਆ ਜਾਵੇ। ਇਸ ਲਈ ਹਰ ਪੱਧਰ ’ਤੇ ਕੋਸ਼ਿਸ਼ ਹੋ ਰਹੀ ਹੈ ਕਿ ਪਸ਼ੂ-ਪੰਛੀਆਂ, ਨਦੀਆਂ-ਪਹਾੜਾਂ, ਜੰਗਲਾਤ ਅਤੇ ਕੁਦਰਤ ਦੇ ਸੋਮਿਆਂ ਨੂੰ ਬਰਕਰਾਰ ਰੱਖਿਆ ਜਾਵੇ। ਇਕ ਬੱਬਰ ਸ਼ੇਰ ਦੇ ਚਿਹਰੇ ਨੂੰ ਜੇਕਰ ਮੁੰਨ ਦਿੱਤਾ ਜਾਵੇ ਤਾਂ ਉਸ ਦੀ ਸ਼ਕਲ ਕਿਸ ਤਰ੍ਹਾਂ ਦੀ ਹੋ ਜਾਵੇਗੀ ? ਸਾਇੰਸਦਾਨ ਇਸ ਗੱਲ ਦਾ ਉਪਰਾਲਾ ਕਰਦੇ ਹਨ ਕਿ ਕੁਦਰਤ ਦਾ ਹਰ ਅੰਗ ਅਤੇ ਮਾਹੌਲੀਅਤ ਨੂੰ ਉਸ ਦੇ ਮੂਲ ਰੰਗ ਰੂਪ ਅਤੇ ਮੁੱਢ ਰੂਪ ਵਿਚ ਹੀ ਕਾਇਮ ਰੱਖਿਆ ਜਾਵੇ ਪਰ ਜਦੋਂ ਕਾਦਰ ਦੇ ਆਪਣੇ ਰੂਪ ਅਤੇ ਉਸ ਦੀ ਸਭ ਤੋਂ ਸ੍ਰੇਸ਼ਟ ਕਿਰਤ ਇਨਸਾਨ ਦੀ ਗੱਲ ਆਉਂਦੀ ਹੈ ਤਾਂ ਸਾਰਾ ਜ਼ੋਰ ਇਸ ਦੇ ‘ਹੁਸਨਲ ਜਮਾਲ’ ਅਤੇ ‘ਸੁੰਦਰ ਸਰੂਪ’ ਨੂੰ ਵਿਗਾੜਨ ’ਤੇ ਲਾ ਦਿੰਦੇ ਹਨ।

ਇੱਕ ਹੋਰ ਵਾਰਤਾ ਮੈਂ ਤੇਰੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ। ਮਸੀਹੀ ਧਰਮ ਦੀ ਪਵਿੱਤਰ ਪੁਸਤਕ ਅੰਜੀਲ ਦੇ ਜੱਜਾਂ (Judges) ਵਾਲੇ ਅਧਿਆਇ ਵਿਚ ਇੱਕ ਕਥਾ ਅੰਕਤ ਹੈ ਕਿ ਰੱਬ ਨੇ ਖ਼ਾਸ ਆਪਣਾ ਰੂਪ ਅਤੇ ਸ਼ਕਤੀ ਦੇ ਕੇ ਸੈਮਸਨ ਨੂੰ ਸੰਸਾਰ ਵਿਚ ਭੇਜਿਆ ਅਤੇ ਉਚੇਚਾ ਹੁਕਮ ਕੀਤਾ ਕਿ ਤੂੰ ਕੇਸ ਨਾ ਕਟਾਈਂ, ਦਾਹੜੀ

ਪੂਰੀ ਰੱਖੀ ਅਤੇ ਸ਼ਰਾਬ ਤੋਂ ਦੂਰ ਰਹੀ। ਸੈਮਸਨ ਪ੍ਰਮਾਤਮਾ ਤੋਂ ਪ੍ਰਾਪਤ ਸ਼ਕਤੀ ਕਰਕੇ ਅਸੀਮ ਤਾਕਤ ਦਾ ਮਾਲਕ ਸੀ ਅਤੇ ਉਸ ਨੇ ਖਾਲੀ ਹੱਥਾਂ ਨਾਲ ਹੀ ਇੱਕ ਸ਼ੇਰ ਨੂੰ ਮਾਰ ਦਿੱਤਾ ਸੀ। ਫ਼ਿਲਸਤੀਨੀ ਉਸ ਨੂੰ ਕਾਬੂ ਕਰਨ ਵਿਚ ਨਾਕਾਮ ਰਹੇ। ਆਖ਼ਿਰ ਇੱਕ ਸਾਜ਼ਿਸ਼ ਤਹਿਤ ਦੁਸ਼ਮਣ ਵੱਲੋਂ ਭੇਜੀ ਸੋਰੇਕ ਇਲਾਕੇ ਦੀ ਇੱਕ ਡਲਾਇਲਾ ਨਾਮ ਦੀ ਫ਼ਿਲਸਤੀਨੀ ਕੁੜੀ ਨੇ ਉਸ ਨੂੰ ਆਪਣੇ ਝੂਠੇ ਪਿਆਰ ਦੇ ਜਾਲ ਵਿਚ ਫਸਾ ਕੇ ਉਸ ਦੀ ਅਗੰਮੀ ਸ਼ਕਤੀ ਦਾ ਰਾਜ਼ ਪਤਾ ਕਰ ਲਿਆ ਕਿ ਸੈਮਸਨ ਦੀ ਤਾਕਤ ਉਸ ਦੇ ਸਾਬਤ ਸੂਰਤ ਸਰੂਪ ਵਾਲੇ ਕੇਸਾਂ ਵਿਚ ਸੀ। ਡਲਾਇਲਾ ਨੇ ਇੱਕ ਵਾਰ ਸੁੱਤੇ ਪਏ ਸੈਮਸਨ ਦੇ ਵਾਲ ਕਟਵਾ ਦਿੱਤੇ। ਸੈਮਸਨ ਦੀ ਸਾਰੀ ਸ਼ਕਤੀ ਜਾਂਦੀ ਰਹੀ ਕਿਉਂਕਿ ਉਸ ਦੇ ਕੇਸ ਕੱਟ ਦਿੱਤੇ ਜਾਣ ਦੇ ਬਾਅਦ ਰੱਬ ਨੇ ਉਸ ਨੂੰ ਛੱਡ ਦਿੱਤਾ ਅਤੇ ਉਹ ਆਪਣੇ ਦੁਸ਼ਮਣਾਂ ਦੇ ਕਾਬੂ ਆ ਗਿਆ। ਫ਼ਿਲਸਤੀਨੀਆਂ ਨੇ ਬੰਦਾ ਬਹਾਦੁਰ ਦੀ ਤਰ੍ਹਾਂ ਸੈਮਸਨ ਦੀਆਂ ਅੱਖਾਂ ਕੱਢ ਕੇ ਉਸ ਨੂੰ ਤਾਂਬੇ ਦੇ ਸੰਗਲਾਂ ਨਾਲ ਬੰਨ ਦਿੱਤਾ। ਇਸ ਵਾਰਤਾ ਦਾ ਮੂਲ ਪਾਠ ਬਾਈਬਲ ਦੇ Old Testament ਵਿਚ ਇਸ ਤਰ੍ਹਾਂ ਅੰਕਤ ਹੈ :

So she said to him, "How can you say you love me, when you don't mean it ? You 've made a fool of me three times and you still haven't told me what makes you so strong." She kept on asking him day after day. He got so sick and tired of her nagging him about it that he finally told her the truth. "My hair has never been cut." He said I have been dedicated to God as a Naziritie from the time I was born. If my hair were cut, I would lose my strength and be as weak as anybody else." Delilah Lulled Samson to sleep in her lap and then called a man, who cut off Samson's seven locks of hair. Then she began to torment him, for he had lost his strength. Then she shouted "Samson ! The Philistines are coming !" He woke up and thought, "I'll get loose and be free, as always." He did not know that the Lord had left him. Philistines captured him and put his eyes out. They took him to Gaza, chained him with bronze chains.

(ਇਸ ਲਈ ਡਲਾਇਲਾ ਨੇ ਸੈਮਸਨ ਨੂੰ ਕਿਹਾ , 'ਤੂੰ ਕਿਵੇਂ ਕਹਿ ਸਕਦਾ ਹੈ ਕਿ ਤੂੰ ਮੈਨੂੰ ਪਿਆਰ ਕਰਦਾ ਹੈਂ ? ਜਦੋਂ ਕਿ ਅਜਿਹਾ ਬਿਲਕੁਲ ਨਹੀਂ ਹੈ। ਤੂੰ ਮੈਨੂੰ ਤਿੰਨ ਵਾਰ ਮੂਰਖ ਬਣਾ ਚੁੱਕਾ ਹੈਂ ਤੇ ਤੂੰ ਹਾਲੇ ਤਕ ਮੈਨੂੰ ਇਹ ਨਹੀਂ ਦੱਸਿਆ ਕਿ ਤੇਰੀ ਸ਼ਕਤੀ ਦਾ ਰਾਜ਼ ਕੀ ਹੈ ? ਉਹ ਹਰ ਦਿਨ ਇਹੀ ਸਵਾਲ ਕਰਦੀ ਰਹੀ। ਉਸ ਦੇ ਤਾਨ੍ਹਿਆਂ ਤੋਂ ਤੰਗ ਆ ਕੇ ਆਖ਼ਿਰ ਸੈਮਸਨ ਨੇ ਉਸ ਨੂੰ ਇਹ ਸੱਚ ਦੱਸ ਦਿੱਤਾ, 'ਮੇਰੇ ਕੇਸ ਕਦੇ ਵੀ ਨਹੀਂ ਕੱਟੇ ਹੋਏ, ਮੈਂ ਜਨਮ ਤੋਂ ਹੀ ਰੱਬ ਨੂੰ ਸਮਰਪਤ

ਹਾਂ। ਜੇਕਰ ਮੇਰੇ ਕੇਸ ਕੱਟ ਦਿੱਤੇ ਗਏ ਤਾਂ ਮੈਂ ਆਪਣੀ ਸਾਰੀ ਤਾਕਤ ਗੁਆ ਬੈਠਾਂਗਾ ਅਤੇ ਆਮ ਇਨਸਾਨਾ ਵਰਗਾ ਹੋ ਜਾਵਾਂਗਾ। ਡਲਾਇਲਾ ਨੇ ਸੈਮਸਨ ਨੂੰ ਆਪਣੇ ਆਗੋਸ਼ ਵਿਚ ਸੁਵਾਂ ਕੇ ਉਸ ਦੀਆਂ ਸੱਤ ਲਿੱਟਾਂ ਕਟਵਾ ਦਿੱਤੀਆਂ। ਫਿਰ ਡਲਾਇਲਾ ਨੇ ਸੈਮਸਨ ਨੂੰ ਮਿਹਣੇ ਦੇਣੇ ਸ਼ੁਰੂ ਕਰ ਦਿੱਤੇ ਉਸ ਦੀ ਸਾਰੀ ਤਾਕਤ ਖ਼ਤਮ ਹੋ ਗਈ ਹੈ। ਉਸ ਨੇ ਉੱਚੀ ਆਵਾਜ਼ ਵਿਚ ਕਿਹਾ, 'ਸੈਮਸਨ! ਫ਼ਿਲਸਤੀਨੀ ਆ ਗਏ ਹਨ;' ਸੈਮਸਨ ਜਾਗਿਆ ਅਤੇ ਉਸ ਨੇ ਸੋਚਿਆ ਕਿ ਹਮੇਸ਼ਾਂ ਦੀ ਤਰ੍ਹਾਂ ਇਸ ਵਾਰ ਵੀ ਉਹ ਆਜ਼ਾਦ ਹੋ ਜਾਏਗਾ ਪਰ ਉਹ ਇਹ ਨਹੀਂ ਸੀ ਜਾਣਦਾ ਕਿ ਰੱਬ ਉਸ ਨੂੰ ਛੱਡ ਚੁੱਕਾ ਹੈ। ਫ਼ਿਸਲਤੀਨੀਆਂ ਨੇ ਉਸ ਨੂੰ ਫੜ ਕੇ ਉਸ ਦੀਆਂ ਅੱਖਾਂ ਕੱਢ ਦਿੱਤੀਆਂ ਅਤੇ ਸੰਗਲਾਂ ਨਾਲ ਬੰਨ ਕੇ ਉਸ ਨੂੰ ਗਾਜ਼ਾ ਲੈ ਗਏ।)

ਕੁਝ ਦਿਨਾਂ ਬਆਦ ਸੈਮਸਨ ਨੂੰ ਗਾਜ਼ਾ ਵਿਚ ਫ਼ਿਲਸਤੀਨੀਆਂ ਦੀ ਧਾਰਮਿਕ ਅਦਾਲਤ ਦੱਗਾਨ ਵਿਚ ਖੰਬੇ ਨਾਲ ਬੰਨਿਆ ਗਿਆ। ਇਸ ਅਦਾਲਤ ਵਿਚ ਫ਼ਿਲਸਤੀਨੀਆਂ ਦੇ ਪੰਜ ਬਾਦਸ਼ਾਹ ਮੌਜੂਦ ਸਨ ਪਰ ਉਹ ਭੁੱਲ ਗਏ ਕਿ ਕੁਝ ਦਿਨ ਕੈਦ ਵਿਚ ਰਹਿਣ ਦੌਰਾਨ ਸੈਮਸਨ ਦੇ ਕੁਝ-ਕੁਝ ਵਾਲ ਫਿਰ ਉੱਗ ਪਏ ਸਨ, ਜਿਸ ਨਾਲ ਉਸ ਦੀ ਗਵਾਚੀ ਹੋਈ ਕੁਝ ਤਾਕਤ ਫਿਰ ਵਾਪਸ ਮੁੜ ਆਈ ਸੀ। ਦੋ ਥੰਮਾਂ ਦੇ ਵਿਚਕਾਰ ਖੜੇ ਸੈਮਸਨ ਨੇ ਇਤਨੇ ਜ਼ੋਰ ਨਾਲ ਉਨ੍ਹਾਂ ਖੰਬਿਆਂ ਨੂੰ ਧੱਕਾ ਦਿੱਤਾ ਕਿ ਸਾਰੀ ਇਮਾਰਤ ਤਾਸ਼ ਦੇ ਮਹਿਲ ਦੀ ਤਰ੍ਹਾਂ ਥੱਲੇ ਆ ਪਈ ਅਤੇ ਸਾਰੇ ਉਸ ਹੇਠ ਆ ਕੇ ਦੱਬੇ ਗਏ। ਹੁਣ ਸੈਮਸਨ ਡਲਾਇਲਾ ਦੀ ਇਹ ਕਹਾਣੀ ਹੋਰ ਗੱਲਾਂ ਤੋਂ ਇਲਾਵਾ ਇੱਕ ਸੁਨੇਹਾ ਤਾਂ ਇਹ ਦਿੰਦੀ ਹੈ ਕਿ ਇਨਸਾਨ ਨੂੰ 'ਇਸ਼ਕੇ ਹਕੀਕੀ' ਤੋਂ ਤੋੜ ਕੇ 'ਇਸ਼ਕੇ ਮਜਾਜ਼ੀ' ਦੇ ਕੁਰਾਹੇ ਪਾ ਕੇ ਆਪਣੇ ਧਰਮ ਤੋਂ ਪਤਿਤ ਕਰਨ ਵਿਚ ਕਈ ਵਾਰ ਇਹ 'ਡਲਾਇਲਾ' ਬੜੀ ਹੀ ਪ੍ਰਭਾਵਸ਼ਾਲੀ ਭੂਮਿਕਾ ਅਦਾ ਕਰਦੀ ਹੈ ਪਰ ਦੂਸਰੇ ਪਾਸੇ ਅਹਿਮ ਅਤੇ ਗੰਭੀਰ ਨਤੀਜਾ ਇਹ ਹੈ ਕਿ ਈਸਾਈ ਆਪਣੀ ਧਰਮ ਪੁਸਤਕ ਬਾਈਬਲ ਦੀ ਇਸ ਗਾਥਾ ਨੂੰ ਰੱਬੀ ਸੱਚ ਸਮਝਦੇ ਹਨ ਅਤੇ ਮੰਨਦੇ ਹਨ ਕਿ ਰੱਬ ਨੇ ਆਪਣਾ ਸਰੂਪ ਦੇ ਕੇ ਸੈਮਸਨ ਨੂੰ ਇਸ ਸੰਸਾਰ ਵਿਚ ਭੇਜਿਆ। ਇਹ ਪਾਵਨ ਸਰੀਰ ਰੱਬ ਦਾ ਟਿਕਾਣਾ ਹੈ ਅਤੇ ਬਾਈਬਲ ਇਹ ਨਸੀਹਤ ਵੀ ਦਿੰਦੀ ਹੈ ਕਿ ਕੇਸ ਕੱਟ ਦਿੱਤੇ ਜਾਣ ਦੇ ਬਾਅਦ ਰੱਬ ਇਨਸਾਨ ਨੂੰ ਛੱਡ ਦਿੰਦਾ ਹੈ। ਹਜ਼ਰਤ ਈਸਾ ਮਸੀਹ ਦੇ ਕਰੀਬੀ ਸਾਥੀ ਵੀ ਸਾਰੇ ਦੇ ਸਾਰੇ ਕੇਸਾਧਾਰੀ ਸਨ। ਈਸਾਈਆਂ ਦੇ ਤਸੱਵਰ ਦਾ ਰੱਬ ਵੀ ਸਾਬਤ-ਸੂਰਤ ਹੀ ਹੈ ਅਤੇ ਹਜ਼ਰਤ ਈਸਾ ਮਸੀਹ ਦਾ ਸਰੂਪ ਵੀ ਆਪਣੇ ਪਰਮ ਪਿਤਾ ਵਰਗਾ ਹੀ ਹੈ। ਪੁੱਤਰ ਦਾ ਚਿਹਰਾ ਪਿਤਾ ਵਰਗਾ ਹੀ ਸੋਭਦਾ ਹੈ ਪਰ ਇਹ ਪਤਾ ਨਹੀਂ ਲੱਗਾ ਕਿ ਈਸਾਈਆਂ ਨੇ ਹਜ਼ਰਤ ਸੈਮਸਨ ਅਤੇ ਹਜ਼ਰਤ ਈਸਾ ਮਸੀਹ ਵਰਗੇ ਰੱਬੀ ਸਰੂਪ ਦਾ ਤਿਆਗ ਕਿਉਂ ਅਤੇ ਕਦੋਂ ਤੋਂ ਕਰਨਾ ਅਰੰਭਿਆ ?

ਕੀ ਇਹ ਗੱਲ ਸਹੀ ਨਹੀਂ ਹੈ ਕਿ ਕਿਸੇ ਪਿਆਰੇ ਜਾਂ ਮੁਰਸ਼ਦ ਨੂੰ ਭੇਂਟ ਵਿਚ ਹਮੇਸ਼ਾਂ ਸਾਬਤ ਵਸਤੂ ਹੀ ਦਿੱਤੀ ਜਾਂਦੀ ਹੈ, ਜੇ ਕਰ ਕੋਈ ਚੀਜ਼ ਟੁੱਟ ਜਾਵੇ ਜਾਂ

ਉਸ ਵਿਚ ਤਰੇੜ ਆ ਜਾਵੇ ਤਾਂ ਉਹ ਭੇਟ ਕਰਨ ਦੇ ਕਾਬਲ ਨਹੀਂ ਮੰਨੀ ਜਾਂਦੀ। ਤਾਂ ਫਿਰ ਤੂੰ ਕੀ ਮੰਨ ਸਕਦਾ ਹੈਂ ਕਿ ਬਾਬਾ ਜੀ ਦੇ ਦਰ 'ਤੇ ਤੇਰੀ ਟੁੱਟੀ ਭੱਜੀ ਸੂਰਤ ਪ੍ਰਵਾਨ ਹੋ ਜਾਵੇਗੀ?

ਕਲਗੀਧਰ ਪਿਤਾ ਨੇ ਤੈਨੂੰ ਨਕਲੀ ਨਹੀਂ ਅਸਲੀ ਬਣਾਉਣਾ ਚਾਹਿਆ ਹੈ। ਗੁਰੂ ਸਾਹਿਬ ਨੇ ਇੱਕ ਵਾਰ ਇੱਕ ਖੋਤੇ ਦੇ ਉੱਤੇ ਸ਼ੇਰ ਦੀ ਖੱਲ ਪਾ ਕੇ ਛੱਡ ਦਿੱਤਾ। ਸਾਰੇ ਹੀ ਉਸ ਨੂੰ ਵੇਖ ਕੇ ਭੈਭੀਤ ਹੋਏ, ਉਸ ਦੇ ਰਾਹ ਤੋਂ ਭੱਜਣ ਲੱਗੇ। ਕਈ ਦਿਨ ਉਸ ਦਾ ਝੂਠਾ ਰੋਹਬ ਚਲਦਾ ਰਿਹਾ। ਪਰ ਇੱਕ ਦਿਨ ਆਪਣੇ ਸਾਥੀਆਂ ਦੀ ਮਧੁਰ ਆਵਾਜ਼ ਸੁਣ ਕੇ ਉਹ ਵੀ ਹਿਣਕ ਪਿਆ। ਕਲਗੀਧਰ ਪਿਤਾ ਨੇ ਇਹ ਕੌਤਕ ਕਰਕੇ ਬਚਨ ਕੀਤਾ ਕਿ ਤੁਸੀਂ ਵੀ ਸਿੰਘ ਨਾਮ ਧਰ ਕੇ ਕੇਸਾਧਾਰੀ ਸਰੂਪ ਰੱਖ ਕੇ ਸਹੀ ਮਾਇਨੇ ਵਿਚ ਸਿੱਖ ਬਣਨਾ, ਇਸ ਵਰਗੇ ਨਹੀਂ:

ਯਾ ਤੇ ਸ੍ਰੀ ਅਕਾਲ ਕੇ ਬਾਣਾ।
ਦੇ, ਮੈਂ ਕੀਨੇ ਸਿੰਘ ਸੁਜਾਣਾ।
ਇਸ ਕੇ ਧਰੇ ਸਦਾ ਸੁਖ ਹੋਈ।
ਤਯਾਗੇ ਦੋਨੋਂ ਲੋਕ ਨ ਢੋਈ।

ਸੋ ਖਾਲਸੇ ਦਾ ਹੁਸਨਲ ਜਮਾਲ, ਨਿਹਕਲੰਕੀ ਸਰੂਪ ਵਾਲਾ ਇਹ ਰੱਬੀ ਸਰੂਪ ਵਾਲਾ ਬਾਣਾ ਸਤਿ ਸ੍ਰੀ ਅਕਾਲ ਪੁਰਖ ਜੀ ਦਾ ਆਪਣਾ ਬਾਣਾ ਹੈ, ਜਿਸ ਬਾਰੇ ਸਾਹਿਬ ਗੁਰੂ ਨਾਨਕ ਸਾਹਿਬ ਜੀ ਨੇ ਵਡਹੰਸ ਰਾਗ ਵਿਚ ਬਿਆਨ ਕੀਤਾ ਹੈ:

ਬਿਨਵੰਤਿ ਨਾਨਕੁ ਜਾਇ ਸਹਸਾ ਬੁਝੈ ਗੁਰ ਬੀਚਾਰਾ॥
ਵਡਾ ਸਾਹਿਬੁ ਹੈ ਆਪਿ ਅਲਖ ਅਪਾਰਾ ॥੬॥
ਤੇਰੇ ਬੰਕੇ ਲੋਇਣ ਦੰਤ ਰੀਸਾਲਾ॥
ਸੋਹਣੇ ਨਕ ਜਿਨ ਲੰਮੜੇ ਵਾਲਾ॥ (ਪੰਨਾ ੫੬੭)

ਅੰਗ੍ਰੇਜ਼ੀ ਦੇ ਮਸ਼ਹੂਰ ਲਿਖਾਰੀ ਮਾਰਕ ਟਵੇਨ ਨੇ ਵੀ ਕਿਹਾ ਹੈ ਕਿ ਦਾਹੜੇ ਨਾਲ ਮਨੁੱਖ ਮਰਦ ਤੋਂ ਵੱਧ ਅਤੇ ਬਿਨਾ ਦਾਹੜੇ ਤੋਂ ਮਰਦ ਨਾਲੋਂ ਘਟ ਨਜ਼ਰ ਆਂਦਾ ਹੈ।

ਤਕਰੀਬਨ ਇੱਕ ਹਜ਼ਾਰ ਸਾਲ ਪਹਿਲਾਂ ਗਜ਼ਨੀ ਤੋਂ ਅਲਬਰੂਨੀ ਹਿੰਦੁਸਤਾਨ ਆਇਆ। ਉਸ ਨੇ ਆਪਣੀ ਸੰਸਾਰ ਪ੍ਰਸਿੱਧ ਪੁਸਤਕ 'ਅਲ-ਹਿੰਦ' ਵਿਚ ਭਾਰਤ ਵਾਸੀਆਂ ਦੇ ਕੇਸਾਧਾਰੀ ਹੋਣ ਦੀ ਗਵਾਹੀ ਦਿੱਤੀ ਹੈ, "ਇਹ ਲੋਕ ਸਰੀਰ ਦੇ ਵਾਲ ਨਹੀਂ ਮੁਨਵਾਉਂਦੇ ਅਤੇ ਸਿਰ ਦੇ ਵਾਲ ਨਾ ਕਟਾਉਣ ਤੋਂ ਉਨ੍ਹਾਂ ਦਾ ਉਦੇਸ਼ ਗਰਮੀ ਦੇ ਪ੍ਰਭਾਵ ਤੋਂ ਬਚਣਾ ਸੀ। ਦਾਹੜੀ ਦੇ ਵਾਲਾਂ ਨੂੰ ਬਚਾਉਣ ਲਈ ਉਹ ਉਨ੍ਹਾਂ ਨੂੰ ਗੁੰਦ ਲੈਂਦੇ ਸਨ।"

ਹਾਲਾਂ ਕਿ ਹਿੰਦੂ ਧਰਮ ਸਾਸਤ੍ਰਾਂ ਮੁਤਾਬਿਕ ਕੇਸ ਰੱਖਣ ਦਾ ਨਿਯਮ ਤੇ ਵਿਧਾਨ ਸੀ। ਕੋਈ ਬਹੁਤ ਵੱਡਾ ਗੁਨਾਹ ਕਰਨ ਬਦਲੇ ਕੇਸ ਕੱਟਣ ਦੀ ਸਜ਼ਾ ਸ਼ਾਸਤ੍ਰਾਂ ਮੁਤਾਬਿਕ ਦਿੱਤੀ ਜਾਂਦੀ ਸੀ ਪਰ ਬਾਅਦ ਵਿਚ ਮੁਗ਼ਲਾਂ ਦੇ ਹੁਕਮ ਥੱਲੇ ਹਿੰਦੁਸਤਾਨੀਆਂ ਨੇ ਕੇਸਾਂ ਨੂੰ ਤਿਲਾਂਜਲੀ ਦਿੱਤੀ।

ਅੱਜ ਵੀ ਯਹੂਦੀ ਆਪਣਾ ਸਿਰ ਹਮੇਸ਼ਾਂ ਯਾਮੂਕਾ (Yarmulkas) ਨਾਲ ਢੱਕ ਕੇ ਰੱਖਦੇ ਹਨ ਕਿਉਂਕਿ ਉਹ ਸਮਝਦੇ ਹਨ ਕਿ ਪਰਮਾਤਮਾ ਹਰ ਸਮੇਂ ਉਨ੍ਹਾਂ ਦੇ ਅੰਗ-ਸੰਗ ਹੈ ਅਤੇ ਆਪਣੇ ਇਸ਼ਟ ਦੇ ਸਾਹਮਣੇ ਨੰਗੇ ਸਿਰ ਰਹਿਣਾ ਬੇਅਦਬੀ ਹੈ।

ਤੂੰ ਇੱਕ ਗੱਲ ਵੱਲ ਧਿਆਨ ਦੇਈਂ ਕਿ ਸਾਰੇ ਹੀ ਧਰਮਾਂ ਦੇ ਬਾਨੀ ਅਤੇ ਅਲੰਬਰਦਾਰ ਕੇਸਾਧਾਰੀ ਹੋਏ ਹਨ ਪਰ ਇਹ ਕੇਵਲ ਕੇਸਾਧਾਰੀ ਸਿੱਖ ਹੀ ਹੈ, ਜਿਸ ਨੇ ਅਕਾਲ ਪੁਰਖ ਦੀ ਹੁਕਮ ਰਜ਼ਾ ਅਤੇ ਆਪਣੇ ਇਸ਼ਟ ਦੀਆਂ ਪਰੰਪਰਾਵਾਂ ਅਤੇ ਭਾਵਨਾਵਾਂ ਨੂੰ ਅੱਗੇ ਤੋਰਿਆ ਹੈ ਅਤੇ ਆਪਣੇ ਮੁਰਸ਼ਦ ਨੂੰ ਨਿਰਾਸ਼ ਨਹੀਂ ਕੀਤਾ। ਸਾਬਤ ਸੂਰਤ ਹੋਣ ਦੀ ਮਹੱਤਤਾ ਇਸ ਗੱਲ ਤੋਂ ਵੀ ਜ਼ਾਹਿਰ ਹੁੰਦੀ ਹੈ ਕਿ ਜੇਕਰ ਕਿਸੇ ਦੇਹਧਾਰੀ ਨੇ ਵੀ ਆਪਣਾ ਗੁਰੂ-ਡੰਮ ਤੋਰਨਾ ਹੈ ਤਾਂ ਉਸ ਨੂੰ ਵੀ ਆਪਣੀ ਮੁੰਨੀ ਹੋਈ ਦਾੜ੍ਹੀ ਵਾਲੀਆਂ ਤਸਵੀਰਾਂ ਦੀ ਥਾਵੇਂ ਸਾਬਤ ਸੂਰਤ ਸਰੂਪ ਨੂੰ ਹੀ ਬਾਜ਼ਾਰ ਵਿਚ ਪੇਸ਼ ਕਰਨਾ ਪੈਂਦਾ ਹੈ।

ਰਾਮ ਚੰਦਰ ਜੀ ਜਦੋਂ ਲੰਕਾ ਤੋਂ ਵਾਪਸ ਅਯੋਧਿਆ ਆਏ ਤਾਂ ਉਨ੍ਹਾਂ ਦੇ ਕੇਸਾਧਾਰੀ ਸਰੂਪ ਦਾ ਵਰਨਣ ਕਲਗੀਧਰ ਪਿਤਾ ਨੇ ਬਹੁਤ ਹੀ ਕਲਾਤਮਕ ਢੰਗ ਨਾਲ ਕੀਤਾ ਹੈ। ਆਪ ਜੀ ਫ਼ੁਰਮਾਂਦੇ ਹਨ ਕਿ ਸੀਤਾ ਪਤੀ ਦੀਆਂ ਖ਼ੂਬਸੂਰਤ ਜ਼ੁਲਫਾਂ ਕਾਲੇ ਨਾਗਾਂ ਵਰਗੀਆਂ ਹਨ।.....ਭਰਤ ਨੇ ਰਾਮ ਜੀ ਦੇ ਪੈਰਾਂ 'ਤੇ ਸੀਸ ਰੱਖਿਆ ਅਤੇ ਫਿਰ ਆਪਣੀਆਂ ਜਟਾਵਾਂ ਨਾਲ ਰਾਮ ਦੇ ਪੈਰਾਂ 'ਤੇ ਪਈ ਧੂੜ ਝਾੜੀ। ਕਲਗੀਧਰ ਪਿਤਾ ਫ਼ੁਰਮਾਂਦੇ ਹਨ :

ਜ਼ੁਲਫੈਂ ਅਨੂਪ ਜਾਂ ਕੀ ॥
ਨਾਗਨ ਕਿ ਸਿਆਹ ਬਾਂਕੀ ॥
ਅਤਭੁਤ ਅਦਾਇੰ ਤਾਂ ਕੀ
ਐਸੋ ਢੋਲਨ ਕਹਾਂ ਹੈ ॥੬੫੭॥
ਸੁਨਜੋ ਭਰਥ ਧਾਏ ॥
ਪਗੰ ਸੀਸ ਲਾਏ ॥੬੭੫॥.....
ਜਟੰ ਧੂਰ ਝਾਰੀ ॥ ਪਗੰ ਰਾਮ ਰਾਰੀ ॥

(ਦਸਮ ਗ੍ਰੰਥ)

ਇਸੇ ਤਰ੍ਹਾਂ ਇੱਕ ਵਾਰ ਕਿਸੇ ਮੁਸ਼ਾਇਰੇ ਵਿਚ ਸਿਅਰ ਪੜ੍ਹਨ ਲਈ ਮਿਸਰਾ ਦਿੱਤਾ ਗਿਆ "ਕਾਫਿਰ ਹੈਂ ਵਹੁ ਬੰਦੇ, ਜੋ ਨਾ ਬੰਦੀ ਹੈ ਇਸਲਾਮ ਕੇ"। ਕਿਸੇ ਦਾਨਿਸ਼ਵਰ ਨੇ ਇਸ 'ਤੇ ਇਹ ਸ਼ਿਅਰ ਪੜ੍ਹ ਕੇ ਸਭ ਨੂੰ ਲਾਜਵਾਬ ਕਰ ਦਿੱਤਾ, ਕਿ ਘਨਸ਼ਾਮ (ਕ੍ਰਿਸ਼ਨ ਜੀ) ਦੇ ਕੇਸਾਂ ਦੀਆਂ ਲਟਾਂ ਦੀ ਸ਼ਕਲ ਉਰਦੂ ਦੇ 'ਲਾਮ' (ਕੁਝ ਕੁਝ ਅੰਗ੍ਰੇਜ਼ੀ ਦੇ ਹ ਅੱਖਰ) ਦੀ ਤਰ੍ਹਾਂ ਹਨ। ਸੋ ਜਿਹੜੇ ਬੰਦੇ ਇਸ 'ਲਾਮ' ਯਾਨਿ ਕਿ ਕ੍ਰਿਸ਼ਨ ਜੀ ਦੀਆਂ ਜ਼ੁਲਫਾਂ ਦੇ ਬੰਦੀ ਨਹੀਂ ਉਹ ਕਾਫਰ ਹਨ :

ਲਾਮ ਕੀ ਸੀ ਸ਼ਕਲ ਹੈ ਗੇਸੂਏ ਘਨਸ਼ਾਮ ਕੇ।
ਕਾਫਿਰ ਹੈ ਵਹੁ ਬੰਦੇ ਜੋ ਨਾ ਬੰਦੀ ਹੈ ਇਸ ਲਾਮ ਕੇ।

ਪਰ ਇਹ ਵੀ ਸੱਚ ਹੈ ਕਿ ਦਿਨ ਤਿਉਹਾਰ ਦੇ ਮੌਕੇ 'ਤੇ ਹਰ ਮਜ਼ਹਬ ਦੇ ਆਬਿਦ ਆਪਣੇ ਮੁਰਸ਼ਦ ਦੇ ਸੁੰਦਰ ਸਰੂਪ ਦਾ ਧਿਆਨ ਧਰਦੇ ਹੋਏ, ਉਸ ਵਰਗੇ ਦਿੱਸਣਾ ਚਾਹੁੰਦੇ ਹਨ। ਹੋਣ ਵੀ ਕਿਉਂ ਨਾ ? ਜਿਵੇਂ ਨਿੱਕੀਆਂ ਬੱਚੀਆਂ ਸ਼ੀਸੇ ਅੱਗੇ ਬਹਿ ਕੇ ਆਪਣੀ ਮਾਂ ਵਰਗੀਆਂ ਅਤੇ ਪੁੱਤਰ ਆਪਣੇ ਬਾਪ ਵਰਗਾਂ ਬਣਨ ਦਾ ਮੇਕ-ਅਪ ਕਰਦਾ ਹੈ ਤਾਂ ਕਿ ਆਪਣੇ ਆਦਰਸ਼ ਵਰਗਾ ਦਿਸ ਸਕੇ। ਇਸ ਲਈ ਰਾਮ ਜੀ, ਕ੍ਰਿਸ਼ਨ ਜੀ, ਸ਼ਿਵ ਜੀ, ਹਜ਼ਰਤ ਈਸਾ ਮਸੀਹ ਜੀ ਜਾਂ ਸੈਂਟਾਂ ਕਲੌਜ਼ ਬਣਨ ਲਈ ਨਕਲੀ ਕੇਸ-ਦਾਹੜੀ ਲਗਾਂਦੇ ਹਨ। ਕਿਉਂਕਿ ਉਨ੍ਹਾਂ ਨੂੰ ਇਸ ਕੇਸਾਧਾਰੀ ਸਰੂਪ ਵਿਚ ਆਪਣੇ ਮਹਿਬੂਬ ਦੀ ਸੂਰਤ ਨਜ਼ਰ ਆਂਦੀ ਹੈ। ਗੁਰੂ ਰਾਮ ਦਾਸ ਸਾਹਿਬ ਜੀ ਦਾ ਪਾਵਨ ਬਚਨ ਵੀ ਹੈ :

ਤੂੰ ਸਾਹਿਬੁ ਹਉ ਸਾਂਗੀ ਤੇਰਾ ...॥ (ਪੰਨਾ ੩੫੮)

ਹਰ ਮਜ਼ਹਬ ਅਤੇ ਉਸ ਦੇ ਪੈਰੋਕਾਰ ਮੁਬਾਰਕ ਹਨ ਜੇਕਰ ਉਹ ਆਪਣੇ ਮੁਰਸ਼ਦ ਦੇ ਸਰੂਪ ਅਤੇ ਉਸ ਦੇ ਹੁਕਮ ਦਾ ਸਤਿਕਾਰ ਕਰਦੇ ਹਨ ਪਰ ਹੈਰਾਨੀ ਹੁੰਦੀ ਹੈ ਕਿ ਕਈ ਵਾਰ ਇਹ ਆਪਣੇ ਮਹਿਬੂਬ ਦੇ ਪ੍ਰਤੱਖ ਸਰੂਪ ਵਾਲੇ ਖਾਲਸੇ ਦੇ ਕੇਸਾਧਾਰੀ ਸਰੂਪ ਬਾਰੇ ਐਸੇ ਵਿਚਾਰ ਪ੍ਰਗਟ ਕਰਦੇ ਹਨ ਕਿ ਜਾਣੇ ਜਾਂ ਅਣਜਾਣੇ ਵਿਚ ਆਪਣੇ ਮੁਰਸ਼ਦ ਦੀ ਹੀ ਨਿਰਾਦਰੀ ਕਰ ਰਹੇ ਹੁੰਦੇ ਹਨ। ਇਸ ਕੜੀ ਵਿਚ ਗਾਂਧੀ ਦਾ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ 'ਗੁਮਰਾਹ ਦੇਸ਼ ਭਗਤ' ਦੱਸਣਾ, ਵਿਨੋਬਾ ਭਾਵੇ ਦਾ ਕਲਕੱਤਾ ਵਿਖੇ ਸਿਰੋਪਾਉ ਵਿਚ ਦਿੱਤੀ ਕਿਰਪਾਨ ਲਈ ਅਯੋਗ ਸ਼ਬਦ ਵਰਤਣੇ, ਵੱਲਭ ਭਾਈ ਪਟੇਲ ਦਾ ਖਾਲਸੇ ਦੇ ਸਰੂਪ ਬਾਰੇ ਵਿਚਾਰ ਅਤੇ ਕੇਂਦਰੀ ਵਜ਼ੀਰ ਡਾ. ਸੁਸ਼ੀਲਾ ਨੈਯੱਰ ਦਾ ਦਿੱਲੀ ਗੁਰਪੁਰਬ ਸਮੇਂ ਸਿੱਖੀ ਸਰੂਪ ਬਾਰੇ ਨਿਰਾਦਰੀ ਭਰੀ ਟਿੱਪਣੀ ਇਤਿਹਾਸ ਦਾ ਅੰਗ ਬਣ ਗਈਆਂ ਹਨ, ਜੋ ਮਿਟਾਇਆਂ ਵੀ ਨਹੀਂ ਮਿਟ ਸਕਦੀਆਂ।

ਪਰ ਯਾਦ ਰੱਖ ਤੂੰ ਕੇਸ ਰੱਖਣੇ ਹਨ ਕੇਵਲ ਗੁਰੂ ਦੀ ਅਮਾਨਤ ਅਤੇ ਉਸ ਦੇ ਹੁਕਮ ਕਰਕੇ, ਕਿਉਂਕਿ ਜੇਕਰ ਤੂੰ ਸ਼ਿਵ ਜੀ ਦੇ ਕੇਸਾਧਾਰੀ ਹੋਣ ਦਾ ਕਾਰਨ ਹੀ ਕੇਸ ਰੱਖਣ ਦੀ ਗੱਲ ਕਰਨੀ ਹੈ ਤੇ ਫਿਰ ਤੈਨੂੰ ਆਪਣੇ ਗੱਲ ਵਿਚ ਫਨੀਅਰ ਸੱਪ ਵੀ ਪਾਣੇ ਪੈਣਗੇ। ਭਾਰਤ ਦੇ ਪ੍ਰਾਚੀਨ ਮਹਾਂਪੁਰਸ਼ਾਂ ਦੇ ਇਹ ਦ੍ਰਿਸ਼ਟਾਂਤ ਦੇਣ ਦਾ ਇੱਕੋ ਇੱਕ ਮਕਸਦ ਹੈ ਕਿ ਜੇਕਰ ਤੇਰੇ ਅੰਦਰ ਮੋਨਿਆਂ ਦੀ ਬਹੁਗਿਣਤੀ ਕਰ ਕੇ ਹੀਣਤਾ ਦੀ ਭਾਵਨਾ ਘਰ ਕਰ ਗਈ ਹੈ ਤਾਂ ਤੂੰ ਇਸ 'ਅਹਿਸਾਸਿ ਕਮਤਰੀ' ਨੂੰ ਮਨ 'ਚੋਂ ਕੱਢ ਦੇ ਬਲਕਿ ਜੇਕਰ ਤੈਨੂੰ ਕੋਈ ਤੇਰੇ ਮੁਰਸ਼ਦ ਦੇ ਰੱਬੀ ਸਰੂਪ ਬਾਰੇ ਬੇਸਮਝੀ ਵਿਚ ਆਪਣੀ ਅਗਿਆਨਤਾ ਦਾ ਪ੍ਰਗਟਾਵਾ ਕਰੇ ਤਾਂ ਤੂੰ ਉਸ ਨੂੰ ਅਹਿਸਾਸ ਦਵਾ ਸਕੇਂ ਕਿ ਭਾਈ! ਤੁਹਾਨੂੰ ਤਾਂ ਖਾਲਸੇ ਦੇ ਇਸ ਇਲਾਹੀ ਸਰੂਪ ਵਿੱਚੋਂ ਤੁਹਾਡੇ 'ਭਗਵਾਨ' ਦੇ ਪ੍ਰਤਖ ਦਰਸ਼ਨ ਹੋਣੇ ਚਾਹੀਦੇ ਹਨ। ਜਿਸ ਤਰ੍ਹਾਂ ਪਟਨਾ ਸਾਹਿਬ ਦੀ ਪਾਵਨ ਧਰਤੀ 'ਤੇ ਪ੍ਰਗਟ ਹੋ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਾਲਾ ਪ੍ਰੀਤਮ ਦੇ ਮਨਮੋਹਕ ਰੂਪ ਵਿਚ ਆਪਣੇ ਜਟਾ-ਜੂਟ ਵਾਲੇ ਤਨ 'ਤੇ ਸ਼ਸਤ੍ਰ-ਬਸਤ੍ਰ ਸਜਾ ਕੇ ਪਟਨਾ ਵਾਸੀਆਂ ਦੇ ਭਾਗ ਜਗਾਏ। ਗੰਗਾ ਦੇ ਕਿਨਾਰੇ ਵਾਸਾ ਕਰਦੇ ਪੰਡਤ ਸ਼ਿਵ ਦੱਤ ਅਤੇ ਗਊ ਘਾਟ ਵਿਚ ਨਿਵਾਸ ਕਰ ਰਹੇ ਰੱਬੀ ਭਗਤ ਵਰਗਿਆਂ ਨੂੰ ਆਪ ਜੀ ਦੇ ਜਾਹੋ-ਜਲਾਲ ਵਾਲੇ ਇਸ ਸੰਤ

ਸਿਪਾਹੀ ਸਰੂਪ ਵਿੱਚੋਂ ਆਪਣੇ ਭਗਵਾਨ 'ਰਾਮ' ਅਤੇ ਭਗਵਾਨ 'ਸ਼ਾਮ' ਦੇ ਦਰਸ਼ਨ ਹੋਣੇ, ਕੋਈ ਅਣਹੋਣੀ ਗੱਲ ਨਹੀਂ ਸੀ। ਇਸ ਦਿਨ ਤੋਂ ਬਾਅਦ ਆਪ ਜੀ ਦੇ ਹੋਰ ਨਾਵਾਂ ਦੇ ਨਾਲ ਨਾਲ 'ਰਾਮ' ਤੇ 'ਸ਼ਾਮ' ਦੇ ਉਪ-ਨਾਮ ਵੀ ਪ੍ਰਚਲਤ ਹੋ ਗਏ।

ਹਿੰਦੂ ਮਰਿਆਦਾ ਨਿਰਧਾਰਤ ਕਰਨ ਦਾ ਮੁੱਖ ਸਰੋਤ ਧਰਮ ਸ਼ਾਸਤ੍ਰ ਮੰਨੂ ਸਿਮ੍ਰਤੀ ਹੈ। ਇਸ ਵਿਚ ਅੰਕਤ ਹੈ ਕਿ ਜੇ ਕਿਸੇ ਦੁਸ਼ਕਰਮ ਕਰਕੇ ਬ੍ਰਾਹਮਣ ਨੂੰ ਮੌਤ ਦੀ ਸਜ਼ਾ ਦੇਣੀ ਹੋਵੇ ਤਾਂ ਉਸ ਦੇ ਵਾਲ ਕੱਟ ਦਿੱਤੇ ਜਾਣ, ਉਸ ਦਾ ਮੁੰਡਨ ਕਰ ਦਿੱਤਾ ਜਾਏ। ਇਹ ਮੌਤ ਤੋਂ ਵੀ ਸਖ਼ਤ ਸਜ਼ਾ ਹੈ ਪਰ ਦੂਸਰੀਆਂ ਜ਼ਾਤੀਆਂ ਦਾ ਪ੍ਰਾਣਾਂਤ ਕਰਨਾ ਹੀ ਵਿਧਾਨ ਹੈ :

ਮੌਂਡੰਯੰ ਪਰਾਣਾਂਤਿ ਕੋ ਦੰਡੋ ਬ੍ਰਾਹਮਣਸਯ ਵਿਧੀਯਤੇ।
ਇਤਰੇਸ਼ਾਂ ਤੁ ਵ੍ਰਨਨਾਂ ਦੰਡ: ਪਰਾਣਾਂਤਿ ਕੋ ਭਵੇਤ।

(ਮਨੂ ਸਿਮ੍ਰਤੀ ਅਧਿਆਏ ੮, ਸਲੋਕ ੩੭੯)

ਗੁਰੂ ਕਲਗੀਧਰ ਪਿਤਾ ਨੂੰ ਜਦੋਂ ਬਹਾਦੁਰ ਸ਼ਾਹ ਦੇ ਪੀਰ ਨੇ ਪੁੱਛਿਆ ਸੀ, "ਪੀਰ ! ਮਜ਼ਹਬ ਤੁਮ੍ਹਾਰਾ ਖ਼ੂਬ ਕਿ ਹਮਾਰਾ ਖ਼ੂਬ ?" 'ਮਾਨਸ ਕੀ ਜ਼ਾਤ ਸਭੈ ਏਕੈ ਹੀ ਪਹਿਚਾਨਬੋ' ਦਾ ਇਲਾਹੀ ਪੈਗਾਮ ਦੇਣ ਵਾਲੇ ਚੋਜੀ ਪ੍ਰੀਤਮ ਨੇ ਕਿਤਨਾ ਸੁੰਦਰ ਕਿਹਾ ਸੀ, "ਪੀਰ ਜੀ ! ਤੁਮ ਕੋ ਤੁਮਾਰ੍ਹਾ ਖ਼ੂਬ। ਹਮ ਕੋ ਹਮਾਰਾ ਖ਼ੂਬ" ਪਰ ਹੁਣ ਤੂੰ ਕੇਸਾਂ ਨੂੰ ਅਲਵਿਦਾ ਕਰਕੇ ਆਪਣੇ ਆਪ ਨੂੰ ਭਾਵੇਂ ਜੋ ਮਰਜ਼ੀ ਕਹੀ ਜਾ ਪਰ ਗੁਰੂ ਦੀ ਮੱਤ ਅਨੁਸਾਰ ਤੂੰ ਬਿਨਾਂ ਸ਼ੱਕ ਸਿੱਖ ਨਹੀਂ ਅਖਵਾ ਸਕਦਾ। ਆਪਣੇ ਗੁਰੂ ਨੂੰ ਛੱਡ ਕੇ ਕੀ ਹੁਣ ਤੂੰ ਨਿਗੁਰਾ ਨਹੀਂ ਹੋ ਗਿਆ ?

ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥ (੪੩੫)

ਤਾਂ ਫਿਰ ਤੇਰਾ ਦੀਨ, ਤੇਰਾ ਈਮਾਨ, ਤੇਰਾ ਮਜ਼ਹਬ, ਤੇਰਾ ਧਰਮ ਕੀ ਹੈ ? ਕੀ ਤੂੰ ਬੇਦੀਨ ਨਹੀਂ ? ਕੀ ਤੇਰਾ ਕੋਈ ਦੀਨ-ਈਮਾਨ ਨਹੀਂ ? ਗੁਰੂ ਮਹਾਰਾਜ ਦੇ ਬਚਨ ਯਾਦ ਰੱਖੀਂ ਕਿ ਦੀਨ ਨੇ ਹੀ ਤੇਰਾ ਸਾਥ ਦੇਣਾ ਹੈ, ਦੁਨੀਆਂ ਨੇ ਨਹੀਂ। ਦੀਨ ਹੀ ਤੇਰੇ ਲੋਕ-ਪ੍ਰਲੋਕ ਵਿਚ ਸਹਾਈ ਹੋਵੇਗਾ। ਤੂੰ ਦੁਨੀਆਂ ਦੇ ਮਗਰ ਲੱਗ ਕੇ ਦੀਨ ਨਾ ਗਵਾ :

ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥
ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੩੬੫)

ਪਰ ਸਾਡੇ ਰੂਹਾਨੀ ਪਿਤਾ ਨੇ ਤਾਂ ਸਾਨੂੰ ਕੇਵਲ ਆਪਣਾ ਸਰੂਪ ਹੀ ਨਹੀਂ ਦਿੱਤਾ ਬਲਕਿ 'ਪਾਰ ਬ੍ਰਹਮ ਗੁਰ ਨਾਨਕ ਸਾਖੀ' ਯਾਨਿ ਕਿ ਅਕਾਲ ਪੁਰਖ ਅਤੇ ਗੁਰੂ ਨਾਨਕ ਸਾਹਿਬ ਨੂੰ ਸਾਖਸ਼ੀ ਬਣਾ ਕੇ ਬਚਨ ਕੀਤਾ ਹੈ :

ਮੋ ਗ੍ਰਹ ਮੈ ਤਨ ਤੇ ਮਨ ਤੇ,
ਸਿਰ ਲਉ ਧਨ ਹੈ, ਸਭ ਹੀ ਇਨਹੀ ਕੋ ॥

ਮੈਂ ਤੇਰਾ ਧਿਆਨ ਇੱਕ ਹੋਰ ਮੁੱਢਲੀ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ। ਕਾਦਰ ਨੇ ਇਸ ਸਾਰੀ ਕਾਇਨਾਤ ਵਿਚ ਜਿਤਨੇ ਵੀ ਜੀਅ-ਜੰਤ ਬਣਾਏ ਹਨ, ਸਭ ਦੀ ਸ਼ਕਲ-

ਸੂਰਤ ਵੱਖ-ਵੱਖ ਬਣਾਈ ਹੈ। ਕਿਸੇ ਨੂੰ ਸ਼ੇਰ ਅਤੇ ਖੋਤੇ ਵਿਚ ਭੁਲੇਖਾ ਨਹੀਂ ਪੈਂਦਾ। ਇਸੇ ਤਰ੍ਹਾਂ ਰੱਬ ਨੇ ਜਦੋਂ 'ਅਸਰਫ਼-ਉਲ-ਮਖਲੂਕਾਤ' ਇਨਸਾਨ ਦੀ ਸਿਰਜਣਾ ਕੀਤੀ ਤਾਂ ਇਸ ਧਰਤੀ 'ਤੇ ਸਿਕਦਾਰੀ ਦਾ ਵਰ ਵੀ ਦਿੱਤਾ ਅਤੇ ਨਾਲ ਹੀ ਨਰ ਅਤੇ ਮਾਦਾ ਦੋਹਾਂ ਦੇ ਚੱਕ੍ਰ ਚਿੰਨ੍ਹ ਵੀ ਵੱਖ-ਵੱਖ ਬਣਾਏ ਪਰ ਸ਼ਾਇਦ ਦੁਨੀਆਂ ਨੂੰ ਇਸ ਰੱਬੀ ਕਿਰਤ ਵਿਚ ਕਮੀ ਨਜ਼ਰ ਆਈ ਤੇ ਨਰ ਤੇ ਨਾਰ ਅਤੇ ਨਾਰ ਨੇ ਨਰ ਦਿਸਣ ਦੇ ਉਪਰਾਲੇ ਅਰੰਭ ਦਿੱਤੇ। ਨਤੀਜਾ, 'ਮਾਈਕਲ ਜੈਕਸਨ' (Michel Jackson) ਵਰਗੀਆਂ ਐਸੀਆਂ ਮੂਰਤਾਂ ਨਜ਼ਰ ਆਣੀਆਂ ਸ਼ੁਰੂ ਹੋ ਗਈਆ ਕਿ ਨਰ (He) ਅਤੇ ਨਾਰ (She) ਦਾ ਪਤਾ ਹੀ ਨਹੀਂ ਲੱਗਦਾ। ਇਹੋ ਜਿਹੀ ਸ਼ਕਲ ਵੇਖ ਕੇ ਹੀ ਕਿਸੇ ਬੱਚੇ ਨੇ ਪੁੱਛਿਆ ਸੀ, "ਆਪ ਭਈਆ ਕੀ ਗਰਲ ਫਰੈਂਡ ਹੋ, ਜਾਂ ਦੀਦੀ ਕੇ ਬੁਆਏ-ਫਰੈਂਡ ?"

ਅਜਬ ਮਿਆਂ ਮਨੁੱਖਸ਼ ਹੈਂ
ਨਾ ਹੀਉਂ ਮੈਂ ਨਾ ਸੀਉਂ ਮੈਂ।

ਤੇਰੀ ਇਸ ਵਾਦੀ ਪਿੱਛੇ ਫੈਸ਼ਨ ਦੀ ਹੋੜ ਇੱਕ ਅਹਿਮ ਰੋਲ ਅਦਾ ਕਰਦੀ ਹੈ। ਇਸ ਮਾਦਾ-ਪ੍ਰਸਤੀ ਦੇ ਫੈਸ਼ਨ ਦੀ ਹੋੜ ਅਤੇ ਦੌੜ ਬਾਰੇ ਬਾਬਾ ਜੀ ਨੇ ਵੀ ਪੰਜ ਸੌ ਵਰ੍ਹੇ ਪਹਿਲਾਂ ਇਹ ਚਿਤਾਵਨੀ ਦਿੱਤੀ ਸੀ :

ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੨੪੩)

ਇਸ ਸਦੀ ਵਿਚ ਮਰਦ ਨੂੰ ਦਾੜ੍ਹੀ-ਮੁੱਛਾਂ ਵਿਹੀਣ ਕੇ ਔਰਤ (ਜ਼ਨ) ਵਰਗਾ ਕਰਣ ਦੀ ਸ਼ੁਰੂਆਤ ਵਾਇਸਰਾਇ ਲਾਰਡ ਕਰਜ਼ਨ ਤੋਂ ਅਰੰਭ ਹੋਈ ਸੀ, ਜਿਸ ਬਾਰੇ ਅਕਬਰ ਅਲਾਹਾਬਾਦੀ ਨੇ ਕਿਹਾ ਸੀ, 'ਕਰ ਦੀਆ ਕਰਜ਼ਨ ਨੇ ਜ਼ਨ।' ਇਹੋ ਜਿਹੀ ਅੰਨੀਂ ਫੈਸ਼ਨ-ਪ੍ਰਸਤੀ ਜੋ ਤੈਨੂੰ ਪੱਛਮ ਵੱਲ ਲਈ ਜਾ ਰਹੀ ਹੈ, ਉਸ ਬਾਰੇ ਜ਼ਰਾ ਰੁੱਕ, ਸੋਚ ਅਤੇ ਵਿਚਾਰ ਕਿ ਤੇਜ ਪ੍ਰਕਾਸ਼ਮਈ ਸੂਰਜ ਵੀ ਜਦੋਂ ਪੱਛਮ ਵਿਚ ਪਹੁੰਚਦਾ ਹੈ ਤਾਂ ਡੁੱਬ ਜਾਂਦਾ ਹੈ :

ਨਾਮ ਰਖਾ ਹੈ ਨੁਮਾਇਸ਼ ਕਾ ਤਰੱਕੀ ਵ ਰੀਫਾਰਮ,
ਤੁਮ ਇਸ ਅੰਦਾਜ਼ ਕੇ ਧੋਖੇ ਮੈਂ ਨਾ ਆਨਾ ਹਰਗਿਜ਼।
ਰੰਗ ਹੈ ਜਿਸ ਮੇਂ ਮਗਰ ਬੂਇ ਵਫ਼ਾ ਕੁਛ ਭੀ ਨਹੀਂ
ਐਸੇ ਫੂਲੋਂ ਸੇ ਨਾ ਘਰ ਅਪਨਾ ਸਜਾਨਾ ਹਰਗਿਜ਼।
ਨਕਲ ਯੋਰਪ ਕੀ ਮੁਨਾਸਿਬ ਹੈ ਮਗਰ ਯਾਦ ਰਹੇ,
ਖ਼ਾਕ ਮੇਂ ਗੈਰਤਿ ਕੌਮੀ ਨਾ ਮਿਲਾਨਾ ਹਰਗਿਜ਼।
ਰੁਖ ਸੇ ਪਰਦੇ ਕੋ ਉਠਾਇਆ ਤੋਂ ਬਹੁਤ ਖ਼ੂਬ ਕੀਆ,
ਪਰਦਾਇ ਸ਼ਰਮ ਕੋ ਦਿਲ ਸੇ ਨਾ ਉਠਾਨਾ ਹਰਗਿਜ਼।

(ਚਕਬਸਤ ਲਖਨਵੀ)

ਸੋ ਦੁਨੀਆਂ ਦੀ ਦੇਖਾ-ਦੇਖੀ ਤੂੰ ਆਪਣੇ ਇਸ ਰੱਬੀ ਸਰੂਪ ਨੂੰ ਤਿਲਾਂਜ਼ਲੀ ਨਾ ਦੇ। ਯਾਦ ਰੱਖ ਮੋਈ ਹੋਈ ਮੱਛੀ ਨਦੀ ਦੇ ਵਹਿਣ ਨਾਲ ਹੀ ਵੱਗਦੀ ਜਾਂਦੀ ਹੈ ਪਰ ਜੀਉਂਦੀ ਮੱਛੀ ਹਮੇਸ਼ਾਂ ਪਾਣੀ ਦੇ ਵਹਾਅ ਦੇ ਉਲਟ ਤਰਦੀ ਹੈ। ਇਸੇ ਲਈ ਗੁਰੂ ਸਾਹਿਬ ਦਾ ਹੁਕਮ ਵੀ ਹੈ ਕਿ ਆਪਣੇ ਮਨ ਦੀ ਬਿਰਤੀ ਨੂੰ ਮੱਛੀ ਦੀ ਤਾਰੀ ਦੀ ਤਰ੍ਹਾਂ ਬਣਾ ਲੈ :

ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ
ਉਡੈ ਨਹ ਹੰਸੁ ਨਹ ਕੰਧੁ ਛੀਜੈ ॥੧॥
(ਗੁਰੂ ਗ੍ਰੰਥ ਸਾਹਿਬ, ਪੰਨਾ ੯੯੧)

ਗੁਰਮਤਿ ਦੇ ਮਾਰਗ 'ਤੇ ਆਣ ਲੱਗਿਆਂ ਤੈਨੂੰ ਉਲਟੀ ਗੰਗਾ ਵਗਾਣੀ ਪੈਣੀ ਹੈ :

ਗੰਗ ਜਮੁਨ ਜਉ ਉਲਟੀ ਬਹੈ ॥ ਤਉ ਨਾਮਾ ਹਰਿ ਕਰਤਾ ਰਹੈ ॥
(ਪੰਨਾ ੧੧੬੬)

ਜਿਹੜੀ ਲੋਕ ਲਾਜ ਤੈਨੂੰ ਮਾਰਦੀ ਹੈ, ਉਸ ਨੂੰ ਮਾਰਨਾ ਪੈਣਾ ਹੈ : 'ਲਾਜ ਮਰੰਤੀ ਮਰਿ ਗਈ ਘੂਘਟੁ ਖੋਲਿ ਚਲੀ' ਵਾਲੀ ਅਵੱਸਥਾ ਬਣਾਈ ਪੈਣੀ ਹੈ। ਗੁਰਵਾਕ ਹੈ :

ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥
ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥ (ਪੰਨਾ ੭੩੭)

ਮੌਲਾਨਾ ਰੂਮ ਨੇ ਕਿਤਨਾ ਸੁੰਦਰ ਵਿਚਾਰ ਦਿੱਤਾ ਹੈ ਕਿ ਤੂੰ ਅੱਖਾਂ ਮੁੰਦ ਲੈ, ਚੁੱਪ ਸਾਧ ਲੈ ਤੇ ਕੰਨਾਂ ਵਿਚ ਬੁੱਜੇ ਦੇ ਲੈ ਜਿ ਫੇਰ ਵੀ ਰੱਬ ਦਾ ਭੇਤ ਨਾ ਖੁਲ੍ਹੇ ਤਾਂ ਮੇਰੇ 'ਤੇ ਹੱਸ ਛੱਡੀ।

ਚਸ਼ਮਬੰਦ ਵ ਲਬ ਬਿਬੰਦ ਵ ਗੋਸ਼ ਬੰਦ।
ਗਰ ਨ ਬੀਨੀ ਸਿਰ ਹੱਕ ਬਰਸਨ ਬਿਖ਼ੰਦ।

ਹਾਂ ਇਹ ਵੱਖਰੀ ਗੱਲ ਹੈ ਕਿ ਇਸ ਸੁਧਰੇ ਹੋਏ ਕਿਰਦਾਰ ਬਾਰੇ ਅਕਬਰ ਅਲਾਹਾਬਾਦੀ ਨੇ ਵਿਅੰਗ ਕੀਤਾ ਹੈ :

ਹਰੀਫੋਂ ਨੇ ਰਪਟ ਲਿਖਵਾਈ ਹੈ ਜਾ ਜਾ ਕੇ ਥਾਨੇ ਮੇਂ।
ਕਿ ਅਕਬਰ ਨਾਮ ਲੇਤਾ ਹੈ ਖੁਦਾ ਦਾ ਇਸ ਜ਼ਮਾਨੇ ਮੇਂ।

ਗੁਰੂ ਸਾਹਿਬ ਨੇ ਹਰ ਸਿੱਖ ਦੇ ਚਿਹਰੇ ਨੂੰ ਆਪਣਾ ਖ਼ਾਸ ਰੂਪ ਕਿਹਾ ਹੈ ਅਤੇ ਇਸ ਬਾਰੇ 'ਖਾਲਸਾ ਮੇਰੋ ਰੂਪ ਹੈ ਖ਼ਾਸ' ਕਹਿ ਕੇ ਇਸ ਦਾ ਸਤਿਕਾਰ ਵੀ ਕੀਤਾ ਹੈ। ਇਸ ਮੁਤਾਬਿਕ ਹਰ ਗੁਰਸਿੱਖ ਕਿਸੇ 'ਸਾਬਤ ਸੂਰਤ ਦਸਤਾਰ ਸਿਰਾ' ਵਾਲੇ ਚਿਹਰੇ ਵਿੱਚੋਂ ਕਲਗੀਧਰ ਪਿਤਾ ਦੇ ਦਰਸ਼ਨਾਂ ਦੀ ਲੋਚਾ ਰੱਖਦਾ ਹੈ। ਇਸ ਪਿਛੋਕੜ ਵਿਚ ਜ਼ਿਕਰ ਆਉਂਦਾ ਹੈ ਕਿ ਇੱਕ ਖੂਬਸੂਰਤ ਦਾਹੜੇ ਵਾਲੇ ਗੁਰਸਿੱਖ ਦੇ ਦਰਸ਼ਨ ਕਰਕੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਉਸ ਨੂੰ ਰੋਜ਼ ਇੱਕ ਸੋਨੇ ਦੀ ਮੋਹਰ ਭੇਂਟ ਕਰਦੇ ਸਨ। ਇੱਕ ਵਾਰ ਉਸ ਨੌਜਵਾਨ ਨੇ ਸ਼ੀਸ਼ੇ ਵਿਚ ਜਦੋਂ ਆਪਣੇ ਚਿਹਰੇ ਨੂੰ ਵੇਖਿਆ ਤਾਂ ਦਾੜ੍ਹੇ ਵਿਚ ਇੱਕ ਸਫੈਦ ਵਾਲ ਨੂੰ ਉਸ ਨੇ ਪੁੱਟ ਦਿੱਤਾ। ਜਦੋਂ

ਅਗਲੇ ਦਿਨ ਮੋਹਰ ਦੀ ਆਸ ਵਿਚ ਉਹ ਸ਼ੇਰੇ-ਪੰਜਾਬ ਅੱਗੇ ਪੇਸ਼ ਹੋਇਆ ਤਾਂ ਮਹਾਰਾਜਾ ਸਾਹਿਬ ਨੇ ਉਸ ਦੀ ਚੰਗੀ ਤਾੜਨਾ ਕੀਤੀ ਅਤੇ ਕਿਹਾ ਕਿ ਮੈਂ ਤੈਨੂੰ ਤੇਰੇ ਸੁੰਦਰ ਦਾਹੜੇ ਕਰਕੇ ਮੋਹਰ ਨਹੀਂ ਸੀ ਭੇਂਟ ਕਰਦਾ, ਬਲਕਿ ਮੈਂ ਤਾਂ ਤੇਰੇ 'ਤੇ ਬਲਿਹਾਰ ਸੀ ਕਿ ਤੂੰ ਸੁੰਦਰ ਕਾਲੇ ਦਾਹੜੇ ਵਿਚ ਆਏ ਸਫੈਦ ਵਾਲ ਨੂੰ ਗੁਰੂ ਦੀ ਅਮਾਨਤ ਸਮਝ ਕੇ ਸਾਂਭਿਆ ਹੋਇਆ ਸੀ।

ਹਰ ਸਿੱਖ ਲਈ ਪੰਜ ਕੰਕਾਰ ਵੈਸੇ ਤਾਂ ਇੱਕੋ ਜਿਹੀ ਮਹਾਨਤਾ ਰੱਖਦੇ ਹਨ ਪਰ ਗੁਰੂ ਸਾਹਿਬ ਨੇ ਕੇਸਾਂ ਦੀ ਬੇਅਦਬੀ ਨੂੰ ਬੱਜਰ ਕੁਰਹਿਤਾਂ ਵਿਚ ਸ਼ਾਮਲ ਕਰਕੇ ਇਸ ਦੀ ਮਹੱਤਤਾ ਦਰਸਾਈ ਹੈ। ਕਿਸੇ ਫ਼ਾਰਸੀਦਾਂ ਦਾ ਇਹ ਸ਼ਿਅਰ ਇਸ ਭਾਵਨਾ ਦੀ ਤਰਜਮਾਨੀ ਕਰਦਾ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਸਿੱਖੀ ਦੀ ਨਿਸ਼ਾਨੀ ਪੰਜ ਕਕਾਰ ਹਨ, ਜਿਸ ਤੋਂ ਕਿਸੇ ਵੀ ਹਾਲਤ ਵਿਚ ਮੁਆਫ਼ੀ ਨਹੀਂ ਪਰ ਕੇਸਾਂ ਤੋਂ ਬਿਨਾਂ ਬਾਕੀ ਦੇ ਚਾਰ ਕਕਾਰ ਬੇਅਰਥ ਹਨ :

ਨਿਸ਼ਾਨਿ ਸਿੱਖੀ ਈਂ ਪੰਜ ਹਰਫ ਕਾਫ।
ਹਰਗਿਜ਼ ਨਾ ਬਾਸ਼ਦ ਈਂ ਪੰਜ ਮੁਆਫ।
ਕੜਾ, ਕਾਰਦੋ, ਕੱਛ, ਕੰਘਾ ਬਿਦਾਂ।
ਬਿਲਾ ਕੇਸ, ਹੇਚ ਅਸਤ, ਜੁਮਲਾ ਨਿਸ਼ਾਂ।

ਆਮ ਤੌਰ 'ਤੇ ਵੇਖਣ ਵਿਚ ਆਉਂਦਾ ਹੈ ਕਿ ਹਰ ਵਿਅਕਤੀ ਆਪਣੀ ਬਣਾਈ ਹੋਈ ਇਮਾਰਤ ਦਾ ਨਾਮ ਆਪਣੀ ਸਭ ਤੋਂ ਪਿਆਰੀ ਅਤੇ ਅਜ਼ੀਜ਼ ਵਸਤੂ ਜਾਂ ਵਿਅਕਤੀ ਦੇ ਨਾਮ 'ਤੇ ਹੀ ਰੱਖਦਾ ਹੈ ਪਰ ਕਲਗੀਧਰ ਪਿਤਾ ਜੁਗੋ ਜੁਗ ਰਹਿਣ ਵਾਲੀ ਆਪਣੀ ਪਿਆਰੀ ਇਮਾਰਤ ਦਾ ਨਾਮ ਤਾਂ ਗੁਰੂ ਨਾਨਕ ਸਾਹਿਬ, ਆਪਣੇ ਮਾਤਾ, ਪਿਤਾ, ਸਾਹਿਬਜ਼ਾਦਿਆਂ ਜਾਂ ਕਿਸੇ ਪਿਆਰੇ ਦੇ ਨਾਮ 'ਤੇ ਹੀ ਰੱਖਿਆ। ਬਲਕਿ ਗੁਰੂ ਸਾਹਿਬ ਨੇ ਇਸ ਦਾ ਨਾਮ ਆਪਣੀ ਸਭ ਤੋਂ ਪਿਆਰੀ ਚੀਜ਼ ਦੇ ਨਾਮ 'ਤੇ ਰੱਖਿਆ, "ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ"। ਇਸ ਦਾ ਲਫਜ਼ੀ ਅਰਥ ਹੈ, "ਸਾਬਤ ਸਰੂਪ ਕੇਸਾਂ ਦਾ ਕਿਲ੍ਹਾ" ਯਾਨਿ ਕਿ The Blessed fort of Uncut hair ਭਾਈ ਦਯਾ ਸਿੰਘ ਜੀ ਨੇ ਆਪਣੇਂ ਰਹਿਤਨਾਮੇ ਵਿਚ ਲਿਖਿਆ ਹੈ, "ਜੋ ਸਿੱਖ ਅੰਮ੍ਰਿਤਸਰ ਨਹੀਂ ਇਸ਼ਨਾਨ ਕੀਆ, ਸੋ ਅਪਵਿੱਤਰ ਹੈ ਕੋਰੇ ਬਸਤ੍ਰ ਕੀ ਨਯਾਈਂ। ਆਨੰਦਪੁਰ ਸਾਹਿਬ ਦਰਸ਼ਨ ਬਿਨਾਂ ਕੇਸ ਗੜ੍ਹ ਜੀ ਕੇ ਦਰਸ਼ਨ ਬਿਨਾਂ ਸਿੱਖੀ ਨਹੀਂ ਪ੍ਰਾਪਤ ਹੋਤੀ।" ਦਰਅਸਲ ਕੇਸ ਸਿੱਖੀ ਦਾ ਗੜ੍ਹ ਹੈ। ਜਿਤਨੀ ਦੇਰ ਇਹ ਕਿਲ੍ਹਾ ਕਾਇਮ ਹੈ ਸਿੱਖ ਅਤੇ ਗੁਰੂ ਦਾ ਰਿਸ਼ਤਾ ਕਾਇਮ ਹੈ, ਸਿੱਖੀ ਕਾਇਮ ਹੈ ਪਰ ਅਫ਼ਸੋਸ ਕਿ ਤੂੰ ਗੁਰੂ ਦੇ ਇਸ ਕਿਲ੍ਹੇ ਨੂੰ ਹੀ ਸੰਨ੍ਹ ਲਾਣ ਦੀ ਕੋਸ਼ਿਸ਼ ਕੀਤੀ ਹੈ।

ਸ਼ਾਸਤ੍ਰਾਂ ਅਨੁਸਾਰ ਜਨੇਊ ਪਾਇਆ ਜਾਣਾ ਦਵਿੱਜ ਜਨਮ ਯਾਨਿ ਕਿ ਦੂਸਰਾ ਜਨਮ ਹੋਣਾ ਮੰਨਿਆ ਜਾਂਦਾ ਹੈ। ਇਸ ਲਈ ਵਿਆਹ ਵਰਗੀ ਤਿਆਰੀ ਹੁੰਦੀ ਹੈ। ਇਸ ਦਾ ਬਹੁਤ ਹੀ ਵਿਸਥਾਰ ਸਹਿਤ ਵਰਣਨ ਗੁਰੂ ਸਾਹਿਬ ਨੇ ਆਸਾ ਦੀ ਵਾਰ ਵਿਚ ਕੀਤਾ ਹੈ। ਸੋ ਜਦੋਂ ਗੁਰੂ ਨਾਨਕ ਸਾਹਿਬ ਨੂੰ ਵੀ ਜਨੇਊ ਪਾਇਆ ਜਾਣਾ ਸੀ ਤਾਂ

ਸਾਰਿਆਂ ਨੂੰ ਸੱਦੇ ਭੇਜੇ ਗਏ। ਸਾਰੀ ਬਰਾਦਰੀ ਇਕੱਠੀ ਹੋਣੀ ਸ਼ੁਰੂ ਹੋਈ। ਹਲਵਾਈ ਵੀ ਘਰ ਵਿਚ ਆ ਗਏ। ਮੰਡਪ ਤਿਆਰ ਹੋ ਗਏ। ਪਰਿਵਾਰ ਦੇ ਪੁਰੋਹਿਤ ਪੰਡਤ ਹਰਿਦਿਆਲ ਵੀ ਆ ਗਏ। ਵੇਦੀ ਵੀ ਤਿਆਰ ਹੋ ਗਈ। ਮੰਤ੍ਰ ਉਚਾਰਣ ਵੀ ਸ਼ੁਰੂ ਹੋ ਗਏ ਪਰ ਨੌਂ ਸਾਲ ਦੀ ਅਵੱਸਥਾ ਵਾਲੇ ਬਾਬਾ ਜੀ ਕੁਝ ਨਾ ਬੋਲੇ। ਸਾਰੇ ਮਾਹੌਲ ਨੂੰ ਉਰੂਜ਼ 'ਤੇ ਲਿਆ ਕੇ, ਸਿਖਰ 'ਤੇ ਪਹੁੰਚਾ ਕੇ ਬਾਬਾ ਜੀ ਨੇ ਪੰਡਿਤ ਹਰੀ ਦਿਆਲ ਦਾ ਹੱਥ ਫੜ ਲਿਆ ਅਤੇ ਜਨੇਊ ਪਾਣ ਤੋਂ ਇਨਕਾਰ ਕਰ ਦਿੱਤਾ।

ਜੇਕਰ ਗੁਰੂ ਸਾਹਿਬ ਦੀ ਮਨਸਾ ਕੇਵਲ ਜਨੇਊ ਨਾ ਪਾਉਣ ਦੀ ਹੀ ਹੁੰਦੀ ਤਾਂ ਸਾਰਾ ਅਡੰਬਰ ਰਚਣ ਤੋਂ ਪਹਿਲਾਂ ਹੀ ਘਰਦਿਆਂ ਨੂੰ ਕਹਿ ਦਿੰਦੇ ਜਾਂ ਫਿਰ ਪਹਿਲੇ ਦੀ ਤਰ੍ਹਾਂ ਘਰੋਂ ਨਿਕਲ ਜਾਂਦੇ ਜਾਂ ਤੇਰੇ ਵਰਗਿਆਂ ਦੀ ਰਾਇ ਹੀ ਮੰਨ ਲੈਂਦੇ ਕਿ ਕੀ ਫ਼ਰਕ ਪੈਣਾ ਹੈ, ਇੱਕ ਮਿੰਟ ਲਈ ਪਾ ਕੇ ਫਿਰ ਭਾਵੇਂ ਲਾਹ ਦਿੱਤਾ ਜਾਵੇ ਪਰ ਨਹੀਂ, ਬਾਬਾ ਜੀ ਭੇਖੀ ਨਹੀਂ ਹਨ। ਬਾਬਾ ਜੀ ਨੇ ਕੇਵਲ ਜਨੇਊ ਪਾਉਣ ਤੋਂ ਹੀ ਇਨਕਾਰ ਨਹੀਂ ਕੀਤਾ ਬਲਕਿ ਖੁਲ੍ਹੇ ਆਮ ਐਲਾਨਿਆ ਕਿ ਮੈਂ ਅਤੇ ਮੇਰੀ ਉੱਮਤ ਧਾਗੇ ਦੇ ਬੰਧਨਾਂ ਵਿਚ ਨਹੀਂ ਬੰਨ੍ਹੀ ਜਾਏਗੀ ਪਰ ਬਾਅਦ ਵਿਚ ਜਦੋਂ ਨੌਰੰਗੇ ਵੱਲੋਂ ਧੱਕੇ ਨਾਲ ਇਹ ਜਨੇਊ ਉਤਰਵਾਇਆ ਜਾ ਰਿਹਾ ਸੀ ਤਾਂ ਧਰਮ ਅਤੇ ਧਰਮ ਦੇ ਚਿਨ੍ਹਾਂ ਨੂੰ ਧਾਰਨ ਕਰਨ ਦੀ ਆਜ਼ਾਦੀ ਦਾ ਹੱਕ ਦਵਾਣ ਲਈ ਨੌਂਵੇਂ ਨਾਨਕ ਨੇ ਆਪਣੇ ਸਰੀਰ ਦਾ ਠੀਕਰਾ ਦਿਲੀਸ ਦੇ ਸਿਰ 'ਤੇ ਬੰਨ੍ਹ ਦਿੱਤਾ। ਇਸ ਬਾਰੇ ਕਲਗੀਧਰ ਪਿਤਾ ਨੇ ਬਚਨ ਕੀਤੇ, ਉਨ੍ਹਾਂ (ਹਿੰਦੂਆਂ) ਦੇ ਤਿਲਕ ਅਤੇ ਜੰਞੂ ਦੀ ਖ਼ਾਤਰ ਇਹ ਅਦੁੱਤੀ ਸ਼ਹਾਦਤ ਦਿੱਤੀ :

ਤਿਲਕ ਜੰਞੂ ਰਾਖਾ ਪ੍ਰਭੂ ਤਾ ਕਾ ॥<br>
ਕੀਨੋ ਬਡੋ ਕਲੂ ਮਹਿ ਸਾਕਾ॥ (ਬਚਿਤ੍ਰ ਨਾਟਕ)

ਸੋ ਯਾਦ ਰੱਖ ਕਿ ਜੇ ਤੂੰ ਆਪਣੇ ਆਪ ਨੂੰ ਗੁਰੂ ਦਾ ਸਿੱਖ ਅਖਵਾਣਾ ਚਾਹੁੰਦਾ ਹੈ ਤਾਂ ਤੈਨੂੰ ਐਲਾਨੀਆਂ ਤੌਰ 'ਤੇ ਪ੍ਰਗਟ ਕਰਨਾ ਹੋਏਗਾ ਕਿ ਤੂੰ ਗੁਰੂ ਦਾ ਸਿੱਖ ਹੈਂ। ਸਿੱਖ ਲਈ ਕੇਸ ਰੱਖਣੇ ਆਪਣੇ ਆਪ ਨੂੰ ਗੁਰੂ ਦਾ ਸਿੱਖ ਐਲਾਨਣ ਦਾ ਇਹ ਇੱਕ ਅਮਲੀ ਐਲਾਨਨਾਮਾ ਹੈ।

ਦੂਸਰੇ ਦੇ ਧਾਰਮਿਕ ਚਿਨ੍ਹਾਂ ਤਿਲਕ ਜੰਞੂ ਅਤੇ ਧਾਰਮਿਕ ਆਜ਼ਾਦੀ ਦੀ ਖ਼ਾਤਰ ਤੇਰੇ ਗੁਰੂ ਅਤੇ ਗੁਰੂ ਕਿਆਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਪਰ ਅੱਜ ਜਦ ਤੂੰ ਆਪਣੇ ਹੀ ਆਪ ਧਾਰਮਿਕ ਚਿਨ੍ਹਾਂ 'ਤੇ ਹਮਲਾਵਰ ਹੋਇਆ ਹੈਂ ਤਾਂ ਫਿਰ ਕੀ ਹੁਣ ਇਨ੍ਹਾਂ ਨੂੰ ਬਚਾਣ ਲਈ ਮੀਰ ਮੰਨੂ, ਮੱਸਾ ਰੰਘੜ ਜਾਂ ਔਰੰਗਜ਼ੇਬ ਆਏਗਾ ? ਭਾਈ ਨੰਦ ਲਾਲ ਜੀ ਕਹਿੰਦੇ ਹਨ—ਸ਼ਰਮ ਕਰ, ਹਾਂ, ਸ਼ਰਮ ਕਰ, ਕੁਝ ਸ਼ਰਮ ਕਰ, ਆਪਣੇ ਇਸ ਪੱਥਰ ਵਰਗੇ ਦਿਲ ਨੂੰ ਤੂੰ ਨਰਮ ਕਰ :

ਸ਼ਰਮ ਕੁਨ ਹਾਂ ਸ਼ਰਮ ਕੁਨ ਹਾਂ ਸ਼ਰਮ ਕੁਨ।<br>
ਈਂ ਦਿਲਿ ਚੂੰ ਸੰਗਿ ਖ਼ੁਦ ਰਾ ਨਰਮ ਕੁਨ ॥੪੯॥

ਜੇਕਰ ਤੂੰ ਇਹ ਸੋਚਦਾ ਹੈ ਕਿ ਕੇਸ ਕੱਟਾ ਕੇ ਜਾਂ ਸਿਰ 'ਤੇ ਟੋਪੀ ਪਾ ਕੇ ਤੂੰ ਆਪਣੀ ਪਛਾਣ ਲੁਕਾ ਲਵੇਗਾ ਤਾਂ ਤੂੰ ਬਹੁਤ ਵੱਡੇ ਭੁਲੇਖੇ ਵਿਚ ਹੈ। ਜੇਕਰ ਐਸੀ

ਗੱਲ ਹੋਵੇ ਤਾਂ ਤੇ ਫਿਰ ਸ਼ੀਆ-ਸੁੰਨੀ, ਹਿੰਦੂ-ਮੁਸਲਿਮ, ਮੀਜ਼ੋ-ਕੂਕੀ, ਉੱਚੀਆਂ-ਨੀਵੀਆਂ ਜ਼ਾਤਾਂ ਦੇ ਨਸਲੀ ਫ਼ਸਾਦ ਹੀ ਨਾ ਹੋਣ। ਬਾਹਰੋਂ ਤਾਂ ਆਪਣੀ ਬੋਲੀ, ਕਿਰਦਾਰ, ਕਾਰ-ਵਿਹਾਰ, 'ਅਭਾਖਿਆ ਕਾ ਕੁਠਾ ਬਕਰਾ ਖਾਣਾ', ਗਊ ਬ੍ਰਾਹਮਣ ਤੇ ਟੈਕਸ ਲਾਣਾ, ਸਭ ਸੰਜਮੁ ਤੁਰਕਾਂ ਵਾਲਾ ਅਤੇ ਅੰਦਰ ਵੜ ਕੇ ਚੌਂਕੇ ਦੁਆਲੇ ਲਕੀਰਾਂ ਕੱਢ ਕੇ ਉਸ ਨੂੰ ਸੁੱਚਾ ਕਰਨਾ ਤੇ ਛੁਪ ਕੇ ਠਾਕਰਾਂ ਦੀ ਅੰਤਰ ਪੂਜਾ ਪਾਠ ਕਰਨਾ। ਬਾਬਾ ਜੀ ਨੂੰ ਇਹ ਬਿਲਕੁਲ ਮਨਜ਼ੂਰ ਨਹੀਂ ਸੀ। ਉਨ੍ਹਾਂ ਨੇ ਹੋਕਾਂ ਦੇ ਕੇ ਕਿਹਾ:

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥
ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥੧॥...
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ॥...

(ਗੁਰੂ ਗ੍ਰੰਥ ਸਾਹਿਬ, ਪੰਨਾ ੪੭੧-੭੨)

੧੮੪੯ ਵਿਚ ਸਿੱਖ ਰਾਜ ਦੀ ਸਮਾਪਤੀ ਸਮੇਂ ਪੰਜਾਬ ਵਿਚ ਸਿੱਖਾਂ ਦੀ ਆਬਾਦੀ ਇਕ ਕਰੋੜ ਸੀ ਪਰ ੧੮੬੭ ਵਿਚ ਕੀਤੀ ਮਰਦਮਸ਼ੁਮਾਰੀ ਦੇ ਮੁਤਾਬਿਕ ਇਹ ਗਿਣਤੀ ਘੱਟ ਕੇ ਸਾਢੇ ਗਿਆਰਾਂ ਲੱਖ ਰਹਿ ਗਈ ਸੀ। ਰਾਜ ਧਰਮ ਜਾਂ ਰਾਜੇ ਦੇ ਧਰਮ ਨੂੰ ਅਪਨਾਣ ਦੀ ਪਰਵਿਰਤੀ ਇਕ ਆਮ ਇਨਸਾਨੀ ਕਮਜ਼ੋਰੀ ਹੈ ਉਪਰੰਤ ਅੰਗ੍ਰੇਜ਼ਾਂ ਦੇ ਪੰਜਾਬ 'ਤੇ ਪੂਰੀ ਤਰ੍ਹਾਂ ਕਾਬਜ਼ ਹੋ ਜਾਣ ਦੇ ਬਾਅਦ ੧੮੭੩ ਵਿਚ ਮਿਸ਼ਨਰੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਦਾ ਇਕ ਬੁੰਗਾ ਪੁਜਾਰੀਆਂ ਤੋਂ ਕਿਰਾਏ 'ਤੇ ਲੈ ਕੇ ਉਸ ਵਿਚ ਈਸਾਈਅਤ ਦਾ ਪ੍ਰਚਾਰ ਕਰਨਾ ਆਰੰਭਿਆ। ਇੱਥੇ ਹੀ ਬਸ ਨਹੀਂ ਬਲਕਿ ਉਨ੍ਹਾਂ ਨੇ ਪੁਜਾਰੀਆਂ ਨਾਲ ਮਿਲ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਵੀ ਖਰੀਦ ਕੇ ਇੱਕ ਚਰਚ ਵਿਚ ਤਬਦੀਲ ਕਰਨ ਦੀ ਵਿਉਂਤ ਬਣਾਈ। ਇਸੇ ਸਾਲ ਗੁਰੂ ਰਾਮਦਾਸ ਦੀ ਇਸ ਪਾਵਨ ਨਗਰੀ ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ—ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਤੇ ਸੰਤੋਖ ਸਿੰਘ ਨੇ ਸਰ੍ਹੇਆਮ ਐਲਾਨ ਕੀਤਾ ਕਿ ਉਹ ਇਕ ਆਮ ਜਲਸੇ ਵਿਚ ਕੇਸ ਕਤਲ ਕਰ ਕੇ ਈਸਾਈ ਬਨਣਗੇ। ਸੁਚੇਤ ਕੌਮੀ ਲੀਡਰਸ਼ਿਪ ਵੱਲੋਂ ਇਸ ਦਾ ਪ੍ਰਤੀਕਰਮ ਇਤਨਾ ਤਿੱਖਾ ਅਤੇ ਜ਼ੋਰਦਾਰ ਹੋਇਆ ਕਿ ਪਾਦਰੀਆਂ ਨੂੰ ਇਹ ਪ੍ਰੋਗਰਾਮ ਤਰਕ ਕਰਨਾ ਪਿਆ।

ਪਰ ਇਸ ਦੇ ਬਾਅਦ ਅੰਗ੍ਰੇਜ਼ਾਂ ਨੇ ਪੰਜਾਬ ਅਤੇ ਸਿੱਖਾਂ ਬਾਰੇ ਆਪਣੀ ਪਾਲਿਸੀ ਵਿਚ ਇਕ ਅਹਿਮ ਤਬਦੀਲੀ ਕੀਤੀ ਕਿ ਸਿੱਖਾਂ ਨੂੰ ਧਰਮ ਵਿਚ ਪੱਕਿਆਂ ਕੀਤਾ ਜਾਵੇ ਤੇ ਫਿਰ ਇਨ੍ਹਾਂ ਨੂੰ ਧਰਮ ਦੇ ਨਾਮ 'ਤੇ ਵਫ਼ਾਦਾਰੀ ਦੀ ਸੌਂਹ ਚੁਕਾਈ ਜਾਵੇ। ਉਨ੍ਹਾਂ ਨੇ ਇੱਕ ਗੱਲ ਵੱਲ ਉਚੇਚਾ ਧਿਆਨ ਦਿੱਤਾ ਸੀ ਕਿ ਫ਼ੌਜ ਵਿਚ ਕੋਈ ਪਤਿਤ ਨਾ ਹੋਵੇ। ਫ਼ੌਜ ਵਿਚ ਹਰ ਸਿੱਖ ਨੂੰ ਅੰਮ੍ਰਿਤਪਾਨ ਕਰਨਾ ਲਾਜ਼ਮੀ ਸੀ। ਸਿੱਖ ਫ਼ੌਜੀ ਜਵਾਨਾਂ ਦੀਆਂ ਪਤਲੂਨਾਂ ਉਤਰਵਾ ਕੇ ਉਨ੍ਹਾਂ ਦੇ ਕਛਹਿਰੇ ਚੈਕ ਕੀਤੇ ਜਾਂਦੇ ਸਨ

ਕਿ ਰਹਿਤ ਵਿਚ ਕੋਈ ਢਿੱਲ ਤਾਂ ਨਹੀਂ। ਉਹ ਇਸ ਗੱਲ ਨੂੰ ਮੰਨਦੇ ਸਨ ਕਿ ਜੋ ਆਪਣੇ ਧਰਮ ਦਾ ਵਫ਼ਾਦਾਰ ਨਹੀਂ, ਉਹ ਹੋਰ ਕਿਸੇ ਦਾ ਵਫ਼ਾਦਾਰ ਕਿਸ ਤਰ੍ਹਾਂ ਹੋ ਸਕਦਾ ਹੈ ? ਪਰ ਕਿਤਨੀ ਵਚਿਤ੍ਰ ਗੱਲ ਹੈ ਕਿ ਅੰਗੇਜ਼ਾਂ ਦੇ ਜਾਣ ਦੇ ਨਾਲ ਹੀ ਫ਼ੌਜ ਵਿਚ ਪਤਿਤਪੁਣੇ ਦਾ ਰੁਝਾਨ ਇੱਕ ਫੈਸ਼ਨ ਹੀ ਬਣ ਗਿਆ। ਇਸ ਬਾਰੇ ੨੮ ਮਾਰਚ ੧੯੬੫ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਤਾ ਮਹੱਤਵਪੂਰਨ ਹੈ :

"......ਇਹ ਸਮਾਗਮ ਭਾਰਤ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਜਿਸ ਤਰ੍ਹਾਂ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅੰਗ੍ਰੇਜ਼ ਦੇ ਸਮੇਂ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਫ਼ੌਜਾਂ ਵਿਚ ਭਰਤੀ ਹੋਏ, ਹਰ ਕੇਸਾਧਾਰੀ ਸਿੱਖ ਲਈ ਕੇਸ ਦਾੜ੍ਹੀ ਰੱਖਣਾ ਅਤੇ ਸਿੱਖ ਰਹਿਤ ਮਰਿਆਦਾ ਵਿਚ ਪੱਕੇ ਰਹਿਣਾ ਜ਼ਰੂਰੀ ਸੀ, ਉਸੇ ਤਰ੍ਹਾਂ ਹੁਣ ਭੀ ਭਰਤੀ ਹੋਏ ਸਿੱਖ ਅਫ਼ਸਰ ਅਤੇ ਸਿਪਾਹੀ ਲਈ ਸਿੱਖੀ ਰਹਿਤ ਮਰਿਆਦਾ ਦੀ ਪਾਬੰਦੀ ਲਾਜ਼ਮੀ ਕੀਤੀ ਜਾਵੇ ਅਤੇ ਜਿਸ ਕਿਸੇ ਨੇ ਕਿਤੋਂ ਢਿੱਲ ਕੀਤੀ ਹੋਵੇ, ਉਹ ਢਿੱਲ ਦੂਰ ਕਰਾਈ ਜਾਵੇ।

ਫ਼ੌਜ ਵਿਚ ਰਹਿਤ ਦੀ ਪਰਪੱਕਤਾ ਦਾ ਹਵਾਲਾ ਦੇ ਕੇ ਸ਼੍ਰੋਮਣੀ ਕਮੇਟੀ ਨੇ ੨੨ ਫਰਵਰੀ ੧੯੪੧ ਨੂੰ ਇੱਕ ਮੱਤਾ ਪਾਸ ਕੀਤਾ ਸੀ ਕਿ :

......ਮਹਿਕਮਾਂ ਪੁਲਿਸ ਵਿਚ ਭਰਤੀ ਹੋਏ ਸਿੱਖ ਨੌਜਵਾਨਾਂ ਨੂੰ ਵੀ ਸਿੱਖ ਰੂਲਜ਼ ਆਫ਼ ਕੰਡਕਟ (ਸਿੱਖੀ ਰਹਿਤ ਬਹਿਤ) ਉਸੇ ਤਰ੍ਹਾਂ ਅਬਜ਼ਰਵ ਕਰਾਈ ਜਾਵੇ, ਜਿਸ ਤਰ੍ਹਾਂ ਕਿ ਮਹਿਕਮਾਂ ਫ਼ੌਜ ਵਿਚ ਭਰਤੀ ਸਿੱਖਾਂ ਨੂੰ ਕਰਵਾਈ ਜਾਂਦੀ ਹੈ।

ਇਹ ਮਤਾ ੧੯੪੧ ਵਿਚ ਪਾਸ ਕੀਤਾ ਗਿਆ ਸੀ। ਉਸ ਵੇਲੇ ਹਾਲਤ ਇਤਨੀ ਗੰਭੀਰ ਨਹੀਂ ਸੀ ਪਰ ਅੱਜ ਪੁਲਿਸ ਵਿਚ ਕਿਸੇ ਸਾਬਤ ਸੂਰਤ ਨੂੰ ਵੇਖ ਕੇ ਲੱਗਦਾ ਹੈ, ਜਿਵੇਂ ਸ਼ਾਇਦ ਇਸ ਨੇ ਡਰੈਸ ਕੋਡ ਦੀ ਉਲੰਘਣਾ ਹੀ ਕੀਤੀ ਹੋਵੇ। ਸੋ ਉਕਤ ਮੰਗ ਇੱਕ ਵਿਦੇਸ਼ੀ ਸਰਕਾਰ ਕੋਲੋਂ ਕੀਤੀ ਗਈ ਸੀ। ਪਰ ਹੁਣ ਜਦੋਂ ਕਿ ਭਾਰਤ ਸਰਕਾਰ ਤੇ ਸ਼੍ਰੋਮਣੀ ਕਮੇਟੀ ਕੌਮੀ ਪੱਧਰ 'ਤੇ ਖਾਲਸੇ ਦੀ ਤੀਸਰੀ ਜਨਮ ਸ਼ਤਾਬਦੀ ਦੇ ਉਚੇਚੇ ਸਮਾਗਮ ਕਰ ਰਹੇ ਹਨ, ਆਸ ਕੀਤੀ ਜਾ ਸਕਦੀ ਹੈ ਕਿ ਇਸ ਮੁੱਢਲੀ ਗੱਲ ਵੱਲ ਵਿਸ਼ੇਸ਼ ਧਿਆਨ ਦੇ ਕੇ ਘੱਟੋ-ਘੱਟ ਖਾਲਸੇ ਦੇ ਜ਼ਾਹਿਰਾ ਸਰੂਪ ਨੂੰ ਤਾਂ ਪਰਪੱਕ ਰੱਖਣ ਲਈ ਸਾਰਥਕ ਉਪਰਾਲੇ ਕੀਤੇ ਜਾਣ। ਇਹ ਹੋਰ ਵੀ ਜ਼ਰੂਰੀ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਆਪਣੇ ਪਾਲਿਸੀ ਪ੍ਰੋਗਰਾਮ ਅਤੇ ਮੱਤਿਆਂ ਰਾਹੀਂ ਫ਼ੌਜ ਅਤੇ ਪੁਲਿਸ ਵਿਚ ਰਹਿਤ ਦੀ ਪਰਪੱਕਤਾ ਕਾਇਮ ਕਰਨ ਲਈ ਆਪਣੇ ਨੂੰ ਕਈ ਵਾਰ ਵਚਨ-ਬੱਧ ਕਰ ਚੁੱਕਾ ਹੈ।

ਗੁਰੂ ਨਾਨਕ ਸਾਹਿਬ ਜੀ, ਗੁਰੂ ਅਮਰ ਦਾਸ ਜੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਗੁਰੂ ਤੇਗ਼ ਬਹਾਦਰ ਸਹਿਬ ਜੀ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਸੰਬਧਿਤ ਕਈ-ਕਈ ਸ਼ਤਾਬਦੀਆਂ ਮਨਾਨ ਦੇ ਬਾਅਦ ਵੀ ਮੁੱਢਲੇ ਮਸਲੇ ਪਤਿਤਪੁਣੇ ਨੂੰ ਠੱਲ ਪਾਨ ਵਿਚ ਕਿਤਨੇ ਕੁ ਕਾਮਯਾਬ ਹੋਏ ਹਾਂ, ਚਿੰਤਾ ਦਾ ਵਿਸ਼ਾ ਹੈ। ਇਸ ਸਿਲਸਿਲੇ ਵਿਚ ਕਈ ਆਗੂਆਂ ਦਾ ਅਵੇਸਲਾਪਨ ਅਤੇ ਆਪਣੇ ਫ਼ਰਜ਼ ਦੀ ਕੋਤਾਹੀ ਅਤੇ

ਦੀਦਾਰੀ ਤੌਰ 'ਤੇ ਵੀ ਮਰਿਆਦਾ ਦੀ ਪਾਲਨਾ ਨਾ ਕਰਨਾ ਵੀ ਇਕ ਵੱਡਾ ਕਾਰਨ ਹੈ, ਜੋ ਇਸ ਤ੍ਰਾਸਦੀ ਅਤੇ ਅਵੱਸਥਾ ਲਈ ਜ਼ਿੰਮੇਵਾਰ ਹੈ। ਖਾਲਸੇ ਦੀ ਇਸ ਤੀਸਰੀ ਸ਼ਤਾਬਦੀ ਦੇ ਜਸ਼ਨਾਂ ਦੇ ਪਹੁ-ਫੁਟਾਲੇ 'ਤੇ ਕੀ ਆਸ ਕੀਤੀ ਜਾਵੇ ਕਿ ਸ਼ਾਹਾਨਾ ਜਸ਼ਨਾਂ, ਜਲੂਸਾਂ, ਮੇਲਿਆਂ, ਜੈਕਾਰਿਆਂ ਅਤੇ ਨਗਾਰਿਆਂ ਦੀ ਗੂੰਜ ਦੇ ਵਿਚਕਾਰ ਖਾਲਸੇ ਦੇ ਇਸ ਲਹੂ-ਲੁਹਾਨ ਹੋਏ ਸਰੂਪ ਦੀ ਵੀ ਕੋਈ ਸਾਰ ਲਈ ਜਾਵੇਗੀ ? ੧੯੬੨ ਦੀ ਹਿੰਦ-ਚੀਨ ਜੰਗ ਵਿਚ ਹਿੰਦੁਸਤਾਨ ਦੇ ਹੋਏ ਨੁਕਸਾਨ 'ਤੇ ਕਿਸੇ ਸ਼ਾਇਰ ਨੇ ਆਪਣੇ ਜਜ਼ਬਾਤ ਪ੍ਰਗਟ ਕੀਤੇ ਸਨ, ਕੀ ਅੱਜ ਇਹ ਸਾਡੀ ਹਾਲਤ ਦੀ ਤਰਜਮਾਨੀ ਨਹੀਂ ਕਰਦੇ ?

ਤੂ ਇਧਰ ਉਧਰ ਕੀ ਬ਼ਾਤ ਨਾ ਕਰ।
ਯਹ ਬਤਾ ਕਿ ਕਾਫ਼ਲਾ ਲੁਟਾ ਕਿਉਂ।
ਹਮੇਂ ਰਾਹਜ਼ਨੀ ਕਾ ਗ਼ਮ ਨਹੀਂ।
ਤੇਰੀ ਰਹਬਰੀ ਕਾ ਸਵਾਲ ਹੈ।

ਜੇਕਰ ਦੇਸ਼ ਦੇ ਝੰਡੇ, ਨਿਸ਼ਾਨ ਜਾਂ ਕੌਮੀ ਚਿੰਨ੍ਹ ਦੀ ਕੋਈ ਨਿਰਾਦਰੀ ਕਰੇ, ਇਸ ਦੀ ਕਟਾ-ਵੱਢੀ ਕਰੇ ਤਾਂ ਇਹ ਇੱਕ ਦੰਡ ਯੋਗ ਅਪਰਾਧ ਮੰਨਿਆਂ ਜਾਂਦਾ ਹੈ। ਇਸੇ ਤਰ੍ਹਾਂ ਕਿਸੇ ਦੇ ਧਾਰਮਿਕ ਜਜ਼ਬਾਤ ਜਾਂ ਅਕੀਦੇ ਦੀ ਤੌਹੀਨ ਵੀ ਕ਼ਾਨੂੰਨੀ ਅਪਰਾਧ ਹੈ। ਤਾਂ ਫਿਰ ਕੀ ਆਪਣੇ ਆਪ ਨੂੰ ਸਿੱਖ ਅਖਵਾਣ ਵਾਲੇ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਿੰਨ੍ਹਾਂ ਦੀ ਸ਼ਰੇਆਮ ਨਿਰਾਦਰੀ ਕਰਨ ਦੀ ਛੋਟ ਹੋਣੀ ਚਾਹੀਦੀ ਹੈ ?

ਬਾਬਾ ਜੀ ਨੇ ਕਿਹਾ ਕਿ ਜੋ ਤੂੰ ਅੰਦਰੋਂ ਹੈ ਉਹ ਬਾਹਰੋ ਬਣ :

ਜੀਅਹੁ ਨਿਰਮਲ ਬਾਹਰਹੁ ਨਿਰਮਲ ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ...॥ (ਪੰਨਾ ੯੧੯)

ਵਾਲੀ ਅਵੱਸਥਾ ਬਣਾ। ਭਾਈ ਨੰਦ ਲਾਲ ਜੀ ਬਿਆਨ ਕਰਦੇ ਹਨ ਕਿ ਮੈਂ ਗੁਰੂ ਦਾ ਗ਼ੁਲਾਮ, ਗੁਰੂ ਦਾ ਕੂਕਰ ਹਾਂ ਪਰ ਮੈਂ ਆਵਾਰਾ ਕੁੱਤਾ ਨਹੀਂ ਹਾਂ। ਮੇਰਾ ਮਸਤਕ ਗੁਰੂ ਦੇ ਨਾਮ ਨਾਲ ਦਾਗਿਆ ਗਿਆ ਹੈ, ਜਿਵੇਂ ਗ਼ੁਲਾਮਾਂ ਨੂੰ ਦਾਗ ਦਿੱਤਾ ਜਾਂਦਾ ਸੀ,

"ਲਾਲ ਸੱਗ ਗੁਲਾਮ ਗੁਰੂ ਗੋਬਿੰਦ ਸਿੰਘ।
ਦਾਗ ਦਾਰੇ ਨਾਮ ਗੁਰ ਗੋਬਿੰਦ ਸਿੰਘ।"

ਗੁਰਬਾਣੀ ਨੇ ਸਪਸ਼ਟ ਕੀਤਾ ਹੈ ਕਿ ਨਿਭੇਗਾ ਉਹੀ ਜੋ ਦਾਗਿਆ ਗਿਆ ਹੈ। ਜਿਸ ਦੇ ਸਿਰ 'ਤੇ ਗੁਰ ਦੀ ਨਿਸ਼ਾਨੀ, ਮੋਹਰ, ਕੇਸ ਹਨ :

ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ॥ (ਪੰਨਾ ੯੭੦)

ਸਿੰਘ ਅਖਵਾਣ ਜਾਂ ਸ਼ੇਰ ਦੀ ਸ਼ਰਣ ਵਿਚ ਜਾਣ ਦਾ ਫ਼ਾਇਦਾ ਹੀ ਕੀ ਹੈ ਜੇ ਗਿੱਦੜ ਕੋਲੋਂ ਡਰਨਾ ਹੈ:

ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ (ਪੰਨਾ ੮੫੮)

ਭਾਈ ਜੈਤਾ ਨੇ ਨੌਂ ਸਾਲ ਦੀ ਅਵੱਸਥਾ ਦੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ

ਜਦੋਂ ਖ਼ਬਰ ਦਿੱਤੀ ਕਿ ਜਿਸ ਵੇਲੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਚਾਂਦਨੀ ਚੌਂਕ ਦਿੱਲੀ ਵਿਚ ਸ਼ਹੀਦ ਕੀਤਾ ਗਿਆ, ਕੋਈ ਵੀ ਨਿੱਤਰ ਕੇ ਸਾਹਮਣੇ ਨਾ ਆਇਆ ਕਿ ਮੈਂ ਸਿੱਖ ਹਾਂ। ਤਾਂ ਕਲਗੀਆਂ ਵਾਲੇ ਨੇ ਉਸ ਵੇਲੇ ਬਦਲਾਂ ਦੀ ਗਰਜਵੀਂ ਆਵਾਜ਼ ਵਿਚ ਕਿਹਾ ਕਿ ਹੁਣ ਮੈਂ ਐਸਾ ਖਾਲਸਾ ਪ੍ਰਗਟ ਕਰਾਗਾ ਜੋ ਲੱਖਾਂ ਵਿਚ ਇਕੱਲਾ ਵੀ ਪਛਾਣਿਆ ਜਾਵੇਗਾ। ਜਿਸ ਤਰ੍ਹਾਂ ਬਗਲਿਆਂ ਵਿਚ ਹੰਸ, ਖੱਚਰਾਂ ਵਿਚ ਘੋੜਾ ਅਤੇ ਹਿਰਨਾਂ ਵਿਚ ਸ਼ੇਰ ਨਹੀਂ ਲੁੱਕ ਸਕਦਾ, ਉਸੇ ਤਰ੍ਹਾਂ ਸੰਸਾਰ ਵਿਚ ਖਾਲਸਾ ਛੁਪ ਨਹੀਂ ਸਕੇਗਾ :

ਸ੍ਰੀ ਗੋਬਿੰਦ ਸਿੰਘ ਸੁਨਿ ਕਰਿ ਐਸੇ ।
ਗਰਜਤਿ ਬੋਲੇ ਜਲਧਰ ਜੈਸੇ ।
ਇਸ ਬਿਧਿ ਕੋ ਅਬ੍ਰਿ ਪੰਥ ਬਨਾਵੌਂ ।
ਸਕਲ ਜਗਤ ਮਹਿਂ ਬਹੁ ਬਿਦਤਾਵੌਂ ॥੮॥
ਲਾਖਹੁੰ ਜਗ ਕੇ ਨਰ ਇੱਕਥਾਇੰ ।
ਤਿਨ ਮਹਿਂ ਮਿਲੇ ਏਕ ਸਿੱਖ ਜਾਇ ।
ਸਭਿ ਮਹਿਂ ਪ੍ਰਥਕ ਪਛਾਨਜੋ ਪਰੈ ।
ਰਲੈ ਨ ਕਜਹੂੰ ਕੈ ਸਿਹੁੰ ਕਰੈ ॥੯॥
ਜਥਾ ਬਕਨ ਮਹਿਂ ਹੰਸ ਨ ਛਪੈ ।
ਗ੍ਰਿਝਨਿ ਬਿਖੈ ਮੋਰ ਜਿਮ ਦਿਪੈ ।
ਜਜੋਂ ਖਰਗਨ ਮਹਿਂ ਬਲੀ ਤੁਰੰਗ ।
ਜਥਾ ਮ੍ਰਿਗਨਿ ਮਹਿਂ ਕੇਹਰਿ ਅੰਗ ॥੧੦॥
ਤਿਮ ਨਾਨਾ ਭੇਖਨ ਕੇ ਮਾਹਿਂ ।
ਮਮ ਸਿੱਖ ਕੋ ਸਗਲੇ ਪਰਖਾਹਿਂ ।

(ਰਿਤੁ ੧ ਅੰਸੂ ੭)

ਗੁਰੂ ਗੋਬਿੰਦ ਸਿੰਘ ਜੀ ਕੇਵਲ ਨੌਂ ਸ਼ਾਲ ਦੇ ਸਨ, ਜਦੋਂ ਆਪ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਨਾਲ ਨਿਵਾਜਿਆ ਗਿਆ ਅਤੇ ਕਿਤਨਾ ਵਚਿੱਤਰ ਸੰਜੋਗ ਹੈ ਕਿ ਖਾਲਸੇ ਦੀ ਆਯੂ ਵੀ ਕੇਵਲ ਨੌਂ ਸਾਲ ਦੀ ਹੀ ਸੀ ਕਿ ਕਲਗੀਧਰ ਪਿਤਾ ਇਸ ਨੂੰ ਗੁਰੂ ਪੰਥ ਦਾ ਰੁਤਬਾ ਦੇ ਕੇ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਕੇ ਜੋਤੀ-ਜੋਤਿ ਸਮਾ ਗਏ।

੧੯੮੪ ਦੇ ਘੱਲੂਘਾਰੇ ਨੇ ਕਈ ਕੱਚੇ ਪਿੱਲਿਆਂ ਨੂੰ ਸਿੱਖੀ ਤੋਂ ਭੱਜਣ ਦਾ ਬਹਾਨਾ ਵੀ ਦਿੱਤਾ ਹੈ। ਜਿਵੇਂ ਕੋਈ ਪਤਿਤ ਹੋਇਆ ਕਹਿ ਰਿਹਾ ਸੀ, "ਗਿਆਨੀ ਜੀ! ਮੈਂ ਤਾਂ ਮਰਦਾਂ ਮਰਦਾ ਮਰਦਾ ਬਚਿਆ ਹਾਂ।" ਅੱਗੋਂ ਗਿਆਨੀ ਜੀ ਨੇ ਜਵਾਬ ਦਿੱਤਾ ਸੀ, "ਵੇਖੀ ਕਿਤੇ ਬਚਦਾ-ਬਚਦਾ ਨਾ ਮਾਰਿਆ ਜਾਈਂ।"

ਗੁਰੂ ਦੇ ਇਸ ਹੁਕਮ ਨੂੰ ਮੰਨਣ ਵਿਚ ਤੈਨੂੰ ਜੋ ਤਕਲੀਫ ਹੁੰਦੀ ਹੈ, ਉਸ ਦਾ ਵਾਕਈ ਮੈਨੂੰ ਅਹਿਸਾਸ ਹੈ ਪਰ ਤੂੰ ਘੱਟੋ-ਘੱਟ ਇਹ ਦਲੀਲ ਤਾਂ ਨਾ ਦੇ ਕਿ ਗੁਰੂ ਸਾਹਿਬ ਨੇ ਇਹ ਹੁਕਮ ਵਕਤ ਦੇ ਮੁਤਾਬਿਕ ਦਿੱਤੇ ਸਨ ਪਰ ਹੁਣ ਜ਼ਮਾਨਾ ਬਦਲ ਗਿਆ ਹੈ।

ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਤੋਂ ਗੁਰੂ ਕਲਗੀਧਰ ਪਿਤਾ ਦੇ ਜੋਤੀ ਜੋਤਿ ਸਮਾਉਣ ਦਾ ਵਕਫਾ ਤਕਰੀਬਨ ੨੫੦ ਵਰ੍ਹੇ ਦਾ ਹੈ ਅਤੇ ਤਕਰੀਬਨ ਇਨ੍ਹਾਂ ਹੀ ਸਮਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਜੋਤੀ-ਜੋਤਿ ਸਮਾਇਆਂ ਹੋਇਆ ਹੈ ਪਰ ਜੇਕਰ ਇਸ ਵਕਫ਼ੇ ਕਾਰਨ ਦਸਮ ਪਿਤਾ ਦੇ ਸਿਦਕ, ਨਿਸਚੇ, ਵਿਸ਼ਵਾਸ ਅਤੇ ਦ੍ਰਿੜਤਾ 'ਚ ਘਾਟ ਨਹੀਂ ਆਈ ਤਾਂ ਕੀ ਅਸੀਂ ਹੀ ਇਤਨੀ ਅਕ੍ਰਿਤਘਣਤਾ ਵਿਚ ਨਿੱਘਰ ਗਏ ਹਾਂ ਕਿ ਸਾਨੂੰ ਜ਼ਮਾਨਾ ਬਦਲਿਆ ਨਜ਼ਰ ਆਉਂਦਾ ਹੈ। ਬਿਨਾਂ ਸਿਦਕ ਦੇ ਸਿੱਖੀ ਰਹਿ ਹੀ ਨਹੀਂ ਸਕਦੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਇਕ ਮਜ਼ਾਵਰ ਨੂੰ ਇਹੀ ਕਿਹਾ ਸੀ, 'ਬੇ ਸਿਦਕ ਬੂਏ ਗੰਦ ਆਮਦ, ਮੰਦ ਆਮਦ।' ਬੇ-ਅਦਬ ਆਬਿਦ ਕਦੀ ਵੀ ਮੰਜ਼ਿਲੇ ਮਕੂਸਦ 'ਤੇ ਨਹੀਂ ਪਹੁੰਚ ਸਕਦਾ।

ਯਾਦ ਰੱਖੀਂ ਕਿ ਸਿੱਖ ਹੋ ਕੇ ਕੇਸਾਂ ਦੀ ਬੇਅਦਬੀ ਕਰਨ ਵਾਲਾ ਸਹਿਜਧਾਰੀ ਜਾਂ ਕਲੀਨ-ਸੇਵਨ ਸਿੱਖ ਨਹੀਂ ਹੈ ਬਲਕਿ ਗੁਰੂ ਤੋਂ ਨਾਤਾ ਤੋੜ ਚੁੱਕਾ ਬੇਮੁਖ ਹੋਇਆ ਪਤਿਤ ਹੈ। ਸਿੱਖੀ ਲਈ ਬੇ-ਅਮਲ ਆਲਿਮ ਅਤੇ ਬੇ-ਇਲਮ ਆਦਿਬ ਦੋਵੇਂ ਹੀ ਘਾਤਕ ਹਨ। ਸਿੱਖ ਸ਼ਬਦਾਵਲੀ ਜੋ ਕਿ ਰਹਿਤਨਾਮੀਆਂ ਅਤੇ ਖਾਲਸਾ ਜੀ ਕੇ ਬੋਲਿਆਂ ਅੰਦਰ ਸੁਰੱਖਿਅਤ ਹੈ, ਵਿਚ ਪਤਿਤ ਲਈ 'ਸਿਰ-ਗੁੰਮ', 'ਸਿਰ-ਘੱਸਾ' ਜਾਂ 'ਵੇਹਲੇ ਸਿਰ ਵਾਲਾ' ਲਫ਼ਜ਼ ਹੈ। ਚੂੰਕਿ ਪੁਰਾਣੇ ਸਮੇਂ ਵਿਚ ਸਿਰ ਮੁਨਾਣ ਨਾਲੋਂ ਸਿਰ ਕਟਾਣ ਨੂੰ ਤਰਜੀਹ ਦਿੱਤੀ ਜਾਂਦੀ ਸੀ, ਜੋ ਸਿੱਖ ਹੋ ਕੇ ਕੇਸ ਕਤਲ ਕਰਵਾ ਲੈਂਦਾ ਸੀ, ਉਸ ਨੂੰ ਸਿਰ-ਗੁੰਮ ਕਿਹਾ ਜਾਂਦਾ ਸੀ, ਯਾਨਿ ਕਿ ਇਸ ਦਾ ਸਿਰ ਗਵਾਚ ਗਿਆ ਹੈ। ਉਰਦੂ ਦੇ ਤਿੱਖੇ ਅਫਸਾਨਾ-ਨਿਗਾਰ ਸਆਦਤ ਹਸਨ ਮੰਟੋ ਨੇ ਇੱਕ ਬਹੁਤ ਹੀ ਵਿਅੰਗਮਈ ਛੋਟੀ ਜਿਹੀ ਕਹਾਣੀ ਲਿਖੀ ਸੀ ਕਿ ਦੇਸ਼ ਦੇ ਬਟਵਾਰੇ ਸਮੇਂ ਦੰਗਾ ਕਰ ਰਹੇ ਇੱਕ ਮੁਸਲਮਾਨ ਕੋਲੋਂ ਜਦੋਂ ਮਿਲਟਰੀ ਨੇ ਉਸ ਦਾ ਉਸਤਰਾ ਖੋਹਿਆ ਤਾਂ ਉਹ ਚੀਖ਼-ਚੀਖ਼ ਕੇ ਕਹਿਣ ਲੱਗ ਪਿਆ, "ਮੇਰਾ ਉਸਤਰਾ ਵਾਪਸ ਦੇ ਦਿਉ, ਮੈਂ ਸਿੱਖ ਬਣਨ ਲਈ ਬਿਲਕੁਲ ਤਿਆਰ ਨਹੀਂ।" ਤਾਂ ਤੇ ਫਿਰ ਕੀ ਤੇਰੀ ਪਤਿਤਪੁਣੇ ਅਤੇ ਮਨਮੁੱਖਤਾ ਦੀ ਹੋਂਦ ਇਸ 'ਉਸਤਰੇ' ਜਾਂ 'ਨਾਈਆਂ' 'ਤੇ ਹੀ ਟਿਕੀ ਹੈ? ਪਤਿਤ ਤਾਂ ਫਿਰ ਨਾਈਆਂ ਦੀ ਹੀ ਉਪਜ ਹੋਏ। ਜੇ ਇਹ ਸਹੀ ਹੈ ਤਾਂ ਫਿਰ ਤੈਨੂੰ ਬਾਊ, ਭਈਆ ਜੀ, ਲਾਲਾ ਜੀ, ਜਾਂ ਮੀਆਂ ਜੀ ਕਹਿ ਕੇ ਮੁਖਾਤਬ ਕਰੇ।

ਵਾਜਬੁਲ ਅਰਜ਼ ਜਾਂ 'ਰਹਿਤਨਾਮਾ ਸਹਿਜਧਾਰੀਆਂ ਕਾ' ਵਿਚ ਸਾਫ ਅੰਕਤ ਹੈ ਕਿ ਸਹਿਜਧਾਰੀਆਂ ਨੇ ਬੇਨਤੀ ਕੀਤੀ ਸੀ ਕਿ ਉਹ ਸਹਿਜੇ-ਸਹਿਜੇ ਤਿਆਰ-ਬਰ-ਤਿਆਰ ਹੋ ਜਾਣਗੇ। ਗੁਰੂ ਸਾਹਿਬ ਵੱਲੋਂ ਖ਼ਾਸ ਹੁਕਮ ਹੋਇਆ, ਦਸਖ਼ਤ ਹੋਏ ਕਿ ਹੋਰ ਕ੍ਰਿਆ ਕਰਮ ਕਰਤੂਤ ਦੇਸ ਚਾਲ ਮੁਤਾਬਕ ਕਰ ਲੈਣੇ ਪਰ ਚਿਹਰੇ ਦੇ ਕੇਸ ਸਾਬਤ ਰੱਖਣੇ ਕਿਉਂਕਿ ਕਿਸੇ ਵੀ ਸਿੱਖ ਦਾ ਚਿਹਰਾ ਗੁਰੂ ਦਾ ਖ਼ਾਸ ਰੂਪ ਹੈ ਅਤੇ ਨਾਲ ਹੀ ਹੁਕਮ ਕੀਤਾ ਕਿ ਸਹਿਜਧਾਰੀ ਵੀ ਆਪਣੇ ਬੇਟੇ ਦਾ ਭੱਦਣ ਉਸਤਰੇ ਨਾਲ ਨਾ ਕਰਨ ਬਲਕਿ ਸਹਿਜਧਾਰੀਆਂ ਦੇ ਬੇਟੇ ਨੂੰ ਪਾਹੁਲ ਦੇਣੀ। ਤੂੰ ਭਾਈ ਕਾਨ੍ਹ ਸਿੰਘ ਜੀ ਰਚਿਤ ਮਹਾਨ ਕੋਸ਼ ਜ਼ਰੂਰ ਵੇਖੀਂ, ਉਸ ਵਿਚ ਵੀ ਜੋ ਸਹਿਜਧਾਰੀ ਦੀ ਤਸਵੀਰ ਦਿੱਤੀ ਹੈ, ਉਸ ਦੀ ਦਸਤਾਰ ਸਜਾਈ ਹੋਈ ਹੈ ਅਤੇ ਚਿਹਰੇ 'ਤੇ ਦਾੜ੍ਹਾ

ਅਤੇ ਮੁੱਛਾਂ ਬਿਲਕੁਲ ਪੂਰੀਆਂ ਹਨ। ਇਹ ਹੈ ਗੁਰਮਤਿ ਵਿਚ ਸਹਿਜਧਾਰੀ ਦਾ ਸੰਕਲਪ।

ਗੁਰੂ ਦੀ ਇਸ ਮੋਹਰ ਦਾ ਸਤਿਕਾਰ ਹਰ ਸਿੱਖ ਦਾ ਮੁੱਢਲਾ ਫ਼ਰਜ਼ ਹੈ। ਕੀ ਤੂੰ ਇਸ ਸਾਖੀ ਦੀ ਮਹੱਤਤਾ ਅਤੇ ਕੇਸਾਂ ਦੀ ਕੀਮਤ ਸਮਝ ਸਕਦਾ ਹੈਂ! ਜਦੋਂ ਆਪਣੇ ਤਿੰਨ ਪੁੱਤਰਾਂ ਅਤੇ ਸੈਂਕੜੇ ਮੁਰੀਦਾਂ ਨੂੰ ਗੁਰੂ ਤੋਂ ਕੁਰਬਾਨ ਕਰਨ ਵਾਲੇ ਸਢੌਰੇ ਦੇ ਪੀਰ ਬਦਰੂਦੀਨ ਸਾਹਿਬ ਜੀ ਜੋ ਨਿਮਰਤਾ ਕਾਰਨ ਆਪਣੇ ਆਪ ਨੂੰ ਬੁੱਧੂ ਸ਼ਾਹ ਕਹਿ ਕੇ ਪ੍ਰਸੰਨ ਹੁੰਦੇ ਸਨ, ਨੇ ਕਲਗੀਧਰ ਪਿਤਾ ਨੂੰ ਕਿਹਾ ਸੀ, "ਹੇ ਗੁਰੂ ਗਰੀਬ ਨਿਵਾਜ ! ਜੇ ਤਰੁੱਠੇ ਹੋ ਤਾਂ ਕਿਰਪਾ ਕਰ ਆਪਣੇ ਕੰਘੇ ਵਿਚ ਲਿਪਟੇ ਇਹ ਕੇਸ ਮੈਨੂੰ ਬਖ਼ਸ਼ਿਸ਼ ਕਰ ਦੇਵੋ।" ਸਾਹਿਬਾਂ ਨੇ ਕੰਘੇ ਸਮੇਤ ਉਹ ਪਾਵਨ ਕੇਸ ਪੀਰ ਜੀ ਨੂੰ ਸਿਰੋਪਾਉ ਵਜੋਂ ਬਖ਼ਸ਼ ਦਿੱਤੇ। ਪੀਰ ਬੁੱਧੂ ਸ਼ਾਹ ਦੇ ਪਰਿਵਾਰ ਨੇ ਕਲਗੀਧਰ ਦੀ ਇਹ ਦਾਤ ਅੱਜ ਵੀ ਸਾਂਭ ਕੇ ਰੱਖੀ ਹੈ ਤੇ ਤੂੰ ਆਪਣੇ ਆਪ ਨੂੰ ਗੁਰੂ ਦਾ ਸਿੱਖ ਅਖਵਾਂਦਾ ਹੋਇਆ ਇਨ੍ਹਾਂ ਪਾਵਨ ਕੇਸਾਂ ਨੂੰ ਭਾਰ ਸਮਝ ਰਿਹਾ ਹੈਂ ?

ਬਾਨੀ-ਏ-ਇਸਲਾਮ ਹਜ਼ਰਤ ਮੁਹੰਮਦ ਸਾਹਿਬ ਦਾ ਇਹ ਵਾਲ ਜਿਸ ਨੂੰ ਇਸਲਾਮਿਕ ਜਗਤ ਸਤਿਕਾਰ ਨਾਲ "ਮੋਇ ਮੁਬਾਰਕ" ਕਹਿ ਕੇ ਯਾਦ ਕਰਦਾ ਹੈ, ਕਸ਼ਮੀਰ ਦੀ ਹਜ਼ਰਤ ਬੱਲ ਦਰਗਾਹ ਵਿਚ ਅਜੇ ਵੀ ਸਾਂਭਿਆ ਪਿਆ ਹੈ। ਪਿੱਛੇ ਜਿਹੇ ਇਹ ਇਕ ਕੇਸ ਓਥੋਂ ਚੋਰੀ ਹੋ ਗਿਆ। ਇਸ ਨਾਲ ਨਾ ਕੇਵਲ ਸਾਰੇ ਕਸ਼ਮੀਰ ਦੀਆਂ ਬਰਫ਼ਾਂ ਨੂੰ ਅੱਗ ਲੱਗ ਗਈ ਬਲਕਿ ਸਾਰੇ ਇਸਲਾਮਿਕ ਜਗਤ ਵਿਚ ਇਸ ਦਾ ਤਿੱਖਾ ਪ੍ਰਤੀਕਰਮ ਹੋਇਆ। ਆਖ਼ਿਰ ਇਹ ਵਾਲ ਸਹੀ-ਸਲਾਮਤ ਲੱਭ ਪੈਣ ਦੇ ਬਾਅਦ ਹੀ ਅਮਨ ਬਹਾਲ ਹੋਇਆ।

ਇੱਕ ਦਫ਼ਾ ਔਰੰਗਜ਼ੇਬ ਦੇ ਦਰਬਾਰ ਵਿਚ ਕੁਰਾਨ ਦੀ ਕਿਸੇ ਆਇਤ ਦਾ ਅਰਥ ਮੁਲਾਣੇ ਵੀ ਨਾ ਕਰ ਸਕੇ ਤਾਂ ਭਾਈ ਨੰਦ ਲਾਲ ਨੇ ਐਸੀ ਵਿਆਖਿਆ ਕੀਤੀ ਕਿ ਸਾਰੇ ਅਸ਼-ਅਸ਼ ਕਰ ਉਠੇ। ਔਰੰਗਜ਼ੇਬ ਨੇ ਇਨ੍ਹਾਂ ਨੂੰ 'ਮੁੱਲਾਂ ਗੋਯਾ' ਕਹਿ ਕੇ ਮੁਖਾਤਬ ਕੀਤਾ। ਸੋ ਆਪ ਜੀ ਵਿਦਵਤਾ ਦੇ ਮਿਆਰ ਦਾ ਸਤਿਕਾਰ ਕਰਦਿਆਂ ਔਰੰਗਜ਼ੇਬ ਜਿਹੇ ਮੁੱਤਸਬੀ ਦੀਨਦਾਰ ਨੇ ਵੀ ਆਪ ਦੇ ਹਿੰਦੂ ਹੋਣ ਦੇ ਬਾਵਜੂਦ ਆਪਣੇ ਸ਼ਹਿਜ਼ਾਦੇ ਬਹਾਦਰ ਸ਼ਾਹ ਦੀ ਪੜ੍ਹਾਈ ਅਤੇ ਦੇਖ-ਰੇਖ ਦੀ ਜ਼ਿੰਮੇਵਾਰੀ ਸੌਂਪੀ। ਅੱਜ ਜੇਕਰ ਕੋਈ ਜ਼ਰਾ ਜਿਹੇ ਵੱਡੇ ਅਫ਼ਸਰ ਜਾਂ ਵਜ਼ੀਰ ਦਾ ਨਜ਼ਦੀਕੀ ਹੋਵੇ ਤਾਂ ਉਸ ਦੀ ਆਕੜ ਹੀ ਮਾਣ ਨਹੀਂ ਹੁੰਦੀ ਤਾਂ ਫਿਰ ਭਾਈ ਨੰਦ ਲਾਲ ਦੀ ਅਵੱਸਥਾ ਸਹਿਜੇ ਹੀ ਅਨਮਾਨੀ ਜਾ ਸਕਦੀ ਹੈ ਪਰ ਆਪ 'ਤੇ ਕਲਗੀਧਰ ਪਿਤਾ ਦੀ ਮਿਹਰ ਦੀ ਨਜ਼ਰ ਪਈ। ਨਾਨਕ ਨਦਰਿ ਨਿਹਾਲ ਹੋ ਗਏ। ਔਰੰਗਜ਼ੇਬ ਨੂੰ ਸ਼ਹਿਨਸ਼ਾਹ, ਪਰ ਕਲਗੀਧਰ ਪਿਤਾ ਬਾਰੇ ਕਹਿ ਰਹੇ ਹਨ, 'ਸ਼ਾਹਿ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ।' ਗੁਰੂ ਗੋਬਿੰਦ ਸਿੰਘ ਸਹਿਨਸ਼ਾਹਾਂ ਦਾ ਵੀ ਸ਼ਾਹ ਹੈ। ਭਾਈ ਸਾਹਿਬ ਨੂੰ ਪੁੱਛਿਆ ਗਿਆ ਸੀ ਕਿ ਹਰ ਸਖ਼ਸ਼ ਦੀ ਕੀਮਤ ਹੈ, ਗੁਰੂ ਗੋਬਿੰਦ ਸਿੰਘ ਦੀ ਕੀ ਕੀਮਤ ਹੈ ? ਭਾਈ ਨੰਦ ਲਾਲ ਜੀ ਫ਼ੁਰਮਾਂਦੇ ਹਨ ਕਿ ਕਿਸੇ ਵਸਤੂ ਦੀ ਵੱਧ ਤੋਂ ਵੱਧ ਕੀਮਤ ਉਹ ਹੁੰਦੀ ਹੈ ਜੋ ਖਰੀਦਣ ਵਾਲਾ ਦੇ ਸਕੇ।

ਕੋਈ ਇਨਸਾਨ ਵੱਧ ਤੋਂ ਵੱਧ ਕੀਮਤ ਕੀ ਅਦਾ ਕਰ ਸਕਦਾ ਹੈ ? ਜ਼ਿੰਦਗੀ ਭਰ ਦੀ ਗ਼ੁਲਾਮੀ ? ਹਾਂ ਇਸ ਤੋਂ ਵੱਧ ਇੱਕ ਹੋਰ ਕੀਮਤ ਹੈ, ਅਣਦੇਖੇ ਅਗਲੇ ਜਹਾਨ ਦੀ ਵੀ ਗ਼ੁਲਾਮੀ। ਇਨ੍ਹਾਂ ਦੋਹਾਂ ਜਹਾਨਾਂ ਦੀ ਗ਼ੁਲਾਮੀ ਤੋਂ ਵੱਧ ਕੀਮਤ ਕੋਈ ਅਦਾ ਨਹੀਂ ਕਰ ਸਕਦਾ। ਭਾਈ ਸਾਹਿਬ ਫ਼ੁਰਮਾਂਦੇ ਹਨ ਕਿ ਮੈਂ ਗੁਰੂ ਗੋਬਿੰਦ ਸਿੰਘ ਦੀ ਕੀਮਤ ਤਾਂ ਨਹੀਂ ਅਦਾ ਕਰ ਸਕਦਾ, ਹਾਂ ਜੇਕਰ ਮੈਨੂੰ ਆਪਣੇ ਇਸ ਯਾਰ ਦੇ ਕੇਸਾਂ ਦੀ ਇੱਕ ਤਾਰ ਮਿਲ ਜਾਏ ਤਾਂ ਮੈਂ ਆਪਣੇ ਦੋਵੇਂ ਜਹਾਨ ਇਸ ਤੋਂ ਕੁਰਬਾਨ ਕਰਨ ਨੂੰ ਤਿਆਰ ਹਾਂ। 'ਹਰ ਦੋ ਆਲਮ ਕੀਮਤੇ ਯੱਕ ਤਾਰਿ ਮੂਏ ਯਾਰਿ ਮਾਂ' ਭਾਈ ਨੰਦ ਲਾਲ ਜੀ 'ਤੇ ਬਖ਼ਸ਼ਿਸ਼ ਕਰਦਿਆਂ ਕਲਗੀਧਰ ਪਿਤਾ ਨੇ ਜੋ ਰਹਿਤਾਂ ਭਾਈ ਨੰਦ ਲਾਲ ਜੀ ਨੂੰ ਲਿਖਵਾਈਆਂ, ਉਸ ਨੂੰ ਕਲਮਬੰਦ ਕਰਦਿਆਂ ਭਾਈ ਸਾਹਿਬ ਨੇ ਆਪਣੇ ਰਹਿਤਨਾਮੇ ਵਿਚ ਅੰਕਤ ਕੀਤਾ ਹੈ, 'ਬਚਨ ਹੈ ਸ੍ਰੀ ਗੁਰੂ ਜੀ ਕਾ ਕਿ ਜੋ ਕੋਈ ਸਿੱਖ ਦਾ ਬੇਟਾ ਹੋਇ ਔਰ ਮੋਨਾ ਹੋਇ ਜਾਵੇ, ਤਿਸ ਕੀ ਜੜ੍ਹ ਸੁੱਕੀ ਔਰ ਜੋ ਮੋਨਾ, ਸਿੱਖ ਹੋਇ ਜਾਵੇ ਇਸ ਕੀ ਜੜ੍ਹ ਹਰੀ।" ਕਲਗੀਧਰ ਪਿਤਾ ਲਈ ਭਾਈ ਸਾਹਿਬ ਦੀ ਪ੍ਰੇਮ ਸ਼ਰਧਾ ਅਤੇ ਦ੍ਰਿੜ੍ਹਤਾ ਉਨ੍ਹਾਂ ਦੀ ਵਸੀਅਤ ਤੋਂ ਜ਼ਾਹਿਰ ਹੁੰਦੀ ਹੈ, ਜਦੋਂ ਆਪ ਜੀ ਫ਼ੁਰਮਾਂਦੇ ਹਨ ਕਿ, "ਐ ਹਵਾ, ਮੇਰੇ ਮਰਨ ਤੋਂ ਬਾਦ ਮੇਰੀ ਮਿੱਟੀ ਨੂੰ ਮੇਰੇ ਯਾਰ ਦੇ ਦਰ ਤੋਂ ਉਡਾ ਕੇ ਕਿਧਰੇ ਹੋਰ ਨਾ ਲੈ ਜਾਈਂ। ਨਹੀਂ ਤਾਂ ਦੁਸ਼ਮਣ ਮਿਹਣੇ ਮਾਰਨਗੇ ਕਿ ਇਸ ਦੀ ਮਿੱਟੀ ਵੀ ਜਗ੍ਹਾ-ਜਗ੍ਹਾ ਰੁਲਦੀ ਫਿਰਦੀ ਹੈ।" ਭਾਈ ਨੰਦ ਲਾਲ ਜੀ ਕਹਿੰਦੇ ਹਨ :

ਮਬਰ ਐ ਬਾਦ ਖ਼ਾਕਮ ਅਜ਼ ਦਰਿ ਦੂਸਤ।
ਦੁਸ਼ਮਨਮ ਸਰਜ਼ਨਮ ਕੁਨਦ ਕਿ ਹਰ ਜਾਈਸਤ।

ਇਸ ਸਰੀਰ ਵਾਹਿਗੁਰੂ ਦੀ ਜੋਤਿ ਹੈ ਇਸੇ ਲਈ ਪਾਵਨ ਹੁਕਮ ਹੈ, 'ਹਰਿ-ਮੰਦਿਰ ਇਹੁ ਸਰੀਰ ਹੈ' ਪ੍ਰੋ. ਪੂਰਨ ਸਿੰਘ ਨੇ ਮਨੁੱਖਾ ਦੇਹੀ ਬਾਰੇ ਜੋ ਵਿਚਾਰ ਦਿੱਤੇ ਹਨ, ਉਹ ਬੇਸ਼ਕੀਮਤੀ ਸਰਮਾਇਆ ਹਨ ਅਤੇ ਇਨ੍ਹਾਂ ਨੂੰ ਸੰਭਾਲਣ ਦੀ ਲੋੜ ਹੈ—

"ਉਹ ਜੀਵਨ ਜਿਸ ਨੂੰ ਦੂਰ ਥੀਂ ਦੱਸਣ ਵਾਸਤੇ ਮਨੁੱਖਾ ਜੀਵਨ ਦੀ ਜੜ੍ਹ ਪੁਟ ਦਿੱਤੀ, ਹਠ-ਯੋਗ ਕਰਾ-ਕਰਾ ਸਾੜ ਸੁਟੀ, ਬਿੰਦ ਰਖਾ ਰਖਾ ਅਨੰਤ ਨਏ ਪਾਪਾਂ ਦਾ ਆਦਿ ਕੀਤਾ, ਮਰਦਾਂ ਥੀਂ ਅਮਰਦ ਬਣਾ ਘਤੇ, ਰੱਬ ਨੇ ਕੰਨ ਦਿੱਤੇ ਇਨ੍ਹਾਂ ਫੜਵਾ ਦਿੱਤੇ, ਰੱਬ ਨੇ ਕੇਸ ਦਿੱਤੇ ਇਨ੍ਹਾਂ ਮੁਨਵਾ ਦਿੱਤੇ, ਰੱਬ ਨੇ ਰਸਨਾਂ ਦਿੱਤੀ ਇਨ੍ਹਾਂ ਮੌਨ ਕਰਾ ਦਿੱਤੀ, ਰੱਬ ਨੇ ਸਰੀਰ ਦਿੱਤਾ ਇਨ੍ਹਾਂ ਖਾਕ ਰੁਲਾਯਾ.........ਇਹ ਤਾਂ ਮਨੁੱਖਾ ਦੇਹੀ ਦਾ ਹਾਲ ਦੀਨ ਵਾਲਿਆਂ ਨੇ ਕੀਤਾ। ਗੰਦੀਆਂ ਲੀਰਾਂ ਵਿਚ ਲਪੇਟਿਆਂ ਗੰਦੇ ਪਾਣੀ ਛਕਾਏ, ਧੂੜਾਂ ਵਿਚ ਰੁਲਾਇਆ, ਮੈਲੇ ਨਾਲ ਭਰ ਭਰੀਕੇ ਪਵਿਤਰਤਾ ਦਾ ਸਬੂਤ ਦਿੱਤਾ। ਹਾਂ ਜੀ ਤੱਕੋ ਨਾ ਬ੍ਰਿਛ ਬੂਟੇ, ਨਦੀ, ਪਹਾੜ ਨਾ ਈਸਾਈ ਨਾ ਮੂਸਾਈ ਨਾ ਹਿੰਦੂ ਨਾ ਮੁਸਲਮਾਨ ਨਾ ਦੀਨਦਾਰ ਨਾ ਕਾਫਰ, ਆਪਣੇ ਰੱਬੀ ਚਿੰਨ੍ਹਾਂ ਵਿਚ ਸੱਜੇ ਖੜੋਤੇ ਹਨ, ਆਦਮੀ ਨੇ ਕੇ ਕਸੂਰ ਕੀਤਾ ਹੈ ਜੋ ਲੋਹੇ ਤਪਾ-ਤਪਾ ਦੀਨ ਨੇ ਇਸ ਦੇ ਸਿਰਾਂ, ਮੱਥਿਆਂ, ਬਾਹਾਂ, ਨੱਕਾਂ, ਕੰਨਾਂ ਤੇ ਸਥਲਿਆਂ ਤੇ ਮੋਹਰਾਂ ਲਾ ਦਿੱਤੀਆਂ।.......ਸਤਿਗੁਰੂ ਨੇ ਹੁਕਮ ਕੀਤਾ, ਇਹ ਦੇਹ ਰੱਬੀ ਹੱਥਾਂ ਨਾਲ ਸਜੀ ਹੈ, ਕੋਈ ਚਿੰਨ੍ਹ ਨਾ ਲਾਓ ਜੋ ਜੋ

ਰੱਬੀ ਦਾਤ ਹੈ ਉਸ ਨੂੰ ਸੰਵਾਰ ਕੇ ਰੱਖੋ, ਸਜਾ ਕੇ ਰੱਖੋ ਤੇ ਹਾਂ ਜੀ ਖ਼ੂਬ ਸਜਾ ਕੇ ਰੱਖੋ, ਬਣਾ ਤਣਾ ਕੇ ਰੱਖੋ, ਜਿਹੜੀ ਚੀਜ਼ ਪ੍ਰੀਤਮ ਜੀ ਦੀ ਹੋਵੇ ਉਹਨੂੰ ਕਿਉਂ ਮਾੜਾ ਮਾੜਾ ਆਖ ਨਿਰਾਦਰ ਕਰਨਾ ਤੇ ਖਵਾਰ ਕਰਨਾ ! ਹੁਕਮ ਹੋਯਾ ਸਿੰਘਾਂ ਦੇ ਸਰੀਰ ਸਦਾ ਸੱਜੇ, ਰੱਜੇ, ਕੱਜੇ ਰਹਿਣ। ਹਾਂ ਜੀ ਇਸ ਗੁਰਮੁਖ ਦੇਹ ਨੂੰ ਸਤਿਗੁਰੂ ਜੀ ਨੇ ਆਪ ਦਸ ਵੇਰੀ ਧਾਰਨ ਕਰਕੇ ਸਦਾ ਲਈ ਨਿਵਾਜ ਦਿੱਤਾ। ਮੈਨੂੰ ਇਹ ਦੇਹ ਪਿਆਰੀ ਲੱਗਦੀ ਹੈ, ਹਾਂ ਜੀ ਅੰਗ ਅੰਗ ਪਿਆਰਾ ਲੱਗਦਾ ਹੈ, ਹਾਂ ਜੀ ਅੰਗ ਅੰਗ ਪੋਟਾ-ਪੋਟਾ ਹਰਿਮੰਦਰ ਦੀਆਂ ਸੰਗਮਰਮਰ ਦੀਆਂ ਪਉੜੀਆਂ ਤੇ ਫਰਸ਼ ਦਿਸਦੇ ਹਨ, ਮਥਾ ਟੇਕਣ 'ਤੇ ਸਦਾ ਜੀ ਕਰਦਾ ਹੈ। ਮਨੁੱਖਾਦੇਹੀ ਸੋਹਣੀ ਕਰ ਦਿੱਤੀ।"

ਭਾਈ ਤਾਰੂ ਸਿੰਘ ਜੀ, ਜਿਨ੍ਹਾਂ ਦੇ ਹਵਾਲੇ ਨਾਲ ਮੈਂ ਤੈਨੂੰ ਇਹ ਖ਼ਤ ਲਿਖਿਆ ਹੈ ਉਨ੍ਹਾਂ ਦੀ ਸ਼ਹਾਦਤ ਸਾਡੇ ਲਈ ਇੱਕ ਚਾਨਣ-ਮੁਨਾਰਾ ਹੈ ਜੋ ਰਹਿੰਦੀ ਦੁਨੀਆਂ ਤਾਈਂ ਸਾਡਾ ਮਾਰਗ ਰੌਸ਼ਨ ਕਰੇਗੀ। ਭਾਈ ਸਾਹਿਬ ਨੇ ਆਪਣਾ ਆਪ ਗੁਰੂ ਨੂੰ ਸਮਰਪਣ ਕਰਕੇ ਸਿੱਖੀ ਕੇਸਾਂ-ਸਵਾਸਾਂ ਸੰਗ ਨਿਬਾਹੁਣ ਦੀ ਅਰਦਾਸ ਕੀਤੀ ਸੀ। ਬਿਰਦ ਬਾਣੇ ਦੀ ਲਾਜ ਦਾ ਜ਼ਾਮਨ ਗੁਰੂ ਹੈ। ਨਤੀਜਾ ਭਾਈ ਸਾਹਿਬ ਦੇ ਕੇਸ ਲੋਹੇ ਦੀਆਂ ਤਾਰਾਂ ਤੋਂ ਵੀ ਸਖ਼ਤ ਹੋ ਗਏ :

ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥
ਚਰਨ ਕਮਲ ਚਿਤੁ ਰਹਿਓ ਸਮਾਇ ॥ (ਪੰਨਾ ੧੧੬੨)

ਅਖ਼ੀਰ ਭਾਈ ਸਾਹਿਬ ਦੀ ਖੋਪਰੀ ਉਤਾਰ ਦਿੱਤੀ ਗਈ ਅਤੇ ਸਿੱਖ ਦੀ ਸਿੱਖੀ ਉਸ ਦੇ ਕੇਸਾਂ-ਸਵਾਸਾਂ ਸੰਗ ਨਿਭ ਗਈ ਪਰ ਤੂੰ ਹਰ ਕੀ ਵਡਿਆਈ, ਉਸ ਦਾ ਨਿਆ ਵੇਖ ਕਿ ਭਾਈ ਸਾਹਿਬ ਦੀ ਖੋਪਰੀ ਉਤਾਰਨ ਦਾ ਹੁਕਮ ਦੇਣ ਦੇ ਬਾਅਦ ਗਵਰਨਰ ਜ਼ਕਰੀਆ ਖ਼ਾਨ ਦਾ ਪਿਸ਼ਾਬ ਬੰਦ ਹੋ ਗਿਆ।

ਇਤਨਾਂ ਕੁਝ ਕਹਿ ਕੇ ਕੀ ਮੈਂ ਆਸ ਕਰਾਂ ਕਿ ਤੂੰ ਅੱਜ ਜਿਸ ਦੋਰਾਹੇ 'ਤੇ ਖੜਾ ਹੈ, ਜਿਥੋਂ ਇੱਕ ਰਸਤਾ ਕਲਗੀਧਰ ਪਿਤਾ ਵੱਲ ਜਾਂਦਾ ਹੈ ਅਤੇ ਦੂਸਰਾ ਔਰੰਗਜ਼ੇਬ ਵੱਲ। ਚੋਣ ਤੇਰੇ ਹੱਥ ਹੈ :

ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥
(ਪੰਨਾ ੧੩)

ਅਖ਼ੀਰ ਵਿਚ ਤੇਰਾ ਇੱਕ ਸ਼ੱਕ ਜੋ ਦਲੀਲ ਤਾਂ ਬਿਲਕੁਲ ਨਹੀਂ ਅਲਬੱਤਾ ਹੁੱਜਤ ਜ਼ਰੂਰ ਹੈ ਕਿ ਜੇਕਰ ਕੇਸ ਕਟਾਣੇ ਮਨ੍ਹਾ ਹਨ, ਤਾਂ ਨਾਖੁਨ ਕਿਉਂ ਨਹੀਂ, ਉਸ ਬਾਰੇ ਵੀ ਗੱਲ ਕਰਨੀ ਜ਼ਰੂਰੀ ਹੈ।

ਸਭ ਤੋਂ ਪਹਿਲੀ ਗੱਲ ਜੋ ਧਿਆਨ ਵਿਚ ਰੱਖਣ ਵਾਲੀ ਹੈ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕੇਵਲ ਗੁਰੂ ਨਾਨਕ ਸਾਹਿਬ ਦੇ ਪੰਥ ਨੂੰ ਹੀ ਅੱਗੇ ਤੋਰਿਆ ਹੈ। ਗੁਰੂ ਨਾਨਕ ਪਾਤਸ਼ਾਹ ਨੇ ਜੋ ਮੁੱਢਲੇ ਅਸੂਲ ਦਿੱਤੇ, ਉਨ੍ਹਾਂ ਵਿਚ ਮੁੱਖ ਸੀ, ਕਿਰਤ ਕਰਨੀ। ਇਸ ਤੋਂ ਕਿਸੇ ਨੂੰ ਵੀ ਮਾਫ਼ੀ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵਾਨਤ ਸਾਰੇ ਦੇ ਸਾਰੇ

ਭਗਤ, ਗੁਰੂ ਸਾਹਿਬ ਦੇ ਸਾਰੇ ਦੇ ਸਾਰੇ ਸਿੱਖ ਅਤੇ ਪੰਜ ਪਿਆਰੇ ਕਿਰਤੀ ਸਨ। ਜੋ ਕਿਰਤੀ ਨਹੀਂ ਹੈ ਤੇ ਮਖੱਟੂ ਹੈ, ਗੁਰੂ ਘਰ ਵਿਚ ਪ੍ਰਵਾਨ ਹੀ ਨਹੀਂ। ਹੁਣ ਗੱਲ ਬੜੀ ਸਿੱਧੀ ਅਤੇ ਛੇਤੀ ਸਮਝ ਆ ਜਾਣ ਵਾਲੀ ਹੈ ਕਿ ਜੋ ਨਾਖੁਨ ਨਹੀਂ ਕਟਾਏਗਾ ਅਤੇ ਇਨ੍ਹਾਂ ਦੇ ਬੇਤਰਤੀਬੀ ਵਾਧੇ ਨੂੰ ਰੋਕੇਗਾ ਨਹੀਂ, ਉਹ ਕਿਸੇ ਵੀ ਕਿਸਮ ਦੀ ਕਿਰਤ ਤਾਂ ਦੂਰ ਆਪਣੀ ਕਿਰਿਆ ਵੀ ਨਹੀਂ ਸੋਧ ਸਕੇਗਾ। ਉਸ ਦੀ ਇੱਕੋ ਇੱਕ ਕਿਰਤ ਰਹਿ ਜਾਏਗੀ, ਆਪਣੇ ਨਾਖੁਨਾਂ ਨੂੰ ਹੀ ਵੇਖੀ ਜਾਣਾ ਗੁਰਮਤਿ ਨੂੰ ਇਹ ਬਿਲਕੁਲ ਹੀ ਮਨਜ਼ੂਰ ਨਹੀਂ, ਵੈਸੇ ਇੱਕ ਗੱਲ ਵੇਖਣ ਵਾਲੀ ਹੈ ਕਿ ਜਿਹੜੇ ਹੱਥੀਂ ਕਿਰਤ ਕਰਦੇ ਹਨ, ਉਨ੍ਹਾਂ ਦੇ ਨਾਖੁਨ ਵੱਧਦੇ ਹੀ ਨਹੀਂ। ਇੱਕ ਕਹਾਵਤ ਵੀ ਹੈ ਕਿ ਨਹੁੰ-ਮਾਸ ਦਾ ਰਿਸ਼ਤਾ ਹੁੰਦਾ ਹੈ ਪਰ ਕੱਟਿਆ ਉਸੇ ਨਾਖੁਨ ਨੂੰ ਹੈ ਜੋ ਆਪਣਾ ਰਿਸ਼ਤਾ ਮਾਸ ਤੋਂ ਤੋੜ ਦਿੰਦਾ ਹੈ। ਗੁਰੂ ਅਤੇ ਸਿੱਖ ਦਾ ਰਿਸ਼ਤਾ ਵੀ ਨਹੁੰ-ਮਾਸ ਦਾ ਹੀ ਹੈ ਤੇ ਕੀ ਤੂੰ ਆਪਣਾ ਰਿਸ਼ਤਾ ਗੁਰੂ ਨਾਲੋਂ ਨਹੀਂ ਤੋੜ ਦਿੱਤਾ ?

ਹਾਂ ਇਹ ਸਹੀ ਹੈ ਕਿ ਵਿਸ਼ਨੂੰ ਦੇ ਚੌਵੀ ਅਵਤਾਰਾਂ ਵਿੱਚੋਂ ਇੱਕ ਅਵਤਾਰ ਹੋਇਆ ਹੈ ਦੱਤਾਤ੍ਰੇਯ। ਉਸ ਦਾ ਮੱਤ ਸੀ ਕਿ ਨਾਖੁਨ ਨਹੀਂ ਕਟਾਣੇ। ਇਕ ਕਥਾਕਾਰ ਇੱਕ ਵਾਰ ਕਥਾ ਕਰਦਿਆਂ-ਕਰਦਿਆਂ ਬੋਲੇ, "ਸਾਧ ਸੰਗਤ ਜੀ ! ਦੱਤਾਤ੍ਰੇਯ ਅਵਤਾਰ ਨੇ ਹੁਕਮ ਕੀਤਾ ਸੀ ਕਿ ਨਾਖੁਨ ਨਹੀਂ ਕਟਾਣੇ। ਦੱਤਾਤ੍ਰੇਯ ਦੇ ਪੈਰੋਕਾਰਾਂ ਨੇ ਵੀ ਉਸ ਨੂੰ ਭੁਲਾ ਦਿੱਤਾ ਪਰ ਇਹ ਜਿਹੜੀ ਬੀਬੀ ਮੱਥਾ ਟੇਕਣ ਆਈ ਹੈ, ਤੁਸੀਂ ਇਸ ਦੇ ਨਾਖੁਨ ਵੇਖੋ। ਜੇ ਅੱਜ ਦੱਤਾਤ੍ਰੇਯ ਹੁੰਦਾ, ਕਿੰਨਾ ਖੁਸ਼ ਹੋਣਾ ਸੀ ਕਿ ਮੇਰੀ ਅੱਲ-ਔਲਾਦ ਅਜੇ ਚੱਲ ਰਹੀ ਹੈ।" ਸੋ ਜੇਕਰ ਤੂੰ ਦੱਤਾਤ੍ਰੇਯ ਦਾ ਮਾਰਗ ਹੀ ਫੜਨਾ ਚਾਹੁੰਦਾ ਹੈਂ ਤਾਂ ਤੇਰੀ ਖੁਸ਼ੀ।

ਇੱਕ ਗੱਲ ਹੋਰ। ਰੱਬ ਨੇ ਦੋ ਕਿਸਮ ਦੇ ਜੀਵ-ਜੰਤ ਬਣਾਏ ਹਨ—ਦਰਿੰਦੇ ਅਤੇ ਪਰਿੰਦੇ। ਦਰਿੰਦੇ ਉਹ ਹਨ ਜੋ ਆਪਣੇ ਨਾਖੁਨ ਅਤੇ ਤਿੱਖੀਆਂ ਦਾੜ੍ਹਾਂ ਨਾਲ ਆਪਣੇ ਸ਼ਿਕਾਰ ਦਾ ਪੇਟ ਫਾੜ ਦਿੰਦੇ ਹਨ ਯਾਨਿ ਕਿ ਉਸ ਨੂੰ ਬਿਦਾਰ ਦਿੰਦੇ ਹਨ। ਸਿੱਖ ਦੀ ਅਰਦਾਸ ਵੀ ਹੈ, ਹੇ ਵਾਹਿਗੁਰੂ ! ਸਾਕਤ, ਨਿੰਦਕ ਅਤੇ ਦੁਸ਼ਟਾਂ ਦਾ ਪੇਟ ਫਾੜ ਦੇ। 'ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨ', ਪਟਨਾ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਤਿੱਖੇ ਨਾਖੁਨਾਂ ਵਰਗਾ ਇੱਕ ਸ਼ਸਤ੍ਰ ਹੈ, ਜਿਸ ਦਾ ਨਾਮ ਹੈ ਬਾਘਨਖੀ। ਮਿਥਿਹਾਸ ਵਿਚ ਵੀ ਅੱਧਾ ਨਰ ਅਤੇ ਅੱਧੇ ਸ਼ੇਰ ਵਾਲੇ ਨਰ-ਸਿੰਘ ਨੇ ਹਰਨਾਖਸ਼ ਦਾ ਪੇਟ ਆਪਣੇ ਨਾਖੁਨਾਂ ਨਾਲ ਚਾਕ ਕਰ ਦਿੱਤਾ ਸੀ। ਪਾਵਨ ਗੁਰੂ ਗ੍ਰੰਥ ਸਾਹਿਬ ਵਿਚ ਇਸ ਬਾਰੇ ਜ਼ਿਕਰ ਆਇਆ ਹੈ :

ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ
ਹਰਨਾਖਸੁ ਨਖ ਬਿਦਰਿਓ ॥੩॥

(ਗੁਰੂ ਗ੍ਰੰਥ ਸਾਹਿਬ, ਪੰਨਾ ੯੫੬)

ਦੈਵੀ-ਬਿਰਤੀ ਦੇ ਚਿੰਨ੍ਹ ਕੇਸ ਅਤੇ ਅਸੁਰੀ ਬਿਰਤੀ ਦੇ ਚਿੰਨ੍ਹ ਤਿੱਖੇ ਲੰਬੇ ਨਾਖੁਨ ਮੰਨੇ ਗਏ ਹਨ। ਗੁਰੂ ਸਾਹਿਬ ਤਾਂ ਹਰ ਮਾਣਸ ਨੂੰ ਦੇਵਤਾ ਬਣਾਣਾ ਲੋਚਦੇ ਹਨ

ਪਰ ਜੇਕਰ ਕਿਸੇ ਨੇ ਫ਼ੈਸਲਾ ਹੀ ਕਰ ਲਿਆ ਹੈ, ਮੁੜ ਥੱਲੇ ਵੱਲ ਜਾਣ ਦਾ ਤਾਂ ਕੀ ਕੀਤਾ ਜਾ ਸਕਦਾ ਹੈ ? ਵੈਸੇ ਹਰ ਗੰਜੇ ਲਈ ਇੱਕ ਦੁਆ ਹਰ ਕੋਈ ਕਰਦਾ ਹੈ ਕਿ "ਖੁਦਾ ਗੰਜੇ ਕੋ ਨਾਖੁਨ ਨਾ ਦੇ।"

ਸੋ ਖਾਲਸੇ ਦੀ ਤੀਜੀ ਸ਼ਤਾਬਦੀ ਦੇ ਮੌਕੇ 'ਤੇ ਜਾਣੇ ਜਾਂ ਅਣਜਾਣੇ ਵਿਚ ਹੋਈਆਂ ਭੁੱਲਾਂ ਦੀ ਦਰੁਸਤੀ ਕਰਕੇ ਗੁਰੂ ਦੀ ਮੋਹਰ ਪ੍ਰਤੀ ਇੱਕ ਵਾਰ ਫਿਰ ਦ੍ਰਿੜ੍ਹ ਅਤੇ ਸਮਰਪਤ ਹੋਈਏ। ਨਾਲ ਹੀ ਆਪਣੇ ਵੱਲੋਂ ਦਿੱਤਾ ਹੋਇਆ ਬੇਦਾਵਾ ਪੜਵਾਣ ਦਾ ਇਹ ਇੱਕ ਇਤਿਹਾਸਕ ਅਵਸਰ ਹੈ। ਅਸੀਂ ਉਸ ਦੀਨ-ਦੁਨੀਆਂ ਦੇ ਵਾਲੀ ਦੇ ਵਾਰਿਸ਼ ਦੀ ਕੋਸ਼ਿਸ਼ ਕਰੀਏ, ਲਾ-ਵਾਰਿਸ਼ ਨਾ ਬਣੀਏ। ਕੇਸ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਇਹ ਇਕ ਐਸੀ ਬਖ਼ਸ਼ਿਸ਼ ਹੈ, ਜਿਸ ਨੂੰ ਧਾਰਨ ਕਰਕੇ ਇੱਕ ਬਾਲਕ ਸ਼ਹਿਜ਼ਾਦਾ ਨਜ਼ਰ ਆਂਦਾ ਹੈ, ਇੱਕ ਨੌਜਵਾਨ ਸਿਪਾਹਸਾਲਾਰ ਅਤੇ ਇਕ ਬਜ਼ੁਰਗ ਸੰਤ ਦਿਸਦਾ ਹੈ। ਸੋ ਨੀਲੇ ਘੋੜੇ ਦਾ ਸ਼ਾਹ-ਅਸਵਾਰ ਸਿੱਖੀ-ਸਵਾਸਾਂ-ਕੇਸਾਂ ਸਵਾਸਾਂ ਸੰਗ ਨਿਬਾਹੁਣ ਵਿਚ ਅੰਗ-ਸੰਗ ਸਹਾਈ ਹੋਵੇ।

ਯਾਦ ਰੱਖੀਂ ਤੇਰੇ ਮਨ ਵਿਚ ਕਦੀ ਇਹ ਖ਼ਿਆਲ ਨਾ ਆਏ ਕਿ ਹੁਣ ਦੇਰ ਬਹੁਤ ਹੋ ਗਈ ਹੈ। ਸ਼ਾਮ ਪੈਣ ਤੋਂ ਪਹਿਲਾਂ ਜੇ ਕਰ ਮਾਰਗ ਤੋਂ ਭੁੱਲਾ ਘਰ ਵਾਪਸ ਆ ਜਾਏ ਤਾਂ ਉਸ ਨੂੰ ਭੁੱਲਿਆ ਨਹੀਂ ਕਿਹਾ ਜਾਂਦਾ। ਇਨਸਾਨ ਦੀ ਅਸਲ ਉਮਰ ਉਦੋਂ ਤੋਂ ਆਰੰਭ ਹੁੰਦੀ ਹੈ, ਜਦੋਂ ਉਹ ਗੁਰੂ ਦੇ ਮਾਰਗ 'ਤੇ ਪੈਰ ਧਰਦਾ ਹੈ। ਸਤਿਗੁਰੂ ਸੱਚੇ ਪਾਤਸ਼ਾਹ ਗੁਰੂ ਅਮਰ ਦਾਸ ਜੀ ਦੀ ਮਿਸਾਲ ਸਾਡੇ ਸਾਹਮਣੇ ਹੈ। ਭਾਈ ਨੰਦ ਲਾਲ ਜੀ ਦੂਜੇ ਨੂੰ ਵੀ ਜਦੋਂ ਇਹ ਯਾਦ ਕਰਵਾਇਆ ਗਿਆ ਕਿ ਹੁਣ ਇਸ ਵਡੇਰੀ ਉਮਰ ਵਿਚ ਆਪ ਐਸੀਆਂ ਗੱਲਾਂ ਕਰ ਰਹੇ ਹੋ ਪਰ ਆਪ ਜੀ ਦੀ ਪਹਿਲੀ ਜ਼ਿੰਦਗੀ ਤਾਂ ਇਸ ਦੇ ਐਨ ਉਲਟ ਸੀ। ਭਾਈ ਸਾਹਿਬ ਦਾ ਜਵਾਬ ਸੇਧ ਬਖ਼ਸ਼ਦਾ ਹੈ :

ਇੱਕ ਦਿਹਾੜੇ ਸਤਿਗੁਰ ਪਾਸੋਂ, ਅਸਾਂ ਪ੍ਰੇਮ ਸੁਰਾਹੀ ਪੀਤੀ।
ਭਾਇ ਅਸਾਡੇ ਲਿਖੀ ਫਕੀਰੀ, ਸੋ ਮਸਤਕ ਧਰਿ ਲੀਤੀ।
ਪਿਛਲੀ ਉਮਰ ਗੁਨਾਹੀਂ ਬੀਤੀ, ਹਰਿ ਕੀ ਭਗਤਿ ਨ ਕੀਤੀ।
ਆਗੇ ਸਮਝ ਚਲਹੁ ਨੰਦ ਲਾਲਾ ਪਾਛੇ, ਜੋ ਬੀਤੀ ਸੋ ਬੀਤੀ।

ਅਖ਼ੀਰ ਵਿਚ ਮੈਂ ਤੇਰਾ ਧੰਨਵਾਦ ਕਰਨਾ ਜ਼ਰੂਰੀ ਸਮਝਦਾ ਹਾਂ ਕਿ ਘੱਟੋਂ ਘੱਟ ਤੂੰ ਮੇਰੀ ਗੱਲ ਤਾਂ ਸੁਣਨ ਦੀ ਤਕਲੀਫ਼ ਕੀਤੀ ਹੈ। ਗੁਰੂ ਬਖ਼ਸਿਸ਼ ਕਰੇ ਕਿ ਇਹ ਚਿਣਗ ਜੋ ਤੇਰੇ ਅੰਦਰ ਧੁੱਖ ਰਹੀ ਹੈ, ਮੁੜ ਜਵਾਲਾ ਬਣੇ ਅਤੇ ਇਹ ਤੇਰੀ ਘਰ ਵਾਪਸੀ ਲਈ ਪਹਿਲਾ ਕਦਮ ਹੋ ਨਿਬੜੇ :

ਬੇਨਮਾਜ਼ੋਂ ਮੇਂ ਹੈਂ ਵੋਹ ਔਰ ਇਸ ਪੇ ਸ਼ਰਮਾਤੇ ਨਹੀਂ।
ਯਹਿ ਗਨੀਮਤ ਹੈ ਕੋਈ ਟੋਕੇ ਤੋ ਗਰਮਾਤੇ ਨਹੀਂ।

ਗੁਰੂ ਅਮਰ ਦਾਸ ਸਾਹਿਬ ਜੀ ਦਾ ਫ਼ੁਰਮਾਨ ਹੈ:

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥

ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ॥
(ਪੰਨਾ ੬੦੧)

ਸੋ ਅਖ਼ੀਰ ਵਿਚ ਤੈਨੂੰ ਇੱਕ ਗੁਜ਼ਾਰਿਸ਼ ਹੈ ਕਿ ਤੂੰ ਇਸ ਦਸਤਾਵੇਜ਼ ਨੂੰ ਧਿਆਨ ਨਾਲ ਪੜ੍ਹ, ਸੋਚ ਅਤੇ ਵਿਚਾਰ ਕੇ ਇਸ ਖ਼ਤ ਦਾ ਜਵਾਬ ਜ਼ਰੂਰ ਦੇਵੀਂ। ਜੇਕਰ ਇਸ ਵਿਚ ਬਿਆਨ ਕੀਤੀ ਦਾਸਤਾਨ ਗੁਰਮਤਿ ਅਨੁਸਾਰ ਸਹੀ ਹੈ ਤਾਂ ਫਿਰ ਤੂੰ ਹੁੱਜਤ ਦਾ ਤਿਆਗ ਕਰਕੇ ਇਸ ਨੂੰ ਮੰਨ ਲੈ ਅਤੇ ਅਮਲ ਕਰ। ਭਾਈ ਨੰਦ ਲਾਲ ਜੀ ਕਹਿੰਦੇ ਹਨ ਕਿ ਸਾਡੇ ਮਾਰਗ ਵਿਚ ਹੁੱਜਤ ਦੀ ਕੋਈ ਥਾਂ ਹੀ ਨਹੀਂ ਹੈ। ਸੋ ਤੂੰ ਹੀਲ-ਹੁੱਜਤ ਛੱਡ ਕੇ ਉਸ ਦੇ ਦਰ 'ਤੇ ਢਹਿ ਪੈ :

ਫਿਦਾਇ ਊ ਸ਼ੌ ਵ ਉਜਰੇ ਕਖ਼ਾਹ ਐ ਗੋਯਾ,
ਕਿ ਦਰ ਤਰੀਕਤਿ-ਮਾਜਾਇ ਉਜ਼ਰ ਖ਼ਾਹੀ ਨੀਸਤ।

ਹਾਂ ਜੇਕਰ ਤੈਨੂੰ ਇਸ ਵਿਚ ਕੋਈ ਗੱਲ ਗੁਰੂ ਦੀ ਮੱਤ ਦੇ ਉਲਟ ਲੱਗਦੀ ਹੈ ਜਾਂ ਤੈਨੂੰ ਸਹੀ ਮਾਇਨੇ ਵਿਚ ਕੋਈ ਦੁਬਿਧਾ, ਸ਼ੰਕਾ ਜਾਂ ਭੁਲੇਖਾ ਹੈ ਤਾਂ ਤੂੰ ਨਿਝੱਕ ਹੋ ਕੇ ਬਾਰੇ ਸਾਨੂੰ ਲਿਖਣ ਦੀ ਤਕਲੀਫ਼ ਜ਼ਰੂਰ ਕਰੀਂ। ਗੁਰੂ ਦੇ ਵਿਚਾਰਾਂ ਦੀ ਰੋਸ਼ਨੀ ਵਿਚ ਅਸੀਂ ਤੇਰੇ ਨਾਲ ਵਿਚਾਰ ਸਾਂਝੇ ਕਰਾਂਗੇ। ਇਸ ਆਸ਼ੇ ਨਾਲ ਆਸ ਅਤੇ ਅਰਦਾਸ ਹੈ ਕਿ ਇਕ ਵਾਰ ਫਿਰ ਤੂੰ ਮੌਕਾ ਦੇਵੇਂਗਾ ਕਿ ਤੈਨੂੰ ਮੁਖ਼ਾਤਬ ਕਰ ਕੇ ਕਹਿ ਸਕੀਏ!

ਤੇਰਾ ਆਪਣਾ ਗੁਰ ਭਾਈ, ਤੇਰਾ ਵੀਰ।


✡ ✡ ✡



ਗੁਰਦੁਆਰਾ ਜਨਮ ਅਸਥਾਨ
ਭਾਈ ਤਾਰੂ ਸਿੰਘ ਜੀ ਪਿੰਡ ਪੂਹਲਾ (ਅੰਮ੍ਰਿਤਸਰ)
(ਉਸਾਰੀ ਅਧੀਨ)

ਇਕ ਤੋ ਕਦੇ ਨ ਕੇਸ ਕਟਾਵੈ। ਰਚਨਾ ਪ੍ਰਭੁ ਕੀ ਮਾਨਿ ਰਖਾਵੈ।
ਰਾਖਹੁ ਕਛ ਕੇਸ ਕ੍ਰਿਪਾਨ। ਸਿੰਘ ਨਾਮ ਕੋ ਇਹੋ ਨਿਸ਼ਾਨ।

(ਗਿ: ਗਿਆਨ ਸਿੰਘ, ਪੰਥ ਪ੍ਰਕਾਸ਼ )



ਗੁਰਦੁਆਰਾ ਸ਼ਹੀਦ ਗੰਜ ਭਾਈ ਤਾਰੂ ਸਿੰਘ ਜੀ, ਲਾਹੌਰ (ਪਾਕਿਸਤਾਨ)